ਮੰਗਲਵਾਰ, 26 ਸਤੰਬਰ, 2023

10 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 116

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • TUESDAY, 26 SEPTEMBER, 2023 ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਅੰਨਾ ਡੀ ਐੱਮ ਕੇ ਦੀ ਭਾਜਪਾ ਨੂੰ ਜੈ ਸ੍ਰੀਰਾਮ



**ਚੇਨਈ** : ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦੀ ਅਗਵਾਈ ਵਾਲੇ ਨੈਸ਼ਨਲ ਡੈਮੋਕਰੇਟਿਕ ਅਲਾਇੰਸ (ਐੱਨ ਡੀ ਏ) ਨੂੰ ਵੱਡਾ ਝਟਕਾ ਦਿੰਦਿਆਂ ਤਾਮਿਲਨਾਡੂ ਦੀ ਸਾਬਕਾ ਹੁਕਮਰਾਨ ਅੰਨਾ ਡੀ ਐੱਮ ਕੇ ਨੇ ਸੋਮਵਾਰ ਗੱਠਜੋੜ ਵਿੱਚੋਂ ਨਿਕਲਣ ਦਾ ਐਲਾਨ ਕਰ ਦਿੱਤਾ। ਪਾਰਟੀ ਨੇ ਇਸ ਸੰਬੰਧ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ।

ਪਾਰਟੀ ਦੇ ਡਿਪਟੀ ਕੋਆਰਡੀਨੇਟਰ ਕੇ ਪੀ ਮੁੰਨੂੰਸਾਮੀ ਨੇ ਫੈਸਲੇ ਦਾ ਐਲਾਨ ਕਰਦਿਆਂ ਕਿਹਾ—ਭਾਜਪਾ ਦੇ ਸੂਬਾਈ ਆਗੂ ਸਾਡੇ ਸਾਬਕਾ ਆਗੂਆਂ, ਸਾਡੇ ਜਨਰਲ ਸਕੱਤਰ ਈ ਪੀ ਐੱਸ ਤੇ ਸਾਡੇ ਕਾਡਰ ਖਿਲਾਫ ਇਕ ਸਾਲ ਤੋਂ ਲਗਾਤਾਰ ਬੇਲੋੜੀ ਬਿਆਨਬਾਜ਼ੀ ਕਰ ਰਹੇ ਹਨ। ਅੰਨਾ ਡੀ ਐੱਮ ਕੇ ਆਪੋਜ਼ੀਸ਼ਨ ਦੇ ਗੱਠਜੋੜ 'ਇੰਡੀਆ' ਦਾ ਹਿੱਸਾ ਨਹੀਂ ਹੈ। ਉਸ ਨੇ ਕਿਹਾ ਕਿ ਉਹ ਲੋਕ ਸਭਾ ਚੋਣਾਂ ਵਿਚ ਵੱਖਰੇ ਗੱਠਜੋੜ ਦੀ ਅਗਵਾਈ ਕਰੇਗੀ। ਦੋਹਾਂ ਪਾਰਟੀਆਂ ਵਿਚਾਲੇ ਕਈ ਮਹੀਨਿਆਂ ਤੋਂ ਰਿਸ਼ਤੇ ਵਿਗੜਦੇ ਆ ਰਹੇ ਸਨ। ਤਾਮਿਲਨਾਡੂ ਭਾਜਪਾ ਦੇ ਪ੍ਰਧਾਨ ਅੰਨਾਮਲਾਈ ਅੰਨਾ ਡੀ ਐੱਮ ਕੇ ਦੇ ਆਗੂਆਂ ਵਿਰੁੱਧ ਕਾਫੀ ਚਿਰ ਤੋਂ ਤਵਾ ਲਾਉਂਦੇ ਆ ਰਹੇ ਸਨ ਤੇ ਭਾਜਪਾ ਹਾਈ ਕਮਾਨ ਚੁੱਪ ਰਹੀ, ਜਿਸ ਤੋਂ ਅੰਨਾ ਡੀ ਐੱਮ ਕੇ ਨੂੰ ਲੱਗਿਆ ਕਿ ਹਾਈ ਕਮਾਨ ਅੰਨਾਮਲਾਈ ਦੀ ਪਿੱਠ 'ਤੇ ਹੈ। ਅੰਨਾਮਲਾਈ ਨੇ ਤਾਮਿਲਨਾਡੂ ਦੇ ਪਹਿਲੇ ਮੁੱਖ ਮੰਤਰੀ ਸੀ ਐੱਨ ਅੰਨਾਦੁਰਾਈ ਵਿਰੁੱਧ ਵੀ ਟਿੱਪਣੀਆਂ ਕੀਤੀਆਂ ਸਨ, ਜਿਸ 'ਤੇ ਅੰਨਾ ਡੀ ਐੱਮ ਕੇ ਦੇ ਬੁਲਾਰੇ ਡੀ ਜੈਕੁਮਾਰ ਨੇ ਅੰਨਾਮਲਾਈ ਨੂੰ ਮਾਰੂ ਬਲਾ ਗਰਦਾਨਿਆ ਸੀ।

## ਸਾਡਾ ਰਿਮੋਟ ਕੰਟਰੋਲ ਲੋਕਾਂ ਲਈ ਤੇ ਮੋਦੀ ਦਾ ਅਡਾਨੀ ਲਈ : ਰਾਹੁਲ

**ਬਿਲਾਸਪੁਰ** : ਰਾਹੁਲ ਗਾਂਧੀ ਨੇ ਸੋਮਵਾਰ ਛੱਤੀਸਗੜ੍ਹ ਵਿਚ ਮੁੱਖ ਮੰਤਰੀ ਗ੍ਰਾਮੀਣ ਆਵਾਸ ਨਿਆਇ ਯੋਜਨਾ ਦਾ ਰਿਮੋਟ ਕੰਟਰੋਲ ਦਾ ਉਦਘਾਟਨ ਕਰਨ ਤੋਂ ਬਾਅਦ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਵੀ ਰਿਮੋਟ ਕੰਟਰੋਲ ਹੈ ਪਰ ਉਹ ਲੁਕੋ ਕੇ ਦਬਾਉਂਦੇ ਹਨ। "ਅਸੀਂ ਸਭ ਦੇ ਸਾਹਮਣੇ ਦਬਾਉਂਦੇ ਹਾਂ।" ਉਨ੍ਹਾ ਕਿਹਾ ਕਿ ਮੋਦੀ ਲੁਕੋ ਕੇ ਅਡਾਨੀ ਜੀ ਲਈ ਰਿਮੋਟ ਕੰਟਰੋਲ ਦਾ ਬਟਨ ਦਬਾਉਂਦੇ ਹਨ ਤੇ ਪਬਲਿਕ ਸੈਕਟਰ ਪ੍ਰਾਈਵੇਟ ਸੈਕਟਰ ਬਣ ਜਾਂਦਾ ਹੈ। ਉਨ੍ਹਾ ਕਿਹਾ- ਜਦੋਂ ਮੈਂ ਲੋਕ ਸਭਾ ਵਿਚ ਪ੍ਰਧਾਨ ਮੰਤਰੀ ਨੂੰ ਸਵਾਲ ਕੀਤਾ ਤਾਂ ਮੇਰੀ ਮੈਂਬਰੀ ਖਤਮ ਕਰ ਦਿੱਤੀ ਗਈ। ਸੋਮਵਾਰ ਹੀ ਮੋਦੀ ਨੇ ਭੋਪਾਲ ਵਿਚ ਭਾਜਪਾ ਦੀ ਰੈਲੀ ਵਿਚ ਕਿਹਾ ਕਿ ਕਾਂਗਰਸ ਜੰਗਾਲਿਆ ਲੋਹਾ ਹੈ, ਜਿਹੜਾ ਮੱਧ ਪ੍ਰਦੇਸ਼ ਨੂੰ ਫਿਰ ਬਿਮਾਰੂ ਰਾਜਾਂ ਵਿਚ ਸ਼ੁਮਾਰ ਕਰ ਦੇਵੇਗੀ। ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਕੁਝ ਮਹੀਨਿਆਂ ਵਿਚ ਅਸੰਬਲੀ ਚੋਣਾਂ ਹੋਣ ਵਾਲੀਆਂ ਹਨ।

ਮੋਦੀ ਨੇ ਕਿਹਾ ਕਿ ਭਾਜਪਾ ਦੇ ਰਾਜ ਵਿਚ ਪਿਛਲੇ ਪੰਜ ਸਾਲਾਂ ਵਿਚ ਸਾਢੇ 13 ਕਰੋੜ ਲੋਕ ਗਰੀਬੀ ਵਿੱਚੋਂ ਬਾਹਰ ਆਏ ਹਨ। ਕਾਂਗਰਸ ਤੇ ਉਸ ਦੇ ਘਮੰਡੀਆ ਬਲਾਕ ਦੇ ਇਤਿਹਾਦੀਆਂ ਨੇ ਮਜਬੂਰੀ ਤੇ ਹਿਚਕਚਾਹਟ ਨਾਲ ਮਹਿਲਾ ਰਿਜ਼ਰਵੇਸ਼ਨ ਬਿੱਲ ਦੀ ਹਮਾਇਤ ਕੀਤੀ ਕਿਉਂਕਿ ਉਨ੍ਹਾਂ ਨੂੰ ਸਮਝ ਆ ਗਈ ਹੈ ਕਿ ਨਾਰੀ ਸ਼ਕਤੀ ਕੀ ਹੁੰਦੀ ਹੈ। ਬਿੱਲ ਤਾਂ ਹੀ ਸੰਭਵ ਹੋਇਆ ਕਿਉਂਕਿ 'ਮੋਦੀ ਹੈ ਤਾਂ ਮੁਮਕਿਨ ਹੈ।' ਮੋਦੀ ਦਾ ਮਤਲਬ ਗਰੰਟੀਆਂ ਪੂਰੀਆਂ ਹੋਣ ਦੀ ਗਰੰਟੀ। ਰਾਹੁਲ ਗਾਂਧੀ ਨੇ ਮਹਿਲਾ ਰਿਜ਼ਰਵੇਸ਼ਨ ਬਿੱਲ ਉਤੇ ਲੋਕ ਸਭਾ ਵਿਚ ਆਪਣੀ ਤਕਰੀਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾ ਕਿਹਾ ਸੀ ਕਿ ਭਾਰਤ ਸਰਕਾਰ ਵਿਚ 90 ਵਿੱਚੋਂ ਸਿਰਫ ਤਿੰਨ ਓ ਬੀ ਸੀ ਨੌਕਰਸ਼ਾਹ ਕੰਮ ਕਰ ਰਹੇ ਹਨ। ਉਨ੍ਹਾ ਕਿਹਾ ਕਿ ਜਾਤੀ ਜਨਗਣਨਾ ਹਿੰਦੁਸਤਾਨ ਦਾ ਐਕਸ-ਰੇ ਹੈ। ਇਸ ਨਾਲ ਹੀ ਪਤਾ ਲੱਗੇਗਾ ਕਿ ਦੇਸ਼ ਵਿਚ ਕਿੰਨੇ ਐੱਸ ਸੀ/ ਐੱਸ ਟੀ ਤੇ ਓ ਬੀ ਸੀ ਹਨ।

## ਵਿਜੀਲੈਂਸ ਮਨਪ੍ਰੀਤ ਬਾਦਲ ਦੀ ਭਾਲ 'ਚ

### ਪਲਾਟਾਂ ਦੀ ਸਸਤੇ ਭਾਅ ਖਰੀਦ ਦੇ ਕੇਸ 'ਚ 3 ਗ੍ਰਿਫਤਾਰ

**ਬਠਿੰਡਾ/ਚੰਡੀਗੜ੍ਹ (ਪਰਵਿੰਦਰ ਜੀਤ ਸਿੰਘ/ਗੁਰਜੀਤ ਬਿੱਲਾ)**



ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਚਾਰ ਹੋਰਨਾਂ ਖਿਲਾਫ ਫੌਜਦਾਰੀ ਅਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ। ਉਸ ਨੇ ਤਿੰਨ ਮੁਲਜ਼ਮਾਂ ਰਾਜੀਵ ਕੁਮਾਰ ਵਾਸੀ ਨਿਊ ਸ਼ਕਤੀ ਨਗਰ ਬਠਿੰਡਾ, ਅਮਨਦੀਪ ਸਿੰਘ ਵਾਸੀ ਲਾਲ ਸਿੰਘ ਬਸਤੀ ਬਠਿੰਡਾ ਅਤੇ ਵਿਕਾਸ ਅਰੋੜਾ ਵਾਸੀ ਟੈਗੋਰ ਨਗਰ ਬਠਿੰਡਾ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਮਨਪ੍ਰੀਤ ਦੀ ਭਾਲ ਕਰ ਰਹੀ ਸੀ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮਾਮਲਾ ਅਕਾਲੀ ਦਲ ਦੇ ਬਠਿੰਡਾ ਸ਼ਹਿਰੀ ਦੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਵੱਲੋਂ ਮਨਪ੍ਰੀਤ ਸਿੰਘ ਬਾਦਲ ਅਤੇ ਹੋਰਨਾਂ ਖਿਲਾਫ ਦਰਜ ਕਰਵਾਈ ਗਈ ਸ਼ਿਕਾਇਤ ਦੀ ਜਾਂਚ ਉਪਰੰਤ ਦਰਜ ਕੀਤਾ ਗਿਆ ਹੈ। ਪੜਤਾਲ ਦੌਰਾਨ ਪਾਇਆ ਗਿਆ ਕਿ ਮਨਪ੍ਰੀਤ ਬਾਦਲ ਨੇ 2018 ਤੋਂ 2021 ਤੱਕ ਵਿੱਤ ਮੰਤਰੀ ਹੁੰਦਿਆਂ ਆਪਣੇ ਸਿਆਸੀ ਦਬਾਅ ਅਤੇ ਪ੍ਰਭਾਵ ਸਦਕਾ ਮਾਡਲ ਟਾਊਨ ਫੇਜ਼-1 ਬਠਿੰਡਾ ਨੇੜੇ ਟੀ ਵੀ ਟਾਵਰ ਵਿਖੇ 1560 ਵਰਗ ਗਜ਼ ਦੇ ਦੋ ਪਲਾਟ ਖਰੀਦੇ, ਜਿਸ ਕਾਰਨ ਸਰਕਾਰੀ ਖਜ਼ਾਨੇ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋਇਆ। ਮਨਪ੍ਰੀਤ ਨੇ ਆਪਣੇ ਪ੍ਰਭਾਵ ਦੀ ਵਰਤੋਂ ਕਰਦਿਆਂ ਬਠਿੰਡਾ ਡਿਵੈੱਲਪਮੈਂਟ ਅਥਾਰਟੀ (ਬੀ ਡੀ ਏ) ਦੇ ਅਧਿਕਾਰੀਆਂ/ ਕਰਮਚਾਰੀਆਂ ਨਾਲ ਮਿਲੀਭੁਗਤ ਕਰਕੇ 2021 'ਚ ਪਲਾਟਾਂ ਦੀ ਬੋਲੀ ਦੌਰਾਨ ਆਮ ਲੋਕਾਂ ਨੂੰ ਗੁੰਮਰਾਹ ਕਰਦਿਆਂ ਜਾਲ੍ਹੀ ਨਕਸ਼ੇ ਅਪਲੋਡ ਕਰਵਾਏ ਸਨ, ਤਾਂ ਜੋ ਬੋਲੀ ਪ੍ਰਕਿਰਿਆ 'ਚ ਆਮ ਲੋਕਾਂ ਦੀ ਭਾਗੀਦਾਰੀ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਅਪਲੋਡ ਕੀਤੇ ਨਕਸ਼ੇ 'ਚ ਪਲਾਟ ਨੰਬਰ 725-ਸੀ (560 ਵਰਗ ਗਜ਼) ਅਤੇ 726 (1000 ਵਰਗ ਗਜ਼) ਨੂੰ ਵੀ ਰਿਹਾਇਸ਼ੀ ਦੀ ਬਜਾਏ ਵਪਾਰਕ ਵਜੋਂ ਦਰਸਾਇਆ ਗਿਆ ਸੀ। ਪਲਾਟਾਂ ਦੇ ਨੰਬਰ ਆਨਲਾਈਨ ਈ-ਆਕਸ਼ਨ ਪੋਰਟਲ 'ਤੇ ਪਾਏ ਨਕਸ਼ੇ 'ਚ ਨਹੀਂ ਦਿਖਾਏ ਗਏ ਸਨ। ਇਸ ਤੋਂ ਇਲਾਵਾ ਇਨ੍ਹਾਂ ਪਲਾਟਾਂ ਦੀ ਨਿਲਾਮੀ ਲਈ ਬਲਵਿੰਦਰ ਕੌਰ ਪ੍ਰਸ਼ਾਸਨਿਕ ਅਧਿਕਾਰੀ ਬੀ ਡੀ ਏ ਬਠਿੰਡਾ ਦੇ ਡਿਜੀਟਲ ਹਸਤਾਖਰ ਦੀ ਵਰਤੋਂ ਉਨ੍ਹਾ ਦੀ ਇਜਾਜ਼ਤ ਤੋਂ ਬਿਨਾਂ ਕੀਤੀ ਗਈ। ਪੜਤਾਲ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ ਰਾਜੀਵ ਕੁਮਾਰ, ਵਿਕਾਸ ਅਰੋੜਾ ਅਤੇ ਅਮਨਦੀਪ ਸਿੰਘ ਬੋਲੀਕਾਰਾਂ ਲਈ ਬੋਲੀ ਇੱਕ ਹੀ ਵਿਅਕਤੀ ਐਡਵੋਕੇਟ ਸੰਜੀਵ ਕੁਮਾਰ ਵੱਲੋਂ ਇੱਕੋ ਆਈ ਪੀ ਐਡਰੈਸ ਤੋਂ ਕੀਤੀ ਗਈ। ਇਸ ਤੋਂ ਇਲਾਵਾ ਦੋਵੇਂ ਪਲਾਟ ਬੋਲੀਕਾਰਾਂ ਵੱਲੋਂ 2021 'ਚ ਘੱਟ ਰੇਟ 'ਤੇ ਖਰੀਦੇ ਗਏ ਸਨ, ਜੋ ਰੇਟ ਸਾਲ 2018 'ਚ ਨਿਲਾਮੀ ਵੇਲੇ ਤੈਅ ਕੀਤੇ ਗਏ ਸਨ। ਇਸ ਕਾਰਨ ਸਰਕਾਰ ਨੂੰ ਕਰੀਬ 65 ਲੱਖ ਰੁਪਏ ਦਾ ਨੁਕਸਾਨ

ਬਾਕੀ ਸਫ਼ਾ 2 'ਤੇ

## ਇਮਾਨਦਾਰੀ ਦੀਆਂ ਫੜ੍ਹਾਂ ਮਾਰਨ ਵਾਲੇ ਹੁਣ ਅੱਕੀਂ-ਪਲਾਹੀਂ ਹੱਥ ਮਾਰ ਰਹੇ : ਮੁੱਖ ਮੰਤਰੀ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**

ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ 'ਤੇ ਤਨਜ਼ ਕੱਸਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਕਿਹਾ ਕਿ ਲੋਕਾਂ ਨੂੰ ਇਮਾਨਦਾਰੀ ਦਾ ਪਾਠ ਪੜ੍ਹਾਉਣ ਵਾਲੇ ਹੁਣ ਕਾਨੂੰਨ ਦੇ ਸ਼ਿਕੰਜੇ ਤੋਂ ਬਚਣ ਲਈ ਅੱਕੀਂ-ਪਲਾਹੀਂ ਹੱਥ ਮਾਰ ਰਹੇ ਹਨ।

ਇੱਥੋਂ ਜਾਰੀ ਬਿਆਨ 'ਚ ਮੁੱਖ ਮੰਤਰੀ ਨੇ ਕਿਹਾ ਕਿ ਸੱਚ ਬੋਲਣ ਅਤੇ ਸੱਚ 'ਤੇ ਪਹਿਰਾ ਦੇਣ 'ਚ ਬਹੁਤ ਫਰਕ ਹੁੰਦਾ ਹੈ। ਪਹਿਲਾਂ ਇਹ ਲੀਡਰ ਅਕਸਰ ਕਿਹਾ ਕਰਦੇ ਸਨ ਕਿ ਉਸ ਖਿਲਾਫ ਜੋ ਵੀ ਕਾਰਵਾਈ ਹੋਵੇਗੀ, ਉਹ ਉਸ ਦਾ ਸਾਹਮਣਾ ਕਰੇਗਾ। ਹੁਣ ਕਾਨੂੰਨੀ ਕਾਰਵਾਈ ਦੇ ਡਰ ਤੋਂ ਇਹ ਨੇਤਾ ਗ੍ਰਿਫਤਾਰ ਹੋਣ ਦੇ ਖਦਸ਼ੇ ਜ਼ਾਹਰ ਕਰਕੇ ਕਾਨੂੰਨੀ ਸੁਰੱਖਿਆ ਮੰਗ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਪਾਖੰਡੀ ਲੀਡਰਾਂ ਨੇ ਹਮੇਸ਼ਾ ਲੱਛੇਦਾਰ ਭਾਸ਼ਣਾਂ ਨਾਲ ਲੋਕਾਂ ਨੂੰ ਮੂਰਖ ਬਣਾਇਆ। ਲੋਕ ਸੇਵਾ ਦੀ ਆੜ 'ਚ ਇਨ੍ਹਾਂ ਨੇਤਾਵਾਂ ਨੇ ਸੂਬੇ ਦੇ ਖਜ਼ਾਨੇ ਨੂੰ ਲੁੱਟਿਆ, ਜਿਸ ਨੂੰ ਕਿਸੇ ਵੀ ਸੂਰਤ 'ਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਇਨ੍ਹਾਂ ਨੇਤਾਵਾਂ ਨੂੰ ਆਪਣੇ ਗੁਨਾਹਾਂ ਦਾ ਹਿਸਾਬ ਦੇਣਾ ਪਵੇਗਾ ਅਤੇ ਸਰਕਾਰ ਦੇ ਖਜ਼ਾਨੇ ਦਾ ਇਕ-ਇਕ ਪੈਸਾ ਵਸੂਲ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸਾਬਕਾ ਵਿੱਤ ਮੰਤਰੀ ਨੂੰ ਇਮਾਨਦਾਰੀ ਤੇ ਸਾਦਗੀ ਦੇ ਵੱਡੇ ਦਾਅਵੇ ਕਰਨ ਦੀ ਬਜਾਏ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਚਾਹੀਦਾ ਹੈ।

## ਕੈਨੇਡੀਅਨ ਰੱਖਿਆ ਮੰਤਰੀ ਨੇ ਭਾਰਤ ਨਾਲ ਰਿਸ਼ਤਿਆਂ ਨੂੰ 'ਅਹਿਮ' ਦੱਸਿਆ

**ਟੋਰਾਂਟੋ** : ਕੈਨੇਡੀਅਨ ਰੱਖਿਆ ਮੰਤਰੀ ਬਿਲ ਬਲੇਅਰ ਨੇ ਭਾਰਤ ਨਾਲ ਰਿਸ਼ਤਿਆਂ ਨੂੰ 'ਅਹਿਮ' ਦੱਸਦਿਆਂ ਕਿਹ ਕਿ ਉਨ੍ਹਾ ਦਾ ਦੇਸ਼ ਏਸ਼ੀਆ-ਪ੍ਰਸ਼ਾਂਤ ਰਣਨੀਤੀ ਵਰਗੇ ਮੁੱਦਿਆਂ 'ਤੇ ਭਾਰਤ ਨਾਲ ਭਾਈਵਾਲੀ ਜਾਰੀ ਰੱਖੇਗਾ, ਜਦਕਿ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜਾਂਚ ਜਾਰੀ ਰਹੇਗੀ। ਬਲੇਅਰ ਨੇ 'ਦੀ ਵੈੱਸਟ ਬਲਾਕ' ਨਾਲ ਇੰਟਰਵਿਊ ਵਿਚ ਕਿਹਾ—ਅਸੀਂ ਸਮਝਦੇ ਹਾਂ ਕਿ ਹਰਦੀਪ ਦਾ ਮਾਮਲਾ ਭਾਰਤ ਨਾਲ ਰਿਸ਼ਤਿਆਂ ਦੇ ਸੰਬੰਧ ਵਿਚ ਚੁਣੌਤੀਪੂਰਨ ਹੋ ਸਕਦਾ ਹੈ, ਕਿਉਂਕਿ ਸਾਨੂੰ ਇਸ ਨੂੰ ਸਾਬਤ ਕਰਨਾ ਪੈਣਾ ਹੈ। ਸਾਡੀ ਆਪਣੇ ਕਾਨੂੰਨ ਤੇ ਨਾਗਰਿਕਾਂ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਵੀ ਹੈ। ਸਾਨੂੰ ਇਹ ਯਕੀਨੀ ਬਣਾਉਣਾ ਪੈਣਾ ਹੈ ਕਿ ਜਾਂਚ ਸਹੀ ਹੋਵੇ ਤੇ ਸੱਚਾਈ ਸਾਹਮਣੇ ਆਏ। ਬਲੇਅਰ ਨੇ ਕਿਹਾ ਕਿ ਜੇ ਦੋਸ਼ ਸਹੀ ਸਾਬਤ ਹੋਏ ਤਾਂ ਕੈਨੇਡਾ ਲਈ ਚਿੰਤਾ ਦੀ ਗੱਲ ਹੋਵੇਗੀ ਕਿ ਉਸ ਦੀ ਧਰਤੀ 'ਤੇ ਉਸ ਦੇ ਨਾਗਰਿਕ ਦਾ ਕਤਲ ਕਰਕੇ ਉਸ ਦੀ ਪ੍ਰਭੂਸੱਤਾ ਦੀ ਉਲੰਘਣਾ ਕੀਤੀ ਗਈ।

## ਕੇਂਦਰ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ ਵਾਲਿਆਂ ਖਿਲਾਫ ਕਾਰਵਾਈ ਕਰੇ : ਐੱਸ ਜੀ ਪੀ ਸੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੋਮਵਾਰ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੈਨੇਡਾ ਦੀ ਸੰਸਦ ਅੰਦਰ ਉਥੋਂ ਦੇ ਵਸਨੀਕ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿਚ ਭਾਰਤੀ ਏਜੰਸੀਆਂ ਦੇ ਅਧਿਕਾਰੀਆਂ ਦਾ ਹੱਥ ਹੋਣ ਬਾਰੇ ਲਗਾਏ ਦੋਸ਼ਾਂ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਪਾਸ ਕੀਤੇ ਗਏ ਇਕ ਵਿਸ਼ੇਸ਼ ਮਤੇ ਵਿਚ ਕਿਹਾ ਗਿਆ ਕਿ ਕਿਸੇ ਵੀ ਦੇਸ਼ ਦੀ ਸੰਸਦ ਵਿਚ ਪ੍ਰਧਾਨ ਮੰਤਰੀ ਵੱਲੋਂ ਦਿੱਤਾ ਗਿਆ ਬਿਆਨ ਆਮ ਨਹੀਂ ਸਮਝਿਆ ਜਾਂਦਾ, ਸਗੋਂ ਦੇਸ਼ ਦੇ ਸੰਵਿਧਾਨ ਦੀ ਮਾਣ-ਮਰਯਾਦਾ ਦੇ ਦਾਇਰੇ ਵਿਚ ਤੱਥਾਂ ਅਧਾਰਤ ਮੰਨਿਆ ਜਾਂਦਾ ਹੈ। ਪਾਰਲੀਮੈਂਟ ਅੰਦਰ ਪ੍ਰਧਾਨ ਮੰਤਰੀ ਵੱਲੋਂ ਆਖੀ ਗਈ ਹਰ ਗੱਲ ਨੂੰ ਸਹਿਜੇ ਹੀ ਨਕਾਰਿਆ ਨਹੀਂ ਜਾ ਸਕਦਾ। ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਭਾਰਤੀ ਏਜੰਸੀਆਂ 'ਤੇ ਲਗਾਏ ਦੋਸ਼ਾਂ ਦੀ ਸੱਚਾਈ ਦੋਹਾਂ ਦੇਸ਼ਾਂ ਨੂੰ ਰਾਜਨੀਤੀ ਤੋਂ ਪਰ੍ਹੇ ਜਾ ਕੇ ਇਕ ਸੁਹਿਰਦ ਪਹੁੰਚ ਰਾਹੀਂ ਲੋਕਾਂ ਸਾਹਮਣੇ ਸੱਚਾਈ ਰੱਖਣੀ ਚਾਹੀਦੀ ਹੈ। ਜੇਕਰ ਇਸ ਨੂੰ ਕੇਵਲ ਰਾਜਨੀਤੀ ਕਰਕੇ ਹੀ ਦਬਾਅ ਦਿੱਤਾ ਜਾਂਦਾ ਹੈ ਤਾਂ ਇਹ ਮਾਨਵੀ ਅਧਿਕਾਰਾਂ ਨਾਲ ਨਾਇਨਸਾਫੀ ਮੰਨੀ ਜਾਵੇਗੀ। ਇਸ ਸਮੁੱਚੇ ਵਰਤਾਰੇ ਵਿਚ ਮੁੱਖ ਮੀਡੀਆ ਅਤੇ ਸੋਸ਼ਲ ਮੀਡੀਆ ਮੰਚਾਂ 'ਤੇ ਸਿੱਖ ਅਤੇ ਪੰਜਾਬ ਵਿਰੋਧੀ ਫੈਲਾਏ ਜਾ ਰਹੇ ਨਫ਼ਰਤੀ ਕੂੜ ਪ੍ਰਚਾਰ ਦੀ ਵੀ ਕਰੜੀ ਨਿੰਦਾ ਕਰਦਿਆਂ ਕਿਹਾ ਗਿਆ ਕਿ ਮੀਡੀਆ ਦੇ ਵੱਡੇ ਹਿੱਸੇ ਵੱਲੋਂ ਜਾਣਬੁਝ ਕੇ ਭਾਰਤ-ਕੈਨੇਡਾ ਮਾਮਲਾ ਕੇਵਲ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ 'ਤੇ ਹੀ ਕੇਂਦਰਤ ਕਰ

ਬਾਕੀ ਸਫ਼ਾ 2 'ਤੇ

### ਓਵੈਸੀ ਦਾ ਰਾਹੁਲ ਨੂੰ ਚੈਲੰਜ

**ਹੈਦਰਾਬਾਦ** : ਏ ਆਈ ਐੱਮ ਆਈ ਐਮ ਦੇ ਮੁਖੀ ਅਸਦੁਦੀਨ ਓਵੈਸੀ ਨੇ ਰਾਹੁਲ ਗਾਂਧੀ ਨੂੰ 2024 ਦੀ ਲੋਕ ਸਭਾ ਚੋਣ ਉਨ੍ਹਾ ਖਿਲਾਫ ਹੈਦਰਾਬਾਦ ਤੋਂ ਲੜਨ ਦੀ ਚੁਣੌਤੀ ਦਿੱਤੀ ਹੈ। ਇਥੇ ਰੈਲੀ 'ਚ ਹਿੱਸਾ ਲੈਂਦਿਆਂ ਓਵੈਸੀ ਨੇ ਕਿਹਾ-ਮੈਂ ਰਾਹੁਲ ਗਾਂਧੀ ਨੂੰ ਚੁਣੌਤੀ ਦੇ ਰਿਹਾ ਹਾਂ ਕਿ ਵਾਇਨਾਡ ਨਾ ਜਾਓ, ਹੈਦਰਾਬਾਦ ਆਓ।

### ਗੈਂਗਸਟਰ ਮਾਮਲੇ 'ਚ ਮੁਖਤਾਰ ਅੰਸਾਰੀ ਨੂੰ ਜ਼ਮਾਨਤ

**ਨਵੀਂ ਦਿੱਲੀ** : ਗੈਂਗਸਟਰ ਮਾਮਲੇ 'ਚ ਮੁਖ਼ਤਾਰ ਅੰਸਾਰੀ ਨੂੰ ਟਰਾਇਲ ਕੋਰਟ ਤੋਂ ਮਿਲੀ 10 ਸਾਲ ਦੀ ਸਜ਼ਾ 'ਤੇ ਇਲਾਹਾਬਾਦ ਹਾਈ ਕੋਰਟ ਨੇ ਫੈਸਲਾ ਸੁਣਾਇਆ। ਗੈਂਗਸਟਰ ਮਾਮਲੇ 'ਚ ਮੁਖ਼ਤਾਰ ਅੰਸਾਰੀ ਨੂੰ ਰਾਹਤ ਮਿਲੀ ਹੈ। ਇਲਾਹਾਬਾਦ ਹਾਈ ਕੋਰਟ ਨੇ ਮੁਖ਼ਤਾਰ ਅੰਸਾਰੀ ਦੀ ਜ਼ਮਾਨਤ ਮਨਜ਼ੂਰ ਕਰ ਲਈ। ਇਸ ਦੇ ਨਾਲ ਹੀ ਸਜ਼ਾ ਦੇ ਨਾਲ ਲਾਏ ਗਏ 5 ਲੱਖ ਰੁਪਏ ਦੇ ਜੁਰਮਾਨੇ ਨੂੰ ਵੀ ਹਾਈ ਕੋਰਟ ਨੇ ਸਟੇਅ ਕਰ ਦਿੱਤਾ ਹੈ। ਹਾਲਾਂਕਿ ਸਜ਼ਾ 'ਤੇ ਰੋਕ ਲਾਏ ਜਾਣ ਦੀ ਅੰਸਾਰੀ ਦੀ ਅਪੀਲ ਨੂੰ ਹਾਈ ਕੋਰਟ ਨੇ ਨਹੀਂ ਮੰਨਿਆ। ਹਾਈ ਕੋਰਟ ਨੇ ਮੁਖਤਾਰ ਅੰਸਾਰੀ ਦੀ ਸਜ਼ਾ 'ਤੇ ਰੋਕ ਲਾਏ ਜਾਣ ਤੋਂ ਇਨਕਾਰ ਕਰ ਦਿੱਤਾ। ਸਜ਼ਾ ਖਿਲਾਫ਼ ਦਾਖਲ ਅਪੀਲ 'ਤੇ ਹਾਈ ਕੋਰਟ 'ਚ ਸੁਣਵਾਈ ਜਾਰੀ ਰਹੇਗੀ।

### ਪਹਿਲੀ ਹਵਾ-ਪਾਣੀ ਨਾਲ ਚੱਲਣ ਵਾਲੀ ਬੱਸ ਦੀ ਸ਼ੁਰੂਆਤ

**ਨਵੀਂ ਦਿੱਲੀ** : ਰਾਜਧਾਨੀ ਦਿੱਲੀ 'ਚ ਕੇਂਦਰ ਸਰਕਾਰ 'ਚ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਦੇਸ਼ ਦੀ ਪਹਿਲੀ ਹਾਈਡਰੋਜਨ ਨਾਲ ਚੱਲਣ ਵਾਲੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਸਾਫ਼-ਸੁਥਰੇ ਵਾਤਾਵਰਣ ਵੱਲ ਇਕ ਕਦਮ ਵਧਾਇਆ, ਜਿਸ ਦਾ ਅਸਰ ਆਉਣ ਵਾਲੇ ਦਿਨਾਂ 'ਚ ਦੇਖਣ ਨੂੰ ਮਿਲ ਸਕਦਾ ਹੈ। ਇੱਕ ਪਾਸੇ ਆਏ ਦਿਨ ਨਵੀਂ-ਨਵੀਂ ਟੈਕਨਾਲੋਜੀ ਦੇਖਣ ਨੂੰ ਮਿਲ ਰਹੀ ਹੈ ਤਾਂ ਦੂਜੇ ਪਾਸੇ ਲਗਭਗ ਪੂਰੀ ਦੁਨੀਆ ਗੰਭੀਰ ਪ੍ਰਦੂਸ਼ਣ ਦਾ ਸਾਹਮਣਾ ਕਰ ਰਹੀ ਹੈ, ਜਿਸ ਦੇ ਚਲਦੇ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਪ੍ਰਦੂਸ਼ਣ ਘਟਾਉਣ ਲਈ ਉਪਰਾਲੇ ਕਰ ਰਹੀਆਂ ਹਨ। ਭਾਰਤ ਵੀ ਇਸ ਤੋਂ ਨਿਜਾਤ ਪਾਉਣ ਲਈ ਇਲੈਕ੍ਰਟਾਨਿਕ ਗੱਡੀਆਂ ਨੂੰ ਤੇਜ਼ੀ ਨਾਲ ਅਪਣਾ ਕੇ ਗਾਹਕਾਂ ਨੂੰ ਪ੍ਰੇਰਿਤ ਕਰ ਰਿਹਾ ਹੈ। ਇਸ ਦੇ ਚਲਦੇ ਸੋਮਵਾਰ ਭਾਰਤ 'ਚ ਪਹਿਲੀ ਹਾਈਡਰੋਜਨ ਬੱਸ ਦੀ ਸ਼ੁਰੂਆਤ ਕੀਤੀ ਗਈ।

## ਏਸ਼ੀਅਨ ਖੇਡਾਂ : ਦੂਜੇ ਦਿਨ ਭਾਰਤ ਨੇ ਸ਼ੂਟਿੰਗ, ਵੂਮੈਨ ਕ੍ਰਿਕਟ 'ਚ ਸੋਨਾ ਜਿੱਤਿਆ





**ਹਾਂਗਜ਼ੂ** : ਏਸ਼ੀਅਨ ਖੇਡਾਂ 2023 'ਚ ਮਹਿਲਾ ਕ੍ਰਿਕਟ ਟੀਮ ਨੇ ਸੋਨਾ ਤਮਗਾ ਜਿੱਤ ਲਿਆ। ਭਾਰਤੀ ਟੀਮ ਤੇ ਸ੍ਰੀਲੰਕਾ ਵਿਚਾਲੇ ਸ਼ਾਨਦਾਰ ਪ੍ਰਦਰਸ਼ਨ ਦੇਖਣ ਨੂੰ ਮਿਲਿਆ। ਟੀਮ ਇੰਡੀਆ ਇਸ ਮੁਕਾਬਲੇ 'ਚ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 20 ਓਵਰਾਂ 'ਚ 7 ਵਿਕਟਾਂ ਦੇ ਨੁਕਸਾਨ 'ਤੇ ਸਿਰਫ਼ 116 ਦੌੜਾਂ ਹੀ ਬਣਾਉਣ 'ਚ ਕਾਮਯਾਬ ਹੋ ਸਕੀ। ਇਸ ਤੋਂ ਗੇਂਦਬਾਜ਼ੀ ਦੇ ਬੇਹਤਰੀਨ ਪ੍ਰਦਰਸ਼ਨ ਦੇ ਦਮ 'ਤੇ ਭਾਰਤ ਨੇ ਸ੍ਰੀਲੰਕਾ ਨੂੰ 20 ਓਵਰਾਂ 'ਚ 97 ਦੌੜਾਂ 'ਤੇ ਰੋਕਦੇ ਹੋਏ ਸੋਨੇ ਦਾ ਤਮਗਾ ਆਪਣੇ ਨਾਂਅ ਕਰਨ 'ਚ ਕਾਮਯਾਬੀ ਹਾਸਲ ਕਰ ਲਈ। ਭਾਰਤ ਵੱਲੋਂ ਗੇਂਦਬਾਜ਼ੀ 'ਚ 18 ਸਾਲ ਦੀ ਤਿਤਾਸ ਸਾਧੂ ਨੇ ਸਭ ਤੋਂ ਵੱਧ 3 ਵਿਕਟਾਂ ਆਪਣੇ ਨਾਂਅ ਕੀਤੀਆਂ।

ਇਸੇ ਦੌਰਾਨ ਭਾਰਤੀ ਮਹਿਲਾ ਰੱਬੀ ਟੀਮ ਨੂੰ ਸਿੰਗਾਪੁਰ ਖਿਲਾਫ਼ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਮੁਕਾਬਲੇ 'ਚ ਸਿੰਗਾਪੁਰ ਟੀਮ ਨੇ 0-15 ਨਾਲ ਜਿੱਤ ਦਰਜ ਕੀਤੀ। ਭਾਰਤ ਨੂੰ ਇਸ ਤੋਂ ਪਹਿਲਾਂ ਜਾਪਾਨ ਅਤੇ ਹਾਂਗਕਾਂਗ ਖਿਲਾਫ਼ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਭਾਰਤੀ ਟੀਮ 3 ਮੈਚਾਂ 'ਚੋਂ ਇੱਕ ਵੀ ਪੁਆਇੰਟ ਹਾਸਲ ਨਹੀਂ ਕਰ ਸਕੀ।

ਭਾਰਤ ਨੂੰ ਟੈਨਿਸ 'ਚ ਵੱਡਾ ਝਟਕਾ ਲੱਗਾ। ਰੋਹਨ ਬੋਪੱਨਾ ਅਤੇ ਯੂਕੀ ਭਾਂਬਰੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾ ਨੂੰ ਉਜ਼ਬੇਕਿਸਤਾਨ ਦੇ ਖਿਡਾਰੀਆਂ ਨੇ ਹਰਾਇਆ। ਬੋਪੱਨਾ-ਭਾਂਬਰੀ ਦਾ ਮਰਦਾਂ ਦੇ ਡਬਲਜ਼ 'ਚ ਚੰਗਾ ਪ੍ਰਦਰਸ਼ਨ ਨਹੀਂ ਰਿਹਾ। ਇਨ੍ਹਾਂ ਦੋਵਾਂ ਨੂੰ 6-2, 3-6, 6-10 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ।

ਇਸ ਤਰ੍ਹਾਂ ਦੂਜੇ ਦਿਨ ਭਾਰਤ ਨੇ ਪੁਰਸ਼ਾਂ ਦੇ 10 ਮੀਟਰ ਏਅਰ ਰਾਈਫਲ ਟੀਮ ਮੁਕਾਬਲੇ 'ਚ ਸੋਨ ਤਮਗਾ ਜਿੱਤਿਆ। ਭਾਰਤੀ ਨਿਸ਼ਾਨੇਬਾਜ਼ ਦਿਵਯਾਂਸ ਸਿੰਘ ਪੰਵਾਰ, ਐਸ਼ਵਰਿਆ ਪ੍ਰਤਾਪ ਸਿੰਘ ਤੋਮਰ, ਰੁਦਰੰਕੇਸ਼ ਬਾਲਾਸਾਹਿਬ ਪਾਟਿਲ ਦੀ ਤਿਕੜੀ ਨੇ 1893.7 ਦੇ ਕੁੱਲ ਸਕੋਰ ਨਾਲ ਸੋਨ ਤਗਮਾ ਜਿੱਤਿਆ। ਇਹ ਇੱਕ ਵਿਸ਼ਵ ਰਿਕਾਰਡ ਹੈ। ਇਸ ਤੋਂ ਪਹਿਲਾਂ ਇਹ ਰਿਕਾਰਡ 1893.3

ਬਾਕੀ ਸਫ਼ਾ 2 'ਤੇ

## ਉਮਾ ਵੱਲੋਂ ਮਹਿਲਾ ਰਾਖਵਾਂਕਰਨ 'ਚ ਓ ਬੀ ਸੀ ਲਈ ਕੋਟੇ ਦੀ ਮੰਗ

**ਭੂਪਾਲ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭੂਪਾਲ ਪਹੁੰਚਣ ਤੋਂ ਪਹਿਲਾਂ ਸੋਮਵਾਰ ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਉਮਾ ਭਾਰਤੀ ਨੇ ਇੱਕ ਵਾਰ ਫਿਰ ਮਹਿਲਾ ਰਾਖਵਾਂਕਰਨ 'ਚ ਓ ਬੀ ਸੀ ਕੋਟੇ ਦੀ ਮੰਗ ਕੀਤੀ। ਉਨ੍ਹਾ ਉਮੀਦ ਪ੍ਰਗਟਾਈ ਕਿ ਪ੍ਰਧਾਨ ਮੰਤਰੀ ਮੋਦੀ ਹਾਲ ਹੀ 'ਚ ਪਾਸ ਹੋਏ ਬਿੱਲ ਵਿੱਚ ਓ ਬੀ ਸੀ ਕੋਟੇ ਨੂੰ ਲੈ ਕੇ 'ਸਕਾਰਾਤਮਕ ਸੰਕੇਤ' ਦੇਣਗੇ। ਪਿਛਲੇ ਹਫ਼ਤੇ ਬਿੱਲ ਪਾਸ ਹੋਣ ਤੋਂ ਬਾਅਦ ਉਮਾ ਭਾਰਤੀ ਨੇ ਕੋਟਾ ਨਾ ਮਿਲਣ 'ਤੇ ਨਿਰਾਸ਼ਾ ਪ੍ਰਗਟਾਈ ਸੀ। ਵਿਰੋਧੀ ਪਾਰਟੀਆਂ ਵੀ ਮਹਿਲਾ ਰਾਖਵਾਂਕਰਨ 'ਚ ਓ ਬੀ ਸੀ ਕੋਟੇ ਦੀ ਮੰਗ ਕਰ ਰਹੀਆਂ ਹਨ, ਜਦਕਿ ਸਰਕਾਰ ਸਾਫ਼ ਕਰ ਚੁੱਕੀ ਹੈ ਕਿ ਸੰਸਦ 'ਚ ਐੱਸ ਸੀ ਅਤੇ ਐੱਸ ਟੀ ਵਰਗ ਲਈ ਰਾਖਵਾਂਕਰਨ ਦਾ ਪ੍ਰਬੰਧ ਹੈ। ਮਹਿਲਾ ਰਾਖਵਾਂਕਰਨ ਬਿੱਲ 'ਚ ਲੋਕ ਸਭਾ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ 'ਚ 33 ਫੀਸਦੀ ਸੀਟਾਂ ਮਹਿਲਾਵਾਂ ਲਈ ਰਾਖਵੀਂਆਂ ਕੀਤੀਆਂ ਗਈਆਂ ਹਨ। ਉਮਾ ਨੇ ਟਵਿਟ 'ਤੇ ਲਿਖਿਆ—ਪ੍ਰਧਾਨ ਮੰਤਰੀ ਮੋਦੀ ਦਾ ਭੂਪਾਲ ਦੀ ਧਰਤੀ 'ਤੇ ਸਵਾਗਤ ਹੈ। ਉਹ ਗਰੀਬਾਂ ਅਤੇ ਪੱਛੜਿਆਂ ਦੇ ਮਸੀਹਾ ਹਨ, ਮੈਨੂੰ ਵਿਸ਼ਵਾਸ ਹੈ ਕਿ ਮਹਿਲਾਵਾਂ ਲਈ ਓ ਬੀ ਸੀ ਰਾਖਵਾਂਕਰਨ 'ਤੇ ਉਹ ਇੱਕ ਸਕਾਰਾਤਮਕ ਸੰਕੇਤ ਦੇਣਗੇ।

## ਕਿਸਾਨ ਖੁਦਕੁਸ਼ੀ ਮਾਮਲੇ 'ਚ ਭਗੌੜੇ ਭਾਜਪਾ ਨੇਤਾ 'ਤੇ 50 ਹਜ਼ਾਰ ਦਾ ਇਨਾਮ

**ਕਾਨਪੁਰ** : ਕਾਨਪੁਰ ਦੇ ਚਕੇਰੀ 'ਚ ਕਿਸਾਨ ਬਾਬੂ ਸਿੰਘ ਦੀ ਖੁਦਕੁਸ਼ੀ ਮਾਮਲੇ 'ਚ ਦੋਸ਼ੀ ਭਾਜਪਾ ਨੇਤਾ ਡਾ. ਪ੍ਰਿਯਰੰਜਨ ਉਰਫ਼ ਆਸ਼ੂ ਦਿਵਾਕਰ ਸਮੇਤ ਪੰਜ ਲੋਕਾਂ 'ਤੇ 50-50 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਗਿਆ ਹੈ। ਪੁਲਸ ਦੀਆਂ ਸੱਤ ਟੀਮਾਂ ਪ੍ਰਯਾਗਰਾਜ, ਦਿੱਲੀ ਅਤੇ ਲਖਨਊ ਸਮੇਤ ਹੋਰ ਜ਼ਿਲ੍ਹਿਆਂ 'ਚ ਇਨ੍ਹਾਂ ਦੀ ਤਲਾਸ਼ ਕਰ ਰਹੀਆਂ ਹਨ। ਪੁਲਸ ਮੁਤਾਬਕ ਆਸ਼ੂ ਅਤੇ ਉਸ ਦੇ ਸਾਥੀਆਂ ਨੂੰ ਪਨਾਹ ਦੇਣ ਵਾਲਿਆਂ 'ਤੇ ਵੀ ਸਖ਼ਤ ਕਾਰਵਾਈ ਹੋਵੇਗੀ। ਮੈਨਪੁਰੀ ਨਿਵਾਸੀ ਬਾਲ ਸੁਰੱਖਿਆ ਕਮਿਸ਼ਨ ਦੇ ਮੈਂਬਰ ਆਸ਼ੂ ਦਿਵਾਕਰ ਤੋਂ ਇਲਾਵਾ ਉਸ ਦੇ ਸਾਥੀ ਸ਼ਿਵਮ ਸਿੰਘ ਚੌਹਾਨ, ਮਧੁਰ ਪਾਂਡੇ, ਕਿਸਾਨ ਦਾ ਭਤੀਜਾ ਜਤਿੰਦਰ ਸਿੰਘ ਯਾਦਵ ਅਤੇ ਭਤੀਜੇ ਦਾ ਸਾਂਢੂ ਬਬਲੂ ਯਾਦਵ 'ਤੇ ਇਨਾਮ ਰੱਖਿਆ ਗਿਆ ਹੈ। ਆਸ਼ੂ ਦੀ ਪਤਨੀ ਤੋਂ ਪੁਲਸ ਨੇ ਚਾਰ ਘੰਟੇ ਤੋਂ ਜ਼ਿਆਦਾ ਪੁੱਛਗਿੱਛ ਕੀਤੀ।

## ਸਰਕਾਰ ਦੀ ਜ਼ਮੀਰ ਹਿੱਲ ਜਾਣੀ ਚਾਹੀਦੀ : ਸੁਪਰੀਮ ਕੋਰਟ



**ਨਵੀਂ ਦਿੱਲੀ** : ਉਤਰ ਪ੍ਰਦੇਸ਼ ਦੇ ਸ਼ਾਮਲੀ ਦੇ ਇੱਕ ਨਿੱਜੀ ਸਕੂਲ 'ਚ ਮੁਸਲਿਮ ਬੱਚੇ ਨੂੰ ਹੋਰਨਾਂ ਵਿਦਿਆਰਥੀਆਂ ਤੋਂ ਕੁਟਵਾਉਣ ਦੇ ਮਾਮਲੇ 'ਚ ਸੁਪਰੀਮ ਕੋਰਟ ਨੇ ਤਿੱਖੀ ਟਿੱਪਣੀ ਕੀਤੀ ਹੈ। ਅਦਾਲਤ ਨੇ ਕਿਹਾ ਕਿ ਜੇ ਦੋਸ਼ ਸਹੀ ਹਨ ਤਾਂ ਫਿਰ ਇਸ ਘਟਨਾ ਨਾਲ ਸਰਕਾਰ ਦੀ ਅੰਤਰ ਆਤਮਾ ਹਿੱਲ ਜਾਣੀ ਚਾਹੀਦੀ ਹੈ। ਇਸ ਮਾਮਲੇ 'ਚ ਦੋਸ਼ ਹੈ ਕਿ ਸਕੂਲ ਦੀ ਪ੍ਰਿੰਸੀਪਲ ਤ੍ਰਿਪਤਾ ਤਿਆਗੀ ਨੇ ਇੱਕ ਮੁਸਲਿਮ ਬੱਚੇ ਨੂੰ ਦੂਜੇ ਵਿਦਿਆਰਥੀਆਂ ਤੋਂ ਕੁਟਵਾਇਆ ਅਤੇ ਉਸ ਨੂੰ ਲੈ ਕੇ ਸੰਪਰਦਾਇਕ ਟਿੱਪਣੀਆਂ ਵੀ ਕੀਤੀਆਂ ਸਨ। ਇਸ ਮਾਮਲੇ 'ਚ ਬਹੁਤ ਬਵਾਲ ਹੋਇਆ ਸੀ, ਪਰ ਅੰਤ 'ਚ ਬੱਚੇ ਦੇ ਪਰਵਾਰ ਵਾਲਿਆਂ ਅਤੇ ਪ੍ਰਿੰਸੀਪਲ ਵਿਚਾਲੇ ਸਮਝੌਤੇ ਦੀ ਗੱਲ ਸਾਹਮਣੇ ਆਈ। ਸੁਪਰੀਮ ਕੋਰਟ ਨੇ ਇਹ ਵੀ ਸੁਝਾਅ ਦਿੱਤਾ ਕਿ ਜਾਂਚ ਦੀ ਨਿਗਰਾਨੀ ਲਈ ਇੱਕ ਸੀਨੀਅਰ ਆਈ ਪੀ ਐੱਸ ਅਧਿਕਾਰੀ ਨੂੰ ਤਾਇਨਾਤ ਕੀਤਾ ਜਾਣਾ ਚਾਹੀਦਾ ਹੈ। ਅਦਾਲਤ ਨੇ ਇਸ ਮਾਮਲੇ ਨੂੰ ਗੰਭੀਰ ਅਤੇ ਚਿੰਤਾਜਨਕ ਦੱਸਦੇ ਹੋਏ ਕਿਹਾ ਕਿ ਇਹ ਤਾਂ ਜੀਵਨ ਦੇ ਅਧਿਕਾਰ ਨਾਲ ਜੁੜਿਆ ਮਾਮਲਾ ਹੈ।

ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 30 ਅਕਤੂਬਰ ਤੈਅ ਕੀਤੀ ਹੈ। ਇਸ ਦੇ ਨਾਲ ਹੀ ਯੂ ਪੀ ਸਰਕਾਰ ਤੋਂ ਇਸ ਗੱਲ ਨੂੰ ਲੈ ਕੇ ਜਵਾਬ ਮੰਗਿਆ ਹੈ ਕਿ ਹੁਣ ਤੱਕ ਉਸ ਨੇ ਘਟਨਾ 'ਚ ਸ਼ਾਮਲ ਬੱਚੇ ਦੀ ਕਾਊਂਸਲਿੰਗ ਲਈ ਕੀ ਕੀਤਾ।

## ਗੁਲਮਰਗ 'ਚ ਸੀਜ਼ਨ ਦੀ ਪਹਿਲੀ ਬਰਫਬਾਰੀ



**ਸ੍ਰੀਨਗਰ** : ਕਸ਼ਮੀਰ ਵਿਚ ਕਰੀਬ ਦੋ ਮਹੀਨਿਆਂ ਦੇ ਲੰਬੇ ਸੋਕੇ ਦੇ ਬਾਅਦ ਐਤਵਾਰ ਤੇ ਸੋਮਵਾਰ ਮੀਂਹ ਪਿਆ। ਸੋਕੇ ਨੇ ਸੇਬ ਉਤਪਾਦਕਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਸੀ, ਕਿਉਂਕਿ ਸੇਬ ਲਈ ਨਮੀ ਚਾਹੀਦੀ ਸੀ। ਇਸ ਦੇ ਨਾਲ ਹੀ ਗੁਲਮਰਗ ਤੇ ਅਮਰਨਾਥ ਗੁਫਾ ਦੇ ਇਲਾਕਿਆਂ ਵਿਚ ਸੀਜ਼ਨ ਦੀ ਪਹਿਲੀ ਬਰਫਬਾਰੀ ਵੀ ਹੋਈ ਤੇ ਉਥੇ ਘੱਟੋ-ਘੱਟ ਤਾਪਮਾਨ ਚਾਰ ਡਿਗਰੀ ਨੋਟ ਕੀਤਾ ਗਿਆ। ਇਸੇ ਦੌਰਾਨ ਦੇਸ਼ 'ਚੋਂ ਦੱਖਣ-ਪੱਛਮੀ ਮੌਨਸੂਨ ਦੀ ਵਾਪਸੀ ਸ਼ੁਰੂ ਹੋ ਗਈ ਹੈ। ਆਮ ਤੌਰ 'ਤੇ ਮੌਨਸੂਨ ਦੀ ਵਾਪਸੀ 17 ਸਤੰਬਰ ਤੋਂ ਸ਼ੁਰੂ ਹੁੰਦੀ ਹੈ, ਪਰ ਇਸ ਵਾਰ ਇਹ 8 ਦਿਨ ਪੱਛੜ ਕੇ ਸ਼ੁਰੂ ਹੋਈ ਹੈ।

## ਅੱਜ-ਨਾਮਾ

ਚੜ੍ਹਿਆ ਕਰਜ਼ਾ ਹੈ ਬੜਾ ਪੰਜਾਬ ਉੱਪਰ,
ਵਧਦਾ ਗਿਆ ਸੀ ਤੇ ਵਧਦਾ ਜਾਏ ਬੇਲੀ।
ਲੀਡਰ ਏਦਾਂ ਦਾ ਕੋਈ ਨਹੀਂ ਲੱਭਦਾ ਈ,
ਕਰਜ਼ੇ ਮੂਹਰੇ ਕੋਈ ਇੱਟ ਅੜਾਏ ਬੇਲੀ।
ਸਾਰੇ ਦੂਸਰਿਆਂ ਉੱਤੇ ਤਾਂ ਦੋਸ਼ ਲਾਉਂਦੇ,
ਨਤੀਜੇ ਚੰਗੇ ਨਹੀਂ ਕਿਸੇ ਦੇ ਆਏ ਬੇਲੀ।
ਵਿਚਲੀ ਗੱਲ ਨਾ ਲੋਕਾਂ ਨੂੰ ਸਮਝ ਪੈਂਦੀ,
ਕਿਹੜੀ ਸਿਉਂਕ ਪੰਜਾਬ ਨੂੰ ਖਾਏ ਬੇਲੀ।
ਕਰਜ਼ਾ ਭਾਰਾ ਪੰਜਾਬ ਸਿਰ ਵੱਖ ਚੜ੍ਹਿਆ,
ਕਰਜ਼ਾ ਲੋਕਾਂ ਦੇ ਸਿਰੀਂ ਕਈ ਲੱਖ ਬੇਲੀ।
ਦੁਖੀ ਕਿਸਾਨ ਤਾਂ ਦੁਖੀ ਮਜ਼ਦੂਰ ਦਿੱਸਣ,
ਕਾਰੋਬਾਰੀ ਕਈ ਵਿਲ੍ਹਕ ਰਹੇ ਵੱਖ ਬੇਲੀ।

-ਤੀਸ ਮਾਰ ਖਾਂ

## ਕੋਰੋਨਾ ਤੋਂ 7 ਗੁਣਾ ਖ਼ਤਰਨਾਕ ਵਾਇਰਸ, ਡਬਲਿਊ ਐੱਚ ਓ ਨੇ 'ਡਿਸੀਜ਼ ਐੱਕਸ' ਦਿੱਤਾ ਨਾਂਅ

**ਲੰਡਨ** : ਬ੍ਰਿਟੇਨ ਦੀ ਵੈਕਸੀਨ ਟਾਸਕ ਫੋਰਸ ਦੇ ਚੀਫ਼ ਡੇਮ ਕੇਟ ਬਿੰਘਮ ਦਾ ਕਹਿਣਾ ਹੈ ਕਿ ਅਗਲੀ ਮਹਾਂਮਾਰੀ 5 ਕਰੋੜ ਲੋਕਾਂ ਦੀ ਜਾਨ ਲੈ ਸਕਦੀ ਹੈ। ਵਰਲਡ ਹੈੱਲਥ ਆਰਗੇਨਾਈਜੇਸ਼ਨ (ਡਬਲਿਊ ਐੱਚ ਓ) ਨੇ ਇਸ ਨੂੰ ਐਂਟੀਸੀਪੇਟਿਡ ਮਹਾਂਮਾਰੀ ਨੂੰ ਡਿਸੀਜ਼ ਐੱਕਸ ਨਾਂਅ ਦਿੱਤਾ ਹੈ। ਉਥੇ ਹੀ 'ਡੇਲੀ ਮੇਲ' ਦੀ ਰਿਪੋਰਟ ਮੁਤਾਬਕ ਮਾਹਰਾਂ ਦਾ ਕਹਿਣਾ ਹੈ ਕਿ ਇਹ ਮਹਾਂਮਾਰੀ ਕੋਵਿਡ-19 ਤੋਂ 7 ਗੁਣਾ ਜ਼ਿਆਦਾ ਖ਼ਤਰਨਾਕ ਸਾਬਤ ਹੋ ਸਕਦੀ ਹੈ ਅਤੇ ਜਲਦ ਹੀ ਫੈਲ ਸਕਦੀ ਹੈ। ਮਤਲਬ ਇਸ ਦੇ ਮਾਮਲੇ ਜਲਦ ਸਾਹਮਣੇ ਆ ਸਕਦੇ ਹਨ। ਇਹ ਮਹਾਂਮਾਰੀ ਮੌਜੂਦਾ ਵਾਇਰਸ ਕਾਰਨ ਫੈਲੇਗੀ। ਇਸ ਤਰ੍ਹਾਂ ਇਸ ਲਈ, ਕਿਉਂਕਿ ਵਾਇਰਸ ਤੇਜ਼ੀ ਨਾਲ ਮਿਊਟੇਟ ਹੋ ਰਿਹਾ ਹੈ। ਮਿਊਟੇਸ਼ਨ ਦਾ ਮਤਲਬ ਹੁੰਦਾ ਹੈ ਕਿ ਕਿਸੇ ਜੀਵ ਦੇ ਜੈਨੇਟਿਕ ਮਟੀਰੀਅਲ 'ਚ ਬਦਲਾਅ। ਜਦ ਕੋਈ ਵਾਇਰਸ ਖੁਦ ਦੀਆਂ ਲੱਖਾਂ ਕਾਪੀਆਂ ਬਣਾਉਂਦਾ ਹੈ ਅਤੇ ਇਹ ਇਕ ਇਨਸਾਨ ਤੋਂ ਦੂਜੇ ਇਨਸਾਨ ਤੱਕ ਜਾਂ ਜਾਨਵਰ ਤੋਂ ਇਨਸਾਨ 'ਚ ਜਾਂਦਾ ਹੈ ਤਾਂ ਹਰ ਕਾਪੀ ਵੱਖਰੀ ਹੁੰਦੀ ਹੈ। ਕਾਪੀ 'ਚ ਇਹ ਅੰਤਰ ਵਧਦਾ ਜਾਂਦਾ ਹੈ। ਕੁਝ ਸਮੇਂ ਬਾਅਦ ਇੱਕ ਨਵਾਂ ਸਟ੍ਰੇਨ ਸਾਹਮਣੇ ਆਉਂਦਾ ਹੈ। ਇਹ ਬਹੁਤ ਆਮ ਪ੍ਰਕਿਰਿਆ ਹੈ। ਵਾਇਰਸ ਆਪਣਾ ਰੂਪ ਬਦਲਦੇ ਰਹਿੰਦੇ ਹਨ। ਸੀਜ਼ਨਲ ਇਨਫਲੂਏਂਜਾ ਤਾਂ ਹਰ ਸਾਲ ਨਵੇਂ ਰੂਪ 'ਚ ਸਾਹਮਣੇ ਆਉਂਦਾ ਹੈ। ਬ੍ਰਿਟੇਨ ਦੇ



ਵਿਗਿਆਨੀਆਂ ਨੇ ਡਿਸੀਜ਼ ਐੱਕਸ ਦੇ ਆਉਣ ਤੋਂ ਪਹਿਲਾਂ ਇਸ ਨਾਲ ਲੜਨ ਲਈ ਵੈਕਸੀਨ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਲਈ 25 ਤਰ੍ਹਾਂ ਦੇ ਵਾਇਰਸਾਂ 'ਤੇ ਸਟੱਡੀ ਕੀਤੀ ਜਾ ਰਹੀ ਹੈ। ਵਿਗਿਆਨੀਆਂ ਦਾ ਧਿਆਨ ਜਾਨਵਰਾਂ 'ਚ ਪਾਏ ਜਾਣ ਵਾਲੇ ਵਾਇਰਸਾਂ 'ਤੇ ਹੈ। ਮਤਲਬ ਉਹ ਵਾਇਰਸ ਜੋ ਜਾਨਵਰਾਂ ਤੋਂ ਇਨਸਾਨਾਂ 'ਚ ਫੈਲ ਸਕਦਾ ਹੈ। ਇਸ ਲਈ ਵਾਤਾਵਰਣ 'ਚ ਤਬਦੀਲੀ ਦੇ ਕਾਰਨ ਕਈ ਜਾਨਵਰ ਅਤੇ ਜੀਵ-ਜੰਤੂ ਰਿਹਾਇਸ਼ੀ ਇਲਾਕਿਆਂ 'ਚ ਰਹਿਣ ਲਈ ਆ ਰਹੇ ਹਨ। ਇਨਸਾਨਾਂ ਨੇ ਵਿਕਾਸ ਦੇ ਨਾਂਅ 'ਤੇ ਜੰਗਲਾਂ ਨੂੰ ਕੱਟ ਕੇ ਇੱਥੇ ਘਰ ਅਤੇ ਇੰਡਸਟਰੀਜ਼ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਕਾਰਨ ਸਾਡਾ ਜਾਨਵਰਾਂ, ਮੱਛਰਾਂ, ਬੈਕਟੀਰੀਆ, ਫੰਗਸ ਨਾਲ ਸੰਪਰਕ ਵਧ ਗਿਆ ਹੈ। ਦੂਜੇ ਪਾਸੇ ਇਹ ਸਾਰੇ ਜੀਵ-ਜੰਤੂ ਖੁਦ ਨੂੰ ਬਦਲਦੇ ਵਾਤਾਵਰਣ ਦੇ ਅਨੁਕੂਲ ਬਣਾ ਰਹੇ ਹਨ ਅਤੇ ਸਾਡੇ ਵਾਤਾਵਰਣ 'ਚ ਹੀ ਰਹਿ ਰਹੇ ਹਨ। ਇਨ੍ਹਾ ਤੋਂ ਕਈ ਬਿਮਾਰੀਆਂ ਫੈਲ ਰਹੀਆਂ ਹਨ, ਜੋ ਸਾਡੇ ਜੀਵਨ ਲਈ ਖ਼ਤਰਨਾਕ ਹਨ।

ਫਿਜ਼ੀਸ਼ੀਅਨ ਨੀਲ ਵੋਰਾ ਨੇ ਕਿਹਾ—ਇਹ ਆਉਣ ਵਾਲੇ ਸਮੇਂ ਦੀ ਪ੍ਰੇਸ਼ਾਨੀ ਨਹੀਂ ਹੈ। ਵਾਤਾਵਰਣ 'ਚ ਤਬਦੀਲੀ ਹਾਲੇ ਹੋ ਰਹੀ ਹੈ। ਲੋਕਾਂ 'ਤੇ ਇਸ ਦਾ ਅਸਰ ਵੀ ਹੋ ਰਿਹਾ ਹੈ। ਉਹ ਮਰ ਰਹੇ ਹਨ। ਕਈ ਖੋਜਾਂ 'ਚ ਸਾਹਮਣੇ ਆਇਆ ਕਿ ਜਲਵਾਯੂ ਤਬਦੀਲੀ ਨਾਲ ਬਿਮਾਰੀਆਂ ਫੈਲ ਰਹੀਆਂ ਹਨ। ਹੇਠਲੇ ਸਥਾਨ ਹੋਰ ਗਰਮ ਹੋ ਰਹੇ ਹਨ, ਇੱਥੇ ਰਹਿਣ ਵਾਲੇ ਜਾਨਵਰ ਵਧਦੇ ਤਾਪਮਾਨ ਨੂੰ ਝੱਲ ਨਹੀਂ ਪਾ ਰਹੇ, ਇਸ ਲਈ ਉੱਚੇ ਅਤੇ ਠੰਢੇ ਸਥਾਨਾਂ ਵੱਲ ਮਾਈਗ੍ਰੇਟ ਕਰ ਰਹੇ ਹਨ। ਇਨ੍ਹਾਂ ਦੇ ਨਾਲ ਬਿਮਾਰੀਆਂ ਵੀ ਇਨ੍ਹਾਂ ਇਲਾਕਿਆਂ ਤੱਕ ਪਹੁੰਚ ਰਹੀਆਂ ਹਨ। ਇੱਕ ਰਿਪੋਰਟ ਅਨੁਸਾਰ ਪੋਸਮਸ ਆਸਟ੍ਰੇਲੀਆ 'ਚ ਮਿਲਣ ਵਾਲਾ ਨਿਓਲੇ ਦੀ ਤਰ੍ਹਾਂ ਦਿਸਣ ਵਾਲਾ ਜਾਨਵਰ ਬੁਰੂਲੀ ਅਲਸਰ ਨਾਂਅ ਦੀ ਬਿਮਾਰੀ ਫੈਲਾਅ ਰਿਹਾ ਹੈ। ਪੋਸਮਸ ਆਸਟ੍ਰੇਲੀਆ ਦੇ ਤਾਪਮਾਨ 'ਚ ਹੀ ਰਹਿ ਸਕਦਾ ਹੈ, ਪਰ ਜੇਕਰ ਉਥੋਂ ਦੇ ਤਾਪਮਾਨ 'ਚ ਬਦਲਾਅ ਹੁੰਦਾ ਹੈ ਤਾਂ ਇਹ ਜੀਵ ਅਨੁਕੂਲ ਸਥਿਤੀ ਲੱਭਣ ਲਈ ਕਿਸੇ ਹੋਰ ਦੇਸ਼ ਜਾ ਸਕਦਾ ਹੈ।

## ਗਰਭਵਤੀ ਨੂੰ ਬਾਂਸ 'ਤੇ ਲਟਕਾ ਕੇ ਲੈ ਗਏ, ਰਸਤੇ 'ਚ ਹੀ ਡਲਿਵਰੀ



**ਬੜਵਾਨੀ** : ਸਰਕਾਰੀ ਵਿਵਸਥਾ 'ਤੇ ਸੱਟ ਮਾਰਦੀ ਇੱਕ ਇਸ ਤਰ੍ਹਾਂ ਦੀ ਤਸਵੀਰ ਸਾਹਮਣੇ ਆਈ, ਜਿਸ ਨੂੰ ਦੇਖ ਕੇ ਹਰ ਕਿਸੇ ਦਾ ਹਿਰਦਾ ਪਸੀਜ ਜਾਵੇ।

ਘਟਨਾ ਮੱਧ ਪ੍ਰਦੇਸ਼ ਦੇ ਬੜਵਾਨੀ ਜ਼ਿਲ੍ਹੇ ਦੀ ਹੈ, ਜਿੱਥੇ 27 ਸਾਲਾ ਇੱਕ ਗਰਭਵਤੀ ਨੂੰ ਕੱਪੜੇ 'ਚ ਲਪੇਟ ਕੇ ਨਾਲਾ ਪਾਰ ਕਰਾਇਆ ਜਾ ਰਿਹਾ ਸੀ। ਮਹਿਲਾ ਨੂੰ ਇੱਕ ਬਾਂਸ ਦੇ ਸਹਾਰੇ ਲਟਕਾਇਆ ਗਿਆ ਅਤੇ ਕੁਝ ਲੋਕ ਆਪਣੇ ਮੋਢਿਆਂ 'ਤੇ ਇਸ ਬਾਂਸ ਨੂੰ ਰੱਖ ਕੇ ਗਰਭਵਤੀ ਮਹਿਲਾ ਨੂੰ ਨਾਲਾ ਪਾਰ ਰਹੇ ਹਨ। ਗਰਭਵਤੀ ਦਰਦ ਨਾਲ ਤੜਫ ਰਹੀ ਸੀ। ਮਹਿਲਾ ਤੱਕ ਐਂਬੂਲੈਂਸ ਇਸ ਲਈ ਨਹੀਂ ਪਹੁੰਚ ਸਕੀ, ਕਿਉਂਕਿ ਉਸ ਦੇ ਘਰ ਤੱਕ ਜਾਣ ਵਾਲੀ ਸੜਕ ਬੁਰੀ ਤਰ੍ਹਾਂ ਖਰਾਬ ਹੋ ਗਈ ਅਤੇ ਉਥੇ ਮੀਂਹ ਕਾਰਨ ਨਾਲਿਆਂ 'ਚ ਪਾਣੀ ਵਧ ਗਿਆ ਸੀ। ਹਾਲਾਤ ਇਹ ਹੋ ਗਏ ਕਿ ਮਹਿਲਾ ਨੇ ਰਸਤੇ 'ਚ ਹੀ ਬੱਚੇ ਨੂੰ ਜਨਮ ਦੇ ਦਿੱਤਾ।

## ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੇ ਲੋਕਾਂ ਨੂੰ ਸਾਫ-ਸਫਾਈ ਸੰਬੰਧੀ ਕੀਤਾ ਜਾਗਰੂਕ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ 2 ਅਕਤੂਬਰ ਤੱਕ ਚੱਲਣ ਵਾਲਾ "ਸਵੱਛਤਾ ਹੀ ਸੇਵਾ" ਅਭਿਆਨ ਤਹਿਤ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਮੋਹਨ ਕੇ ਉਤਾੜ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਮਕੈਨੀਕਲ ਸਰਕਲ ਦੇ ਨਿਗਰਾਨ ਇੰਜੀਨੀਅਰ ਰਵਦੀਸ਼ਪਾਲ ਸਿੰਘ, ਕਾਰਜਕਾਰੀ ਇੰਜੀਨੀਅਰ ਜੋਹਨੀ ਖੰਨਾ ਤੇ ਹਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਿਆ ਰਾਣੀ ਵੱਲੋਂ ਪਿੰਡ ਵਾਸੀਆਂ ਨੂੰ ਆਪਣਾ ਆਲਾ-ਦੁਆਲਾ ਹਰ ਪੱਖੋਂ ਸਾਫ ਸੁਥਰਾ ਰੱਖਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਪਿੰਡ ਦੇ ਵਾਤਾਵਰਨ ਨੂੰ ਸਾਫ-ਸੁਥਰਾ ਰੱਖਿਆ ਜਾ ਸਕੇ।ਉਨ੍ਹਾਂ ਵੱਲੋਂ ਪਿੰਡਾਂ ਵਿੱਚ ਲੱਗ ਰਹੇ ਸੁੱਕੇ, ਗਿੱਲੇ ਕੂੜੇ ਦੇ ਪ੍ਰੋਜੈਕਟ ਸੋਲਡ ਵੇਸਟ ਮੈਨੇਜਮੈਂਟ ਬਾਰੇ ਵੀ ਦੱਸਿਆ ਗਿਆ।ਇਸ ਦੌਰਾਨ ਪਿੰਡ ਵਾਸੀਆਂ ਨੇ ਆਪਣਾ ਆਲਾ-ਦੁਆਲਾ ਸਾਫ ਸੁਥਰਾ ਰੱਖਣ ਤੇ ਕੁਦਰਤ ਨੂੰ ਹਰ-ਭਰਾ ਰੱਖਣ ਲਈ ਦਰੱਖਤ ਲਗਾਉਣ ਦਾ ਪ੍ਰਣ ਵੀ ਕੀਤਾ।

## ਸ੍ਰੀ ਰਾਧਾ ਅਸ਼ਟਮੀ 'ਤੇ ਕੜੀ ਚਾਵਲ ਦਾ ਲੰਗਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਰੋਡ 'ਤੇ ਸ੍ਰੀ ਰਾਧਾ ਅਸ਼ਟਮੀ 'ਤੇ ਜੈਦਕਾ ਮਾਰਕਿਟ ਦੇ ਦੁਕਾਨਦਾਰਾਂ ਵੱਲੋਂ ਕੜੀ ਚਾਵਲ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਬਿੰਦੂ ਜੈਦਕਾ, ਰੋਸ਼ਨ ਲਾਲ ਰੋਸ਼ੀ ਨੇ ਕਿਹਾ ਕਿ ਰਾਧਾ ਅਸ਼ਟਮੀਂ ਦੇ ਦਿਨ ਰਾਧਾ ਤੇ ਸ਼੍ਰੀ ਕ੍ਰਿਸ਼ਨ ਦੋਵਾਂ ਦੀ ਪੂਜਾ ਕੀਤੀ ਜਾਂਦੀ ਹੈ, ਜੋ ਵਿਅਕਤੀ ਰਾਧਾ ਜੀ ਨੂੰ ਖੁਸ਼ ਕਰ ਲੈਂਦਾ ਹੈ, ਉਸ ਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਵੀ ਮਿਲ ਜਾਂਦੇ ਹਨ, ਅਜਿਹੀ ਮਾਨਤਾ ਹੈ। ਇਸ ਮੌਕੇ ਸੰਦੀਪ ਠੰਡੂ, ਵਿਕਾਸ ਕਟਾਰੀਆ, ਨਰੇਸ਼ ਜੈਦਕਾ, ਡਾ. ਦਿਨੇਸ਼ ਗੁਪਤਾ ਤੇ ਹੋਰਨਾਂ ਨੇ ਵੀ ਬੜੇ ਉਤਸ਼ਾਹ ਨਾਲ ਕੜੀ ਚਾਵਲ ਦਾ ਲੰਗਰ ਵਰਤਾਇਆ।

## ਸੰਤਾਂ ਵੱਲੋਂ ਦਿੱਤੇ ਉਪਦੇਸ਼ਾਂ ਨੂੰ ਜ਼ਿੰਦਗੀ 'ਚ ਅਪਨਾਉਣ ਦੀ ਲੋੜ : ਵਿਵੇਕ ਮੁਨੀ



**ਤਪਾ ਮੰਡੀ (ਅਰੁਣ ਗੋਇਲ)**-ਢਿੱਲਵਾਂ ਰੋਡ ਸਥਿਤ ਡੇਰਾ ਬਾਬਾ ਧੂਣੀ ਦਾਸ ਬਜਰੰਗਪੁਰ ਢਿੱਲਵਾਂ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਡੇਰਾ ਮੁਖੀ ਵਿਵੇਕ ਮੁਨੀ ਦੀ ਦੇਖ-ਰੇਖ ਹੇਠ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਵਿਵੇਕ ਮੁਨੀ ਨੇ ਸੰਗਤ ਨੂੰ ਪ੍ਰੇਰਦਿਆਂ ਦੱਸਿਆ ਕਿ ਸੰਤਾਂ ਵੱਲੋਂ ਦਿੱਤੇ ਉਪਦੇਸ਼ਾਂ ਨੂੰ ਆਪਣੀ ਜ਼ਿੰਦਗੀ 'ਚ ਅਪਣਾਉਣਾ ਚਾਹੀਦਾ ਹੈ ਤੇ ਹਮੇਸ਼ਾ ਹੀ ਲੋੜਵੰਦਾਂ ਦੀ ਸੱਚੇ ਮਨ ਨਾਲ ਮਦਦ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਸੰਗਤਾਂ ਲਈ ਲੰਗਰ ਵਰਤਾਇਆ ਗਿਆ। ਇਸ ਮੌਕੇ ਜੈ ਮੁਨੀ, ਪ੍ਰਕਾਸ਼ ਚੰਦ, ਚਮਕੌਰ ਦਰਾਜ, ਪਾਲਾ ਖੱਤਰੀ, ਜਤਿੰਦਰ ਟੋਨੀ, ਕਾਲਾ ਆਲੂਆਂ ਵਾਲਾ, ਧਰਮ ਪਾਲ ਬਾਂਸਲ, ਵਿਨੋਦ ਬਦਰਾ, ਕੁਲਦੀਪ ਸਿੰਘ, ਉਦੇ ਦਾਸ, ਜੱਗਰ ਸਿੰਘ, ਸੇਵਾ ਦਾਸ ਆਦਿ ਸੰਗਤ ਹਾਜ਼ਰ ਸੀ। ਇਸ ਤੋਂ ਇਲਾਵਾ ਡੇਰਾ ਬਾਬਾ ਪੂਰਨ ਦਾਸ ਘੁੰਨਸ ਵਿਖੇ ਵੀ ਸ੍ਰੀ ਚੰਦ ਦਾ ਦਿਹਾੜਾ ਮਨਾਇਆ ਗਿਆ।

## ਸੰਕਲਪ ਸੁਸਾਇਟੀ ਤੇ ਐੱਲ ਜੇ ਐੱਨ ਕੰਸਲਟੈਂਸੀ ਮਿਲ ਕੇ ਕਰਨਗੇ ਨੌਜਵਾਨਾਂ ਦੇ ਬਿਹਤਰ ਭਵਿੱਖ ਲਈ ਉਪਰਾਲੇ : ਸੰਧੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਕੋਟਕਪੂਰਾ ਰੋਡ ਸਥਿਤ ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਦੇ ਮੁੱਖ ਦਫਤਰ ਵਿਖੇ ਬੀਤੇ ਦਿਨੀਂ ਐੱਲ.ਜੇ.ਐੱਨ. ਕੰਸਲਟੈਂਸੀ ਦਾ ਆਪਸੀ ਸਮਝੌਤਾ ਹੋਇਆ। ਜਾਣਕਾਰੀ ਦਿੰਦਿਆਂ ਸੰਸਥਾ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਕੰਪਨੀ ਦੇ ਫਾਊਂਡਰ ਤੇ ਸੀ.ਈ.ਓ. ਮਨਪ੍ਰੀਤ ਸਿੰਘ ਭਾਰੀ ਦੀ ਮੌਜੂਦਗੀ ਵਿੱਚ ਜਿੱਥੇ ਕੰਪਨੀ ਦੀ ਸਾਲਾਨਾ ਵਰ੍ਹੇਗੰਢ ਮਨਾਈ ਗਈ, ਉੱਥੇ ਨੌਜਵਾਨ ਲੜਕੇ-ਲੜਕੀਆਂ ਦੇ ਰੋਜ਼ਗਾਰ ਲਈ ਇੰਟਰਨੈਸ਼ਨਲ ਆਨਲਾਈਨ ਪੋਰਟਲ ਦੀ ਸ਼ੁਰੂਆਤ ਵੀ ਕੀਤੀ। ਸੰਸਥਾ ਦੀ ਚੇਅਰਪਰਸਨ ਕੇ ਕੇ ਬਰਾੜ ਨੇ ਇਸ ਸ਼ੁੱਭ ਮੌਕੇ ਸਭਨਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ 'ਚ ਸੰਸਥਾ ਤੇ ਕੰਪਨੀ ਦੇ ਆਪਸੀ ਰਿਸ਼ਤੇ ਹੋਰ ਮਜ਼ਬੂਤ ਕਰਨ ਦੀ ਵਚਨਬੱਧਤਾ ਦੁਹਰਾਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਮਾਸਟਰ ਸੁਖਤੇਜ ਸਿੰਘ ਨੇ ਇਸ ਗੱਲ ਦੀ ਪ੍ਰੋੜਤਾ ਕੀਤੀ ਕਿ ਅਜੋਕੇ ਸਮੇਂ ਦਾ ਹਾਣੀ ਬਣਨਾ ਮਨੁੱਖ ਦੀ ਸਭ ਤੋਂ ਵੱਡੀ ਜ਼ਰੂਰਤ ਹੈ ਤੇ ਇਸ ਸਾਂਝੇ ਸਮਝੌਤੇ ਦਾ ਲਾਹਾ ਵਿਦੇਸ਼ ਜਾਣ ਦੇ ਚਾਹਵਾਨ ਤੇ ਦੇਸ਼ ਅੰਦਰ ਹੀ ਨੌਕਰੀ ਕਰਨ ਜਾਂ ਆਪਣਾ ਰੋਜ਼ਗਾਰ ਚਲਾਉਣ ਵਾਲੇ ਨੌਜਵਾਨਾਂ ਲਈ ਮੀਲ ਪੱਥਰ ਸਾਬਿਤ ਹੋਵੇਗਾ। ਜ਼ਿਕਰਯੋਗ ਹੈ ਕਿ ਕੰਪਨੀ ਦੀ ਮੈਨੇਜਿੰਗ ਡਾਇਰੈਕਟਰ ਮਿਸ ਕਮਲਪ੍ਰੀਤ ਕੌਰ ਤੇ ਸੰਸਥਾ ਦੇ ਜਨਰਲ ਸਕੱਤਰ ਸਤਵਿੰਦਰ ਸਿੰਘ ਬਰਾੜ ਦੀ ਦੇਖ-ਰੇਖ ਹੇਠ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਕੀਰਤੀਮਾਨ ਸਥਾਪਤ ਕਰਨ ਲਈ ਅਗਲੇਰੀ ਮੀਟਿੰਗ ਜਲਦੀ ਹੀ ਗੁਜਰਾਤ ਦੇ ਪੋਰਬੰਦਰ ਵਿੱਚ ਕਰਨ ਦੀ ਸਹਿਮਤੀ ਜਤਾਈ। ਇਸ ਮੌਕੇ ਨਰਿੰਦਰ ਸਿੰਘ ਸੰਧੂ, ਸੁਖਤੇਜ ਸਿੰਘ, ਚਮਕੌਰ ਸਿੰਘ, ਅਰਸ਼ਦੀਪ ਸਿੰਘ, ਮਨਦੀਪ ਸਿੰਘ, ਭਵਕੀਰਤ ਸਿੰਘ ਸੰਧੂ, ਮਨਪ੍ਰੀਤ ਸਿੰਘ ਢਿੱਲੋਂ, ਮਨਜੀਤ ਕੌਰ ਤੇ ਮਨਦੀਪ ਕੌਰ ਆਦਿ ਮੌਜੂਦ ਸਨ।

## ਸ੍ਰੀ ਗਣੇਸ਼ ਮਹਾਂਉਤਸਵ ਧੂਮ-ਧਾਮ ਨਾਲ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗਣਪਤੀ ਸੇਵਾ ਮੰਡਲ ਵੱਲੋਂ 16ਵਾਂ ਸ੍ਰੀ ਗਣੇਸ਼ ਮਹਾਂਉਤਸਵ ਜਨਤਾ ਧਰਮਸ਼ਾਲਾ ਵਿਖੇ ਧੂਮ-ਧਾਮ ਨਾਲ ਮਨਾਇਆ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਪਹੁੰਚ ਕੇ ਸੂਰਿਆ ਕਾਂਤ ਸ਼ਾਸਤਰੀ ਦੇ ਭਜਨਾਂ ਨਾਲ ਖੂਬ ਨੱਚ ਟੱਪ ਕੇ ਖੁਸ਼ੀ ਮਨਾਈ। ਇਸ ਮੌਕੇ ਸ੍ਰੀ ਗਣਪਤੀ ਸੇਵਾ ਮੰਡਲ ਦੇ ਚੇਅਰਮੈਨ ਸੁਖਜੀਵਨ ਬਾਂਸਲ ਭਗਤੂ, ਪ੍ਰਧਾਨ ਰਾਕੇਸ਼ ਬਾਂਸਲ ਰਿੰਪੀ, ਉੱਪ ਪ੍ਰਧਾਨ ਨਵਦੀਪ ਗੋਇਲ ਦੀਪੀ, ਸਰਪ੍ਰਸਤ ਅਜੇ ਕੁਮਾਰ ਗੁਪਤਾ, ਸੈਕਟਰੀ ਮਦਨ ਗਰਗ ਸੋਨੂੰ, ਕੈਸ਼ੀਅਰ ਸੰਜੀਵ ਗਰਗ, ਪੀ.ਆਰ.ਓ. ਅੰਕੁਸ਼ ਗੋਇਲ, ਗੌਤਮ ਬਾਂਸਲ, ਸੰਜੀਵ ਗੋਇਲ, ਗੋਰਾ ਲਾਲ ਗੋਇਲ, ਮੁਨੀਸ਼ ਗੁਪਤਾ, ਅਮਿਤ ਗਰਗ, ਮਿਲਨ ਗਰਗ, ਗੌਤਮ ਬਾਂਸਲ, ਸੰਜੂ ਗਰਗ, ਵਿਵੇਕ ਗੋਇਲ, ਕ੍ਰਿਸ਼ਨ ਬਾਂਸਲ, ਤਰੁਣ ਸਿੰਗਲਾ, ਮੋਹਨ ਲਾਲ ਗੋਇਲ, ਪ੍ਰਦੀਪ ਕੁਮਾਰ, ਰੋਕੀ ਗਰਗ, ਵਿਜੇ ਮਿੱਤਲ, ਵਿਕਰਮ ਸਿੰਗਲਾ, ਵਿਜੇ ਮੋਹਨ, ਦਵਿੰਦਰ ਕੁਮਾਰ ਬੱਲੂ, ਹੇਮ ਰਾਜ ਵੱਲੋਂ ਸੂਰਿਆਂ ਕਾਂਤ ਸ਼ਾਸਤਰੀ ਨੂੰ ਵਿਸ਼ੇਸ ਤੌਰ 'ਤੇ ਸਨਮਾਨਤ ਕੀਤਾ ਗਿਆ ਤੇ ਸ਼ਰਧਾਲੂਆਂ ਲਈ ਰੋਜ਼ਾਨਾ ਦੀ ਤਰ੍ਹਾਂ ਲੰਗਰ ਦਾ ਪੂਰਾ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਕਮਲ ਕਿਸ਼ੋਰ ਗਰਗ ਆੜ੍ਹਤੀ, ਲਖਵਿੰਦਰ ਲੱਖਾ, ਸੰਜੀਵ ਗਰਗ ਆੜ੍ਹਤੀ, ਅਭਿਲਾਸ਼ ਗਰਗ ਜੁਗਨੀ ਆੜ੍ਹਤੀ, ਅਸ਼ੋਕ ਜਿੰਦਲ ਆੜ੍ਹਤੀ, ਬਲਵਿੰਦਰ ਗਰਗ, ਕ੍ਰਿਸ਼ਨ ਗਰਗ, ਦੀਪਕ ਬਾਂਸਲ, ਕੇਵਲ ਕ੍ਰਿਸ਼ਨ ਬਾਂਸਲ, ਤੀਰਥ ਬਾਂਸਲ, ਯਸ਼ਪਾਲ ਬਿੱਟੂ, ਵਿਜੇ ਸ਼ਰਮਾ, ਅਸ਼ਵਨੀ ਸ਼ਰਮਾ, ਸੰਦੀਪ ਠੰਡੂ, ਦੀਪਕ ਗਰਗ ਬੌਬੀ, ਰਾਮਾ ਗਰਗ, ਮੋਹਨ ਗਰਗ, ਸਾਜਨ ਜੱਸੋਵਾਲ, ਅਮਿਤ ਗੋਇਲ ਐਡਵੋਕੇਟ, ਟੋਨੀ ਗੋਇਲ, ਦੀਪੂ ਗੋਇਲ ਤੇ ਹੋਰ ਹਾਜ਼ਰ ਸਨ।

## ਸਿਪਾਹੀ ਦਰਸ਼ਨ ਸਿੰਘ ਸਕੂਲ ਸ਼ੇਰੋਂ 'ਚ ਐੱਨ ਆਈ ਐੱਲ ਪੀ ਦਾ ਪੇਪਰ ਲਿਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਿਪਾਹੀ ਦਰਸ਼ਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰੋਂ ਵਿਖੇ ਐੱਨ. ਆਈ. ਐੱਲ. ਪੀ. ਦਾ ਪੇਪਰ ਲਿਆ ਗਿਆ। ਭਾਰਤ ਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਬੀਤੇ ਦਿਨ ਨਿਊ ਇੰਡੀਆ ਲਿਟਰੇਸੀ ਪ੍ਰੋਗਰਾਮ ਤਹਿਤ ਸਿਪਾਹੀ ਦਰਸ਼ਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰੋਂ ਵਿਖੇ ਸੰਜੀਵ ਕੁਮਾਰ ਡੀ.ਈ.ਓ. (ਐੱਸ ਸੀ), ਡਾਇਟ ਪ੍ਰਿੰਸੀਪਲ ਵਰਿੰਦਰ ਕੌਰ ਤੇ ਸੰਗਰੂਰ ਪ੍ਰਿੰਸੀਪਲ ਡਾਕਟਰ ਓਮ ਪ੍ਰਕਾਸ਼ ਸੇਤੀਆ ਅਤੇ ਯਾਦਵਿੰਦਰ ਸਿੰਘ ਕੰਪਿਊਟਰ ਫੈਕਲਟੀ ਇੰਚਾਰਜ ਐੱਨ.ਆਈ.ਐੱਲ.ਪੀ., ਨੀਤੂ ਸ਼ਰਮਾ ਐੱਨ.ਆਈ.ਐੱਲ.ਪੀ. ਇੰਚਾਰਜ ਦੀ ਅਗਵਾਈ ਹੇਠ ਐੱਨ.ਸੀ.ਸੀ. ਵਲੰਟੀਅਰਜ਼ ਲਕਸ਼ਮੀ, ਸੰਦੀਪ ਕੌਰ, ਮਨਪ੍ਰੀਤ ਕੌਰ ਤੇ ਕਿਰਨਦੀਪ ਕੌਰ ਅਤੇ ਗੌਰਮਿੰਟ ਪ੍ਰਾਇਮਰੀ ਸਕੂਲ ਸ਼ੇਰੋਂ ਦੇ ਇੰਚਾਰਜ ਗੁਰਭੇਜ ਸਿੰਘ ਦੀ ਅਗਵਾਈ ਅਧੀਨ ਗੁਰਜਿੰਦਰ ਸਿੰਘ ਨੇ ਐੱਨ.ਆਈ.ਐੱਲ.ਪੀ. ਵਲੰਟੀਅਰ ਦੇ ਤੌਰ 'ਤੇ ਕੰਮ ਕੀਤਾ। ਐੱਨ.ਆਈ.ਐੱਲ.ਪੀ. ਵਲੰਟੀਅਰ ਨੇ ਪੇਪਰ ਵਿੱਚ 35 ਸਾਲ ਤੋਂ 80 ਸਾਲ ਤੱਕ ਦੇ ਸਿਖਿਆਰਥੀਆਂ ਨੂੰ ਭਾਗ ਦਿਵਾਇਆ। ਇਨ੍ਹਾਂ ਸਾਰੇ ਸਿਖਿਆਰਥੀਆਂ ਨੂੰ ਐੱਨ ਆਈ ਐੱਲ ਪੀ ਵਲੰਟੀਅਰ ਦੁਆਰਾ ਵੱਖ-ਵੱਖ ਸਥਾਨ ਹੰਦੂ ਪੱਤੀ, ਅਮਰਾ ਪੱਤੀ, ਢਿੱਲੋਂ ਪੱਤੀ ਵਿੱਚ ਸ਼ਾਮ ਨੂੰ ਪੜ੍ਹਾਇਆ ਜਾਂਦਾ ਹੈ ਤਾਂ ਜੋ ਸਾਖਰਤਾ ਮਿਸ਼ਨ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਪੇਪਰ ਦੌਰਾਨ ਐੱਸ.ਐੱਮ.ਸੀ. ਕਮੇਟੀ ਦੇ ਮੈਂਬਰ ਗੁਰਪ੍ਰੀਤ ਸਿੰਘ ਚੇਅਰਮੈਨ, ਮੱਖਣ ਸਿੰਘ ਸਾਬਕਾ ਚੇਅਰਮੈਨ, ਵਾਈਸ ਚੇਅਰਮੈਨ ਕੰਚਨ ਰਾਣੀ ਵੀ ਸ਼ਾਮਲ ਸਨ।

# ਪਾਵਰਕਾਮ ਦੇ ਡਵੀਜ਼ਨ ਦਫ਼ਤਰ ਸਾਹਮਣੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਧਰਨਾ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਕਿਰਤੀ ਕਿਸਾਨ ਯੂਨੀਅਨ ਨੇ ਪਾਵਰਕਾਮ ਵੱਲੋਂ ਸਮਾਰਟ ਚਿੱਪ ਮੀਟਰ ਲਾਉਣ ਵਿਰੁੱਧ ਪਾਤੜਾਂ ਦੇ ਐਕਸੀਅਨ ਦਫਤਰ ਸਾਹਮਣੇ ਰੋਹ ਭਰਪੂਰ ਧਰਨਾ ਦਿੱਤਾ। ਇਸ ਦੌਰਾਨ ਯੂਨੀਅਨ ਦੇ ਵਰਕਰਾਂ ਨੇ ਦੇਧਨਾਂ ਪਿੰਡ ਵਿੱਚ ਲਗਾਏ ਚਾਰ ਸਮਾਰਟ ਮੀਟਰ ਨੂੰ ਪੱਟ ਕੇ ਧਰਨੇ ਦੌਰਾਨ ਐਕਸੀਅਨ ਦਫਤਰ ਵਿਖੇ ਜਮ੍ਹਾਂ ਕਰਾ ਕੇ ਪੁਰਾਣੇ ਇਲੈਕਟ੍ਰਾਨਿਕ ਮੀਟਰ ਲਾਉਣ ਦੀ ਮੰਗ ਕੀਤੀ। ਇਸ ਦੌਰਾਨ ਐਕਸੀਅਨ ਪਾਤੜਾਂ ਨੂੰ ਯੂਨੀਅਨ ਦਾ ਵਫ਼ਦ ਮਿਲਿਆ। ਵਫ਼ਦ ਨੇ ਮੀਟਰਾਂ ਨੂੰ ਡੀ-ਕੋਡ ਦਿਖਾ ਕੇ ਕੀਤੇ ਜਾ ਰਹੇ ਜੁਰਮਾਨਿਆਂ ਨੂੰ ਰੱਦ ਕਰਨ ਦੀ ਮੰਗ ਕੀਤੀ। ਐਕਸੀਅਨ ਨੇ ਜੁਰਮਾਨਿਆਂ ਦੇ ਮਾਮਲੇ ਤੇ ਗੋਰ ਕਰਨ ਤੇ ਬਾਕੀ ਮੰਗਾਂ ਉੱਚ ਅਧਿਕਾਰੀਆਂ ਨੂੰ ਭੇਜਣ ਦਾ ਭਰੋਸਾ ਦਿੱਤਾ। ਪਾਵਰਕਾਮ ਡਵੀਜ਼ਨ ਦਫ਼ਤਰ ਸਾਹਮਣੇ ਕਰੀਬ ਤਿੰਨ ਘੰਟੇ ਚੱਲੇ ਰੋਸ ਪ੍ਰਦਰਸ਼ਨ ਨੂੰ ਜਥੇਬੰਦੀ ਦੇ ਸੂਬਾ ਪ੍ਰੈਸ ਸਕੱਤਰ ਰਮਿੰਦਰ ਸਿੰਘ ਪਟਿਆਲਾ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਹਰਵਿੰਦਰ ਸਿੰਘ ਗਿੱਲ ਨੇ ਕਿਹਾ ਕਿ ਅਸਲ ਵਿੱਚ ਸਰਕਾਰ ਬਿਜਲੀ ਦੇ ਵੰਡ ਖੇਤਰ ਨੂੰ ਕਾਰਪੋਰੇਟ ਦੇ ਹਵਾਲੇ ਕਰਨ ਦੀ ਨੀਤੀ ਤਹਿਤ ਸਮਾਰਟ ਚਿੱਪ ਮੀਟਰ ਲਾਉਣ ਦੇ ਰਾਹ ਤੁਰੀ ਹੈ। ਇਸ ਨੀਤੀ ਨਾਲ ਬਿਜਲੀ ਖੇਤਰ ਦਾ ਮੁਕੰਮਲ ਨਿੱਜੀਕਰਨ ਹੋ ਜਾਵੇਗਾ, ਸਿੱਟੇ ਵਜੋਂ ਲੋਕਾਂ ਨੂੰ ਮਿਲਦੀਆਂ ਸਬਸਿਡੀਆਂ ਅਤੇ ਰਾਹਤਾਂ ਦਾ ਭੋਗ ਪੈ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਉਂਝ ਤਾਂ ਬਿਜਲੀ ਸੰਵਿਧਾਨ ਵਿੱਚ ਸੂਬਿਆਂ ਦਾ ਅਧਿਕਾਰ ਖੇਤਰ ਹੈ, ਪ੍ਰੰਤੂ ਕੇਂਦਰ ਦੀ ਭਾਜਪਾ ਸਰਕਾਰ ਕਾਰਪੋਰੇਟ ਦੀ ਸੇਵਾ ਵਿੱਚ ਸੰਵਿਧਾਨਕ ਨਿਯਮਾਂ ਨੂੰ ਛਿੱਕੇ ਟੰਗ ਕੇ ਬਿਜਲੀ ਐਕਟ ਵਿੱਚ ਸੋਧ ਕਰਕੇ ਮੁਕੰਮਲ ਨਿੱਜੀਕਰਨ ਦੇ ਰਾਹ ਤੁਰੀ ਹੋਈ ਹੈ। ਕਿਸਾਨਾਂ ਮਜ਼ਦੂਰਾਂ ਦੇ ਸੰਘਰਸ਼ ਦੇ ਚੱਲਦਿਆਂ ਭਾਵੇਂ ਸੋਧ ਬਿੱਲ ਸੰਸਦੀ ਕਮੇਟੀ ਨੂੰ ਭੇਜ ਦਿੱਤਾ ਗਿਆ, ਪਰ ਸਰਕਾਰ ਨੇ ਸਮਾਰਟ ਚਿੱਪ ਮੀਟਰ ਲਾਉਣ ਦੀ ਲੋਕ ਵਿਰੋਧੀ ਮੁਹਿੰਮ ਵਿੱਢ ਦਿੱਤੀ ਹੈ। ਪੰਜਾਬ ਸਰਕਾਰ ਇਸ ਮੁਹਿੰਮ ਵਿੱਚ ਮੋਦੀ ਸਰਕਾਰ ਦੀ ਹਥਠੋਕਾ ਬਣ ਕੇ ਲੋਕਾਂ ਵਿਰੁੱਧ ਭੁਗਤ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵਲੋਂ ਸਮਾਰਟ ਚਿੱਪ ਮੀਟਰਾਂ ਦਾ ਵਿਰੋਧ ਕਰਨ ਦਾ ਫੈਸਲਾ ਹੈ।

ਇਕੱਠ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ ਤੇ ਜ਼ਿਲ੍ਹਾ ਆਗੂ ਸ਼ੇਰ ਸਿੰਘ ਕਾਕੜਾ ਨੇ ਕਿਹਾ ਕਿ ਐਕਸੀਅਨ ਤੇ ਦੋਸ਼ ਲਾਉਂਦਿਆਂ ਕਿਹਾ ਕਿ ਮਹਿਕਮੇ ਦੇ ਉੱਚ ਅਧਿਕਾਰੀਆਂ ਦੇ ਦਬਾਉ ਥੱਲੇ ਲੋਕਾਂ ਦੇ ਠੀਕ ਠਾਕ ਚੱਲਦੇ ਮੀਟਰਾਂ ਨੂੰ ਡੀ-ਕੋਡ ਦਿਖਾ ਕੇ ਸਮਾਰਟ ਚਿੱਪ ਮੀਟਰਾਂ ਦੇ ਰੂਪ ਵਿੱਚ ਬਦਲਣ ਅਤੇ ਜੁਰਮਾਨੇ ਕਰਨ ਦੀ ਮੁਹਿੰਮ ਛੇੜੀ ਜਾ ਰਹੀ ਜਿਸਦਾ ਜੋਰਦਾਰ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਥੇਬੰਦੀ ਨੇ ਪਹਿਲਾ ਵੀ ਮੀਟਰ ਉਤਾਰ ਕੇ ਜਮ੍ਹਾਂ ਕਰਾਏ ਗਏ ਸਨ। ਅੱਜ ਅਸੀਂ ਚਾਰ ਹੋਰ ਸਮਾਰਟ ਚਿੱਪ ਮੀਟਰ ਪੱਟ ਕੇ ਜਮ੍ਹਾਂ ਕਰਾ ਰਹੇ ਹਾਂ। ਉਨ੍ਹਾਂ ਮਹਿਕਮੇ ਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਲੋਕਾਂ ਤੇ ਪਾਏ ਗਏ ਜੁਰਮਾਨੇ ਰੱਦ ਨਾ ਕੀਤੇ ਤਾਂ ਜਥੇਬੰਦੀ ਸੰਘਰਸ਼ ਨੂੰ ਤੇਜ਼ ਕਰਨ ਲਈ ਮਜਬੂਰ ਹੋਵੇਗੀ।

# ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਸੰਗਰੂਰ 'ਚ ਕੀਤੀ ਜਾਵੇਗੀ ਸੂਬਾ ਪੱਧਰੀ ਰੋਸ ਰੈਲੀ



**ਮੱਖੂ (ਰਛਪਾਲ ਸਿੰਘ ਸੰਧੂ)**-ਪੰਜਾਬ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇਂ ਲੰਮੇ ਸਮੇਂ ਤੋਂ ਲਟਕ ਰਹੀਆਂ ਹੱਕੀ ਮੰਗਾਂ ਨੂੰ ਲੈ ਕੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ 'ਤੇ ਹੱਲਾ ਬੋਲਣ ਲਈ ਪ੍ਰੋਗਰਾਮ ਉਲੀਕ ਲਿਆ ਹੈ ਤੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ 2 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਰੋਸ ਰੈਲੀ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੀ ਬਲਾਕ ਪ੍ਰਧਾਨ ਸੁਲਕਸ਼ਨਾ ਸ਼ਰਮਾ ਨੇ ਦਿੰਦਿਆਂ ਕਿਹਾ ਕਿ 2 ਅਕਤੂਬਰ 1975 ਨੂੰ ਕੇਂਦਰ ਸਰਕਾਰ ਨੇ ਆਈਸੀਡੀਐਸ ਸਕੀਮ ਸੁਰੂ ਕੀਤੀ ਸੀ ਤੇ ਇਸ ਸਕੀਮ ਨੂੰ ਚੱਲਦਿਆਂ ਲਗਭਗ 48 ਸਾਲ ਬੀਤ ਚੁੱਕੇ ਹਨ। ਪਰ ਹੈਰਾਨੀ ਭਰੀ ਗੱਲ ਹੈ ਕਿ ਐਨਾ ਲੰਮਾ ਸਮਾਂ ਬੀਤਣ ਦੇ ਬਾਵਜੂਦ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਅੱਖੋਂ ਪਰੋਖੇ ਕਰੀ ਰੱਖਿਆ ਤੇ ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਰਿਹਾ, ਜਿਸ ਕਰਕੇ ਜਥੇਬੰਦੀ ਨੂੰ ਭਾਰੀ ਸੰਘਰਸਾਂ ਵਿਚੋਂ ਗੁਜ਼ਰਨਾ ਪਿਆ ਹੈ ਤੇ ਜੇਲ੍ਹਾਂ ਤੱਕ ਜਾਣਾ ਪਿਆ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨਵੀਂ ਵਿੱਦਿਆ ਨੀਤੀ ਅਨੁਸਾਰ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦੇਵੇ ਤੇ ਹੈਲਪਰਾਂ ਨੂੰ ਚੌਥੇ ਦਰਜੇ ਦਾ ਗਰੇਡ ਦਿੱਤਾ ਜਾਵੇ, 2017 ਤੋਂ ਆਂਗਣਵਾੜੀ ਸੈਂਟਰਾਂ ਦੇ ਖੋਹੇ ਹੋਏ ਬੱਚੇ, ਜਿਨ੍ਹਾਂ ਬਾਰੇ ਨੋਟੀਫਿਕੇਸ਼ਨ ਵੀ ਜਾਰੀ ਹੋ ਚੁੱਕਾ ਸੀ, ਵਾਪਸ ਸੈਂਟਰਾਂ ਵਿੱਚ ਭੇਜੇ ਜਾਣ, ਐਨਜੀਓ ਅਧੀਨ ਚੱਲਦੇ 8 ਬਲਾਕਾਂ ਬਠਿੰਡਾ, ਸਿੱਧਵਾਂ ਬੇਟ, ਤਰਸਿੱਕਾ, ਖੂਈਆਂ ਸਰਵਰ, ਮਖੂ, ਡੇਰਾ ਬਾਬਾ ਨਾਨਕ, ਭਿੱਖੀਵਿੰਡ ਅਤੇ ਹਰਸ਼ਾਛੀਨਾ ਨੂੰ ਮੁੱਖ ਵਿਭਾਗ ਵਿੱਚ ਮਰਜ਼ ਕੀਤਾ ਜਾਵੇ। ਪੰਜਾਬ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਾਰੇ ਪਿਛਲੇ ਬਕਾਏ (ਮਾਣਭੱਤੇ) ਦਿੱਤੇ ਜਾਣ ਅਤੇ ਅੱਗੇ ਤੋਂ ਹਰ ਮਹੀਨੇ ਦੀ 3 ਤਰੀਕ ਨੂੰ ਮਾਣ ਭੱਤਾ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੋਟਾਂ ਵੇਲੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨਾਲ ਕੀਤਾ ਆਪਣਾ ਵਾਅਦਾ ਪੂਰਾ ਕਰੇ ਅਤੇ ਮਾਣਭੱਤਾ ਦੁੱਗਣਾ ਕੀਤਾ ਜਾਵੇ। ਆਂਗਣਵਾੜੀ ਸੈਂਟਰਾਂ ਦੀਆਂ ਇਮਾਰਤਾਂ ਆਧੁਨਿਕ ਸਹੂਲਤਾਂ ਵਾਲੀਆਂ ਬਣਾਈਆਂ ਜਾਣ। ਉਨ੍ਹਾਂ ਦੱਸਿਆ ਕਿ ਰੋਸ ਰੈਲੀ ਦੇ ਸਬੰਧ ਵਿੱਚ ਵਰਕਰਾਂ ਤੇ ਹੈਲਪਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਹਰੇਕ ਬਲਾਕ ਵਿਚੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਡੀ ਗਿਣਤੀ ਵਿੱਚ ਸੰਗਰੂਰ ਪੁੱਜਣਗੀਆਂ ਅਤੇ ਹਜ਼ਾਰਾਂ ਦਾ ਇਕੱਠ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਡੇਢ ਸਾਲ ਦੌਰਾਨ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੇ ਨਾਲ ਇਕ ਵਾਰ ਵੀ ਮੀਟਿੰਗ ਨਹੀਂ ਕੀਤੀ, ਜਦੋਂ ਕਿ ਵਰਕਰਾਂ ਤੇ ਹੈਲਪਰਾਂ ਸਾਲ ਭਰ ਤਨਖਾਹਾਂ ਨੂੰ ਵੀ ਤਰਸਦੀਆਂ ਰਹੀਆਂ ਹਨ ਤੇ ਉਨ੍ਹਾਂ ਦੀ ਗੱਲ ਨਹੀਂ ਸੁਣੀ ਗਈ। ਉਨ੍ਹਾਂ ਕਿਹਾ ਕਿ ਹੁਣ ਜਥੇਬੰਦੀ ਸਰਕਾਰ ਨਾਲ ਆਰ-ਪਾਰ ਦੀ ਲੜਾਈ ਲੜਨ ਲਈ ਤਿਆਰ ਬਰ ਤਿਆਰ ਹੈ ਤੇ ਵਰਕਰਾਂ ਤੇ ਹੈਲਪਰਾਂ ਸਰਕਾਰ ਦੀ ਕਿਸੇ ਘੁਰਕੀ ਤੋਂ ਨਹੀਂ ਡਰਦੀਆਂ।

# ਵਕੀਲਾਂ ਦੇ ਦੂਜੀ ਮੰਜ਼ਲ ਦੇ ਚੈਂਬਰਾਂ ਦਾ ਜਸਟਿਸ ਰਾਜ ਮੋਹਨ ਸਿੰਘ ਵੱਲੋਂ ਉਦਘਾਟਨ

**ਜੂਨੀਅਰ ਵਕੀਲ ਤਰੱਕੀ ਲਈ ਸੀਨੀਅਰ ਵਕੀਲਾਂ ਦਾ ਸਤਿਕਾਰ ਜ਼ਰੂਰ ਕਰਨ**



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੈਸ਼ਨ ਡਵੀਜ਼ਨ ਪਟਿਆਲਾ ਦੇ ਪ੍ਰਬੰਧਕੀ ਜੱਜ ਜਸਟਿਸ ਰਾਜ ਮੋਹਨ ਸਿੰਘ ਨੇ ਨਿਆਇਕ ਅਦਾਲਤ ਸਮਾਣਾ ਕੰਪਲੈਕਸ ਵਿੱਚ ਵਕੀਲਾਂ ਦੇ ਚੈਂਬਰਾਂ ਦੀ ਦੂਜੀ ਮੰਜ਼ਿਲ 'ਤੇ ਬਣਨ ਵਾਲੇ ਚੈਂਬਰਾਂ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਨਾਲ ਜ਼ਿਲ੍ਹਾ 'ਤੇ ਸੈਸ਼ਨ ਰੁਪਿੰਦਰਜੀਤ ਚਾਹਲ ਵੀ ਸਨ। ਇਸ ਤੋਂ ਪਹਿਲਾਂ ਜਸਟਿਸ ਰਾਜ ਮੋਹਨ ਸਿੰਘ ਨੂੰ ਪੁਲਸ ਦੀ ਟੁੱਕੜੀ ਨੇ ਸਲਾਮੀ ਦਿੱਤੀ। ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਵੀ ਸਨ। ਉਨ੍ਹਾਂ ਦਾ ਕਚਹਿਰੀ ਕੰਪਲੈਕਸ ਵਿੱਚ ਪਹੁੰਚਣ 'ਤੇ ਵਧੀਕ ਸੈਸ਼ਨ ਜੱਜ-ਕਮ-ਪ੍ਰਿੰਸੀਪਲ ਜੱਜ ਫੈਮਲੀ ਕੋਰਟ ਸਮਾਣਾ ਦੀਪਕਾ ਸਿੰਘ, ਸ੍ਰੀ ਅਤੁਲ ਕਬੋਜ ਏ ਸੀ ਜੇ ਐੱਮ ਪਟਿਆਲਾ, ਵਧੀਕ ਸਿਵਲ ਜੱਜ ਸਮਾਣਾ ਰਾਜਿੰਦਰ ਸਿੰਘ ਨਾਗਪਾਲ, ਸਿਵਲ ਜੱਜ ਪਰਸਮੀਤ ਰਿਸ਼ੀ, ਸਿਵਲ ਜੱਜ ਜੂਨੀਅਰ ਡਵੀਜ਼ਨ ਏਕਤਾ ਸੇਧਾ, ਐੱਸ ਡੀ ਐਮ ਪਾਤੜਾਂ ਅਤੇ ਬਾਰ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤੱਤਲਾ, ਹਰਤੇਜ ਸਿੰਘ ਸੰਧੂ, ਗੁਰਜੋਤ ਸਿੰਘ ਵਿਰਕ ਪ੍ਰਿਥਪਾਲ ਸਿੰਘ ਰਵੇਲ ਤੋਂ ਇਲਾਵਾ ਸੀਨੀਅਰ ਵਕੀਲ ਨਵਦੀਪ ਸਿੰਘ ਢਿੱਲੋਂ, ਕੁਲਵੰਤ ਸਿੰਘ ਢਿੱਲੋਂ, ਕਸਮੀਰ ਸਿੰਘ ਵਿਰਕ, ਕੁਲਵਿੰਦਰ ਸਿੰਘ ਗਲੋਲੀ, ਇੰਦਰਜੀਤ ਸਿੰਘ ਸਲੂਜਾ, ਦਵਿੰਦਰ ਸਿੰਘ ਢਿੱਲੋਂ, ਕਰਮਜੀਤ ਸਿੰਘ ਰੰਧਾਵਾ, ਸੰਦੀਪ ਜਿੰਦਲ, ਰਾਜੇਸ਼ ਗੋਇਲ ਤੋਂ ਇਲਾਵਾ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੇ ਮੈਂਬਰਾਂ ਵਕੀਲਾਂ ਨੇ ਨਿੱਘਾ ਸਵਾਗਤ ਕੀਤਾ। ਨੀਂਹ ਪੱਥਰ ਰੱਖਣ ਉਪਰੰਤ ਮਾਣਯੋਗ ਜੱਜ ਨੇ ਰਸਮੀ ਗੱਲਬਾਤ ਵਿੱਚ ਆਖਿਆ ਕਿ ਜੇਕਰ ਨਿਆਇਕ 'ਤੇ ਮਾਲ ਅਦਾਲਤਾਂ ਤੇ ਪ੍ਰਬੰਧਕੀ ਕੰਪਲੈਕਸ ਇਕ ਥਾਂ 'ਤੇ ਇਕੱਠਾ ਹੋਵੇ ਤਾਂ ਆਮ ਲੋਕਾਂ ਦੀ ਖੱਜਲ-ਖੁਆਰੀ ਘੱਟ ਹੋ ਸਕਦੀ ਹੈ। ਸਮਾਣਾ ਬਾਰ ਦੇ ਵਕੀਲਾਂ ਨੂੰ ਸੰਬੋਧਨ ਕਰਦਿਆਂ ਜਸਟਿਸ ਰਾਜ ਮੋਹਨ ਸਿੰਘ ਨੇ ਆਖਿਆ ਕਿ ਨਵੇਂ ਵਕੀਲ ਦੀ ਕਾਮਯਾਬੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਹ ਸੀਨੀਅਰ ਵਕੀਲ ਦਾ ਕਿੰਨਾ ਸਤਿਕਾਰ ਕਰਦਾ ਹੈ। ਉਨ੍ਹਾ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਵਕਾਲਤ ਦੇ ਕਿੱਤੇ ਵਿੱਚ ਨਵੇਂ ਵਕੀਲ ਵੱਡੀ ਗਿਣਤੀ ਵਿੱਚ ਆ ਰਹੇ ਹਨ, ਪਰ ਉਨ੍ਹਾਂ ਨੂੰ ਆਪਣੇ ਸੀਨੀਅਰ ਵਕੀਲ ਦਾ ਸਤਿਕਾਰ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾ ਆਖਿਆ ਕਿ ਬੈਂਚ ਤੇ ਵਕੀਲ ਇਕ ਸਿੱਕੇ ਦੇ ਦੋ ਪਾਸੇ ਹਨ ਅਤੇ ਦੋਵੇਂ ਇਕ-ਦੂਜੇ ਲਈ ਜ਼ਰੂਰੀ ਹਨ। ਜਿੱਥੇ ਬਾਰ ਤੇ ਬੈਂਚ ਦਾ ਆਪਸੀ ਤਾਲਮੇਲ ਹੋਵੇਗਾ, ਉੱਥੇ ਝਗੜਾਲੂ ਧਿਰਾਂ ਸਹੀ ਤੇ ਸਸਤੇ ਨਿਆ ਦੀ ਆਸ ਕਰ ਸਕਦੀਆਂ ਹਨ। ਬਾਰ ਪ੍ਰਧਾਨ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ।

ਇਸ ਮੌਕੇ ਕੌਂਸਲ ਦੇ ਸਾਬਕਾ ਚੇਅਰਮੈਨ ਰਕੇਸ਼ ਗੁਪਤਾ, ਪਟਿਆਲਾ ਬਾਰ ਦੇ ਪ੍ਰਧਾਨ ਕੇ. ਪੀ. ਸਿੰਘ, ਉੱਪ-ਮੰਡਲ ਅਫ਼ਸਰ ਸਮਾਣਾ ਚਰਨਜੀਤ ਸਿੰਘ, ਪੁਲਸ ਕਪਤਾਨ ਗੌਰਵ ਜਿੰਦਲ, ਪੁਲਸ ਉੱਪ-ਕਪਤਾਨ ਨੇਹਾ ਅੱਗਰਵਾਲ, ਰੀਡਰ ਜਗਜੀਤ ਸਿੰਘ, ਰੀਡਰ ਸਤੀਸ਼ ਕੁਮਾਰ ਤੇ ਸਟਾਫ਼ ਹਾਜ਼ਰ ਸੀ।

## ਜਲੰਧਰ ਕੈਂਟ ਸਟੇਸ਼ਨ 'ਤੇ ਮੁਰੰਮਤ ਕਾਰਨ 30 ਸਤੰਬਰ ਤੋਂ 4 ਅਕਤੂਬਰ ਤੱਕ 12 ਟਰੇਨਾਂ ਰੱਦ, 5 ਦੇ ਰੂਟ ਬਦਲੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਰੇਲਵੇ ਬੋਰਡ ਵੱਲੋਂ ਜਾਰੀ ਹੁਕਮਾਂ ਅਨੁਸਾਰ 30 ਸਤੰਬਰ ਤੋਂ 4 ਅਕਤੂਬਰ ਤੱਕ 12 ਰੇਲ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ 6 ਟਰੇਨਾਂ ਨੂੰ ਅੰਸ਼ਕ ਤੌਰ 'ਤੇ ਰੱਦ ਕਰਨ ਦਾ ਪ੍ਰਸਤਾਵ ਹੈ।ਇੰਨਾ ਹੀ ਨਹੀਂ ਕਰੀਬ 5 ਟਰੇਨਾਂ ਦੇ ਰੂਟ ਵੀ ਬਦਲੇ ਗਏ ਹਨ ਅਤੇ 14 ਟਰੇਨਾਂ ਨੂੰ 40 ਤੋਂ 270 ਮਿੰਟ ਦੀ ਦੇਰੀ ਨਾਲ ਚਲਾਉਣ ਦਾ ਫੈਸਲਾ ਵੀ ਕੀਤਾ ਗਿਆ ਹੈ।ਇਹ ਫੈਸਲਾ ਜਲੰਧਰ ਕੈਂਟ ਰੇਲਵੇ ਸਟੇਸ਼ਨ 'ਤੇ ਟ੍ਰੈਫਿਕ ਜਾਮ ਕਾਰਨ ਲਿਆ ਗਿਆ ਹੈ, ਕਿਉਂਕਿ ਜਲੰਧਰ ਕੈਂਟ ਰੇਲਵੇ ਸਟੇਸ਼ਨ 'ਤੇ ਮੁਰੰਮਤ ਦਾ ਕੰਮ ਚੱਲ ਰਿਹਾ ਹੈ।ਰੱਦ ਕੀਤੀਆਂ ਟਰੇਨਾਂ 'ਚ 04598 ਜਲੰਧਰ ਸਿਟੀ-ਹੁਸ਼ਿਆਰਪੁਰ ਤੇ 04597 ਹੁਸ਼ਿਆਰਪੁਰ-ਜਲੰਧਰ ਸਿਟੀ, 14506 ਨੰਗਲ ਡੈਮ-ਅੰਮ੍ਰਿਤਸਰ ਤੇ 14505 ਅੰਮ੍ਰਿਤਸਰ-ਨੰਗਲ ਡੈਮ, 04653 ਅੰਮ੍ਰਿਤਸਰ-ਨਿਊ ਜਲਪਾਈਗੁੜੀ ਟਰੇਨ 6 ਅਕਤੂਬਰ ਤੱਕ ਤੇ 04654 ਨਵੀਂ ਜਲਪਾਈਗੁੜੀ-ਅੰਮ੍ਰਿਤਸਰ, 04591 ਅੰਮ੍ਰਿਤਸਰ-ਛੇਹਰਟਾ ਤੇ-04592 ਛੇਹਰਟਾ-ਅੰਮ੍ਰਿਤਸਰ, 22429 ਪੁਰਾਣੀ ਦਿੱਲੀ-ਪਠਾਨਕੋਟ ਤੇ 22430 ਪਠਾਨਕੋਟ-ਪੁਰਾਣੀ ਦਿੱਲੀ, 04642 ਪਠਾਨਕੋਟ-ਜਲੰਧਰ ਸਿਟੀ ਟਰੇਨ ਤੇ 06949 ਜਲੰਧਰ ਸਿਟੀ-ਪਠਾਨਕੋਟ ਰੇਲਗੱਡੀ 3 ਅਕਤੂਬਰ ਤੱਕ ਬੰਦ ਰਹੇਗੀ। ਜਿਨ੍ਹਾਂ ਟਰੇਨਾਂ ਦੇ ਰੂਟ ਬਦਲੇ ਗਏ ਹਨ, ਉਨ੍ਹਾਂ 'ਚ 19611 ਅਜਮੇਰ-ਅੰਮ੍ਰਿਤਸਰ ਰੇਲਗੱਡੀ 30 ਸਤੰਬਰ ਨੂੰ ਫ਼ਿਰੋਜ਼ਪੁਰ ਕੈਂਟ-ਕਪੂਰਥਲਾ-ਜਲੰਧਰ ਸ਼ਹਿਰ, 22318 ਜੰਮੂਤਵੀ-ਸਿਆਲਦਹਾ ਰੇਲਗੱਡੀ 4 ਅਕਤੂਬਰ ਨੂੰ ਜਲੰਧਰ ਸਿਟੀ-ਨਕੋਦਰ-ਲੁਧਿਆਣਾ ਵਾਇਆ।22479 ਨਵੀਂ ਦਿੱਲੀ-ਲੋਹੀਆ ਖਾਸ ਰੇਲਗੱਡੀ 30 ਸਤੰਬਰ, 1, 3 ਤੇ 4 ਅਕਤੂਬਰ ਨੂੰ ਲੁਧਿਆਣਾ-ਫਿਲੌਰ-ਲੋਹੀਆਂ ਖਾਸ, 12587 ਗੋਰਖਪੁਰ-ਜੰਮੂਤਵੀ ਰੇਲਗੱਡੀ 2 ਅਕਤੂਬਰ ਨੂੰ ਜਲੰਧਰ ਛਾਉਣੀ-ਜਲੰਧਰ ਸਿਟੀ-ਅੰਮ੍ਰਿਤਸਰ-ਪਠਾਨਕੋਟ ਕੈਂਟ, 19224 ਜੰਮੂਤਵੀ-ਅਹਿਮਦਾਬਾਦ ਰੇਲਗੱਡੀ 3 ਅਕਤੂਬਰ ਨੂੰ ਪਠਾਨਕੋਟ-ਗੁਰਦਾਸਪੁਰ-ਅੰਮ੍ਰਿਤਸਰ-ਜਲੰਧਰ ਸ਼ਹਿਰ ਰਾਹੀਂ ਚੱਲੇਗੀ।

# ਸੀ ਐੱਚ ਸੀ ਚੱਕ ਸ਼ੇਰੇ ਵਾਲਾ ਵਿਖੇ ਪੀਅਰ ਐਜੂਕੇਟਰਾਂ ਲਈ ਵਿਸ਼ੇਸ਼ ਪ੍ਰੋਗਰਾਮ



**ਮੁਕਤਸਰ (ਸ਼ਮਿੰਦਰਪਾਲ/ਪੂਜਾ)**

ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਸੈਣੀ ਤੇ ਸਿਵਲ ਸਰਜਨ ਡਾ. ਰੀਟਾ ਬਾਲਾ ਅਤੇ ਸੀ.ਐਚ.ਸੀ ਚੱਕ ਸ਼ੇਰੇਵਾਲਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਕੁਲਤਾਰ ਸਿੰਘ ਦੀ ਅਗਵਾਈ ਹੇਠ ਰਾਸ਼ਟਰੀ ਕਿਸ਼ੋਰ ਸਵਾਸਥ ਪ੍ਰੋਗਰਾਮ ਅਧੀਨ ਪਿਛਲੇ ਦਿਨੀਂ ਇੱਕ ਪ੍ਰੋਗਰਾਮ ਸੀ.ਐਚ.ਸੀ ਵਿਖੇ ਆਯੋਜਤ ਕੀਤਾ ਗਿਆ। ਐਸ.ਐਮ.ਓ ਡਾ. ਕੁਲਤਾਰ ਸਿੰਘ ਨੇ ਦੱਸਿਆ ਕਿ ਬਲਾਕ ਅਧੀਨ 26 ਪਿੰਡਾਂ ਵਿੱਚ 10 ਤੋਂ 19 ਸਾਲ ਦੇ ਕਿਸ਼ੋਰਾਂ ਵਿੱਚੋਂ ਪੀਅਰ ਐਜੂਕੇਟਰ ਚੁਣੇ ਗਏ ਹਨ। ਇਨ੍ਹਾਂ ਪਿੰਡਾਂ ਵਿਖੇ ਕਿਸ਼ੋਰ ਅਵਸਥਾ ਹੈਲਥ ਅਤੇ ਵੈਲਨੈਸ ਡੇਅ ਮਨਾਏ ਜਾ ਰਹੇ ਹਨ। ਇਹ ਪੀਅਰ ਐਜੂਕੇਟਰ ਆਪਣੇ ਉਮਰ ਦੇ ਕਿਸ਼ੋਰਾਂ ਨੂੰ ਉਨ੍ਹਾਂ ਦੀਆਂ ਆ ਰਹੀਆਂ ਸਮੱਸਿਆਵਾਂ ਬਾਰੇ ਸਮੇਂ-ਸਮੇਂ ਜਾਗਰੂਕ ਕਰਨਗੇ, ਕਿਉਂਕਿ ਕਿਸ਼ੋਰ ਅਵਸਥਾ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਜਿਵੇਂ ਸਰੀਰਕ, ਮਾਨਸਿਕ ਅਤੇ ਸਮਾਜਿਕ ਆਦਿ ਜੋ ਕਿਸ਼ੋਰ ਸਿਰਫ਼ ਆਪਣੀ ਹੀ ਉਮਰ ਦੇ ਗਰੁੱਪ ਨਾਲ ਸਾਂਝੀਆਂ ਕਰਦੇ ਹਨ।

ਬੀ.ਈ.ਈ ਮਨਬੀਰ ਸਿੰਘ ਨੇ ਦੱਸਿਆ ਕਿ ਇਸ ਉਮਰ ਦੇ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਇਕ ਹਜ਼ਾਰ ਦੀ ਆਬਾਦੀ ਪਿੱਛੇ ਦੋ ਲੜਕੇ ਤੇ ਦੋ ਲੜਕੀਆਂ ਕਿਸ਼ੋਰ ਉਮਰ 10 ਤੋਂ 19 ਸਾਲ ਵਿਚੋਂ ਚੁਣੇ ਜਾਂਦੇ ਹਨ। ਪਿੰਡ ਦੇ ਪੀਅਰ ਐਜੂਕੇਟਰਾਂ 'ਤੇ ਇਸ ਗੱਲ ਦੀ ਮੁੱਖ ਜ਼ਿੰਮੇਵਾਰੀ ਹੋਵੇਗੀ ਕਿ ਪਿੰਡ ਦਾ ਕੋਈ ਵੀ ਕਿਸ਼ੋਰ ਸਿਹਤ ਸੇਵਾਵਾਂ ਤੋਂ ਵਾਂਝਾ ਨਾ ਰਹਿ ਜਾਵੇ। ਪੀਅਰ ਐਜੂਕੇਟਰ ਸਿਹਤ ਵਿਭਾਗ ਦੇ ਅਧਿਕਾਰੀਆਂ ਤੇ ਕ੍ਰਮਚਾਰੀਆਂ ਨਾਲ ਆਪਣਾ ਰਾਬਤਾ ਕਾਇਮ ਰੱਖਣਗੇ ਤਾਂ ਜੁ ਇਸ ਖਾਸ ਉਮਰ ਦੇ ਕਿਸ਼ੋਰ ਤੇ ਕਿਸ਼ੋਰੀਆਂ ਇਸ ਮੁਹਿੰਮ ਦਾ ਖਾਸ ਫ਼ਾਇਦਾ ਉਠਾ ਸਕਣ ਅਤੇ ਸਮੇਂ ਸਿਰ ਕਿਸ਼ੋਰਾਂ ਨੂੰ ਜਾਗਰੂਕ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕੇ।

ਇਸ ਮੌਕੇ ਪੀਅਰ ਐਜੂਕੇਟਰਾਂ ਨੂੰ ਸਿਹਤ ਪੱਖੋਂ ਤੰਦਰੁਸਤ ਰੱਖਣ ਦੇ ਮੰਤਵ ਨਾਲ ਖੇਡਾਂ ਵੀ ਕਰਾਈਆਂ ਗਈਆਂ ਅਤੇ ਜੇਤੂਆਂ ਨੂੰ ਇਨਾਮ ਵੀ ਵੰਡੇ ਗਏ। ਪੌਸ਼ਟਿਕ ਖੁਰਾਕ ਨੂੰ ਮੁੱਖ ਰੱਖਦੇ ਹੋਏ ਕਿਸ਼ੋਰਾਂ ਨੂੰ ਫਲ ਅਤੇ ਹੋਰ ਸਮਾਨ ਦੇ ਪੈਕੇਟ ਵੀ ਦਿੱਤੇ ਗਏ।

## ਆਯੂਸ਼ਮਾਨ ਭਵ ਮੁਹਿੰਮ ਤਹਿਤ ਜ਼ਿਲ੍ਹੇ ਭਰ 'ਚ ਲਗਾਏ ਸਿਹਤ ਮੇਲੇ

**ਮੋਗਾ (ਅਮਰਜੀਤ ਬੱਬਰੀ)**-ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਤੋਂ ਪ੍ਰਾਪਤ ਗਾਈਡਲਾਈਨ ਤੇ ਕੁਲਵੰਤ ਸਿੰਘ (ਆਈ ਏ ਐੱਸ) ਡਿਪਟੀ ਕਮਿਸ਼ਨਰ ਮੋਗਾ ਦੇ ਹੁਕਮਾਂ ਮੁਤਾਬਕ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਆਯੂਸ਼ਮਾਨ ਭਵ ਮੁਹਿੰਮ ਤਹਿਤ ਸਿਹਤ ਮੇਲੇ ਕਰਵਾਏ ਜਾ ਰਹੇ ਹਨ। ਇਸੇ ਤਹਿਤ ਸਿਵਲ ਸਰਜਨ ਮੋਗਾ ਡਾ. ਰਾਜੇਸ਼ ਅੱਤਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਮੋਗਾ ਅਧੀਨ ਅਧੀਨ ਆਉਂਦੇ ਵੱਖ ਵੱਖ ਸੀ ਐੱਚ ਸੀ ਢੁੱਡੀਕੇ, ਡਰੋਲੀ ਭਾਈ, ਬਾਘਾ ਪੁਰਾਣਾ 'ਚ ਸਿਹਤ ਮੇਲੇ ਲਗਾਏ ਗਏ। ਇਸ ਮੌਕੇ ਉਨ੍ਹਾਂ ਦੱਸਿਆ ਕਿ ਸਿਹਤ ਮੇਲੇ ਵਿੱਚ ਮਾਹਰ ਡਾਕਟਰ ਵੱਲੋਂ ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ ਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਮਰੀਜ਼ਾਂ ਨੂੰ ਸਿਹਤ ਸਕੀਮਾਂ ਬਾਰੇ ਜਾਗਰੂਕ ਕੀਤਾ ਗਿਆ। ਸਿਵਲ ਸਰਜਨ ਡਾ. ਅੱਤਰੀ ਨੇ ਕਿਹਾ ਕਿ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦਾ ਇੱਕ ਵਿਸ਼ੇਸ਼ ਉਪਰਾਲਾ ਹੈ, ਜਿਸ ਤਹਿਤ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮਾਹਰ ਡਾਕਟਰਾਂ ਦੀਆਂ ਸੇਵਾਵਾਂ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ ਅਤੇ ਗੰਭੀਰ ਬਿਮਾਰੀਆਂ ਦੇ ਸ਼ਿਕਾਰ ਮਰੀਜ਼ਾਂ ਨੂੰ ਅਗਲੇਰੇ ਇਲਾਜ ਲਈ ਉਚੇਰੀ ਸਿਹਤ ਸੰਸਥਾ ਵਿੱਚ ਭੇਜਿਆ ਜਾ ਸਕੇ। ਇਸ ਮੌਕੇ ਹਾਜ਼ਰ ਸੀਨੀਅਰ ਮੈਡੀਕਲ ਅਫਸਰ ਡਾ. ਸੁਰਿੰਦਰ ਸਿੰਘ ਢੁੱਡੀਕੇ, ਡਾ. ਨਿਸ਼ਾ ਬਾਂਸਲ ਬਾਘਾ ਪੁਰਾਣਾ ਤੇ ਡਾ. ਸੀਮਾ ਚੋਪੜਾ ਡਰੋਲੀ ਭਾਈ ਨੇ ਦੱਸਿਆ ਕਿ ਇਸ ਸਿਹਤ ਮੇਲੇ ਵਿੱਚ ਮਾਹਰ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਸਿਹਤ ਜਾਂਚ ਕੀਤੀ ਗਈ ਤੇ ਲੋਕਾਂ ਨੇ ਵੱਖੋ ਵੱਖ ਸਕੀਮਾਂ ਤੇ ਸੇਵਾਵਾਂ ਦਾ ਲਾਭ ਉਠਾਇਆ। ਲੋੜਵੰਦ ਮਰੀਜ਼ਾਂ ਦੇ ਮੁਫ਼ਤ ਲੈਬ ਟੈਸਟ ਕੀਤੇ ਗਏ ਤੇ ਲਾਭਪਾਤਰੀਆਂ ਦੀਆਂ ਆਭਾ ਆਈ.ਡੀ.ਵੀ. ਬਣਾਈਆਂ ਗਈਆਂ ਤੇ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ ਕੁਲਬੀਰ ਸਿੰਘ ਢਿੱਲੋਂ, ਅੰਮ੍ਰਿਤ ਪਾਲ ਸ਼ਰਮਾ, ਨਵਦੀਪ ਸ਼ਰਮਾ ਤੇ ਸਮੂਹ ਪੈਰਾਮੈਡੀਕਲ ਸਟਾਫ ਹਾਜ਼ਰ ਸੀ।

## ...ਸ.ਫਾ 1 ਦੇ ਬਾਕੀ

### ਕੇਂਦਰ ਸਿੱਖਾਂ ਦੀ ਕਿਰਦਾਰਕੁਸ਼ੀ...

ਦਿੱਤਾ ਗਿਆ ਹੈ। ਅੰਤ੍ਰਿੰਗ ਕਮੇਟੀ ਨੇ ਮਤੇ ਰਾਹੀਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਇਸ ਮਸਲੇ ਨੂੰ ਸੰਜੀਦਗੀ ਨਾਲ ਲੈ ਕੇ ਇਸ ਵਿਚ ਸਿੱਖਾਂ ਦੇ ਅਕਸ ਨੂੰ ਖਰਾਬ ਕਰਨ ਵਾਲੇ ਲੋਕਾਂ 'ਤੇ ਕਾਰਵਾਈ ਕਰੇ। ਇਹ ਵੀ ਸਪੱਸ਼ਟ ਕੀਤਾ ਗਿਆ ਕਿ ਸਿੱਖ ਕੌਮ ਹਰ ਧਰਮ ਦਾ ਸਤਿਕਾਰ ਕਰਦੀ ਹੈ ਅਤੇ ਕਿਸੇ ਨਾਲ ਵੀ ਵੈਰ ਨਹੀਂ ਰੱਖਦੀ। ਕੁਝ ਲੋਕ ਮੌਜੂਦਾ ਸਥਿਤੀ ਨੂੰ ਕੌਮਾਂ ਵਿਚ ਵੰਡੀਆਂ ਪਾਉਣ ਲਈ ਇਕ ਹਥਿਆਰ ਵਜੋਂ ਵਰਤ ਰਹੇ ਹਨ, ਜਿਸ ਨੂੰ ਤੁਰੰਤ ਰੋਕਿਆ ਜਾਣਾ ਚਾਹੀਦਾ ਹੈ।

ਅੰਤ੍ਰਿੰਗ ਕਮੇਟੀ ਨੇ ਭਾਰਤ ਸਰਕਾਰ ਨੂੰ ਕਿਹਾ ਕਿ ਉਹ ਇਸ ਗੱਲ ਵੱਲ ਗੌਰ ਕਰੇ। ਇਹ ਵੀ ਕਿਹਾ ਗਿਆ ਕਿ ਜਿਹੜੀਆਂ ਸ਼ਕਤੀਆਂ ਸਿੱਖਾਂ ਦਾ ਅਕਸ ਖਰਾਬ ਕਰ ਰਹੀਆਂ ਹਨ, ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇ ਅਤੇ ਇਸ ਦੇ ਨਾਲ ਹੀ ਸਿੱਖਾਂ ਅੰਦਰ ਪਨਪ ਰਹੀ ਬੇਵਿਸ਼ਵਾਸੀ ਨੂੰ ਖ਼ਤਮ ਕਰਨ ਵਾਸਤੇ ਵੀ ਢੁਕਵੇਂ ਕਦਮ ਚੁੱਕੇ ਜਾਣ। ਇਸ ਵਿਸ਼ੇਸ਼ ਮਤੇ ਤੋਂ ਇਲਾਵਾ ਅੰਤ੍ਰਿੰਗ ਕਮੇਟੀ ਵੱਲੋਂ ਕਈ ਹੋਰ ਫੈਸਲੇ ਲੈਣ ਦੇ ਨਾਲ-ਨਾਲ ਵੱਖ-ਵੱਖ ਵਿਭਾਗਾਂ ਦੇ ਮਾਮਲੇ ਵੀ ਵਿਚਾਰੇ ਗਏ।

ਇਕ ਮਤੇ ਵਿਚ ਜੂਨ 1984 'ਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਸਮੇਂ ਜੋਧਪੁਰ ਜੇਲ੍ਹ ਵਿਚ ਨਜ਼ਰਬੰਦ ਰਹੇ ਸਿੱਖਾਂ ਦੇ ਕੇਸਾਂ ਦੀ ਪੈਰਵਾਈ ਕਰਨ ਵਾਲੇ ਵਕੀਲਾਂ ਦੇ ਨਾਲ-ਨਾਲ ਇਸ ਵਿਚ ਸਹਾਇਤਾ ਕਰਨ ਵਾਲਿਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਨ ਦਾ ਫੈਸਲਾ ਲਿਆ ਗਿਆ। ਇਸ ਦੇ ਨਾਲ ਹੀ ਨੋਇਡਾ ਉਤਰ ਪ੍ਰਦੇਸ਼ ਦੇ ਵਸਨੀਕ ਕਾਕਾ ਸਿਦਕਦੀਪ ਸਿੰਘ, ਜਿਸ ਦੇ ਸਭ ਤੋਂ ਲੰਮੇ ਕੇਸ ਹੋਣ ਕਾਰਨ ਉਸ ਦਾ ਨਾਂਅ ਗਿੰਨੀਜ਼ ਬੁੱਕ ਆਫ਼ ਵਰਲਡ ਵਿਚ ਦਰਜ ਹੋਣ 'ਤੇ ਉਸ ਨੂੰ ਵੀ ਸਨਮਾਨਤ ਕਰਨ ਦਾ ਫੈਸਲਾ ਕੀਤਾ ਗਿਆ ਹੈ।

### ਵਿਜੀਲੈਂਸ ਮਨਪ੍ਰੀਤ...

ਹੋਇਆ ਸੀ। ਮਨਪ੍ਰੀਤ ਨੇ ਬੀ ਡੀ ਏ ਬਠਿੰਡਾ ਤੋਂ ਅਲਾਟਮੈਂਟ ਪੱਤਰ ਮਿਲਣ ਤੋਂ ਪਹਿਲਾਂ ਆਪਣੇ ਜਾਣੇ-ਪਛਾਣੇ ਬੋਲੀਕਾਰਾਂ ਤੋਂ ਐਗਰੀਮੈਂਟਾਂ ਰਾਹੀਂ ਦੋਵੇਂ ਪਲਾਟ ਖਰੀਦ ਲਏ। ਇਹ ਵੀ ਪਤਾ ਲੱਗਾ ਹੈ ਕਿ ਮਨਪ੍ਰੀਤ ਨੇ ਸਫਲ ਅਲਾਟੀਆਂ ਨੂੰ 25 ਫੀਸਦੀ ਬਿਆਨਾ ਅਗਾਊਂ ਹੀ ਟਰਾਂਸਫਰ ਕਰ ਦਿੱਤਾ, ਜਿਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਬੋਲੀਕਾਰਾਂ ਨਾਲ ਪਹਿਲਾਂ ਹੀ ਮਿਲੀਭੁਗਤ ਸੀ। ਵਿਜੀਲੈਂਸ ਵੱਲੋਂ ਮਨਪ੍ਰੀਤ ਸਿੰਘ ਬਾਦਲ ਦੇ ਟਿਕਾਣਿਆਂ 'ਤੇ ਛਾਪੇ ਜਾਰੀ ਸਨ। ਮਨਪ੍ਰੀਤ ਵੱਲੋਂ ਅਗਾਊਂ ਜ਼ਮਾਨਤ ਲਈ ਅਦਾਲਤ 'ਚ ਅਰਜ਼ੀ ਦਾਖ਼ਲ ਕੀਤੀ ਗਈ ਹੈ, ਜਿਸ 'ਤੇ 26 ਸਤੰਬਰ ਨੂੰ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਬਠਿੰਡਾ ਦੀ ਅਦਾਲਤ ਵਿਚ ਸੁਣਵਾਈ ਹੋਣੀ ਹੈ। ਅਰਜ਼ੀ ਨਾਲ ਉਹ ਵੀਡੀਓ ਕਲਿੱਪ ਵੀ ਨੱਥੀ ਕੀਤੀ ਗਈ ਹੈ, ਜਿਸ ਵਿਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਨਪ੍ਰੀਤ ਬਾਦਲ ਬਾਰੇ ਜ਼ਿਕਰ ਕੀਤਾ ਗਿਆ ਸੀ। ਮਨਪ੍ਰੀਤ ਵੱਲੋਂ ਵੀਡੀਓ ਦੇ ਆਧਾਰ 'ਤੇ ਉਨ੍ਹਾ ਨੂੰ ਸਿਆਸੀ ਰੰਜਿਸ਼ ਤਹਿਤ ਫਸਾਉਣ ਦੇ ਇਲਜ਼ਾਮ ਲਾਏ ਗਏ ਹਨ। ਅਕਾਲੀ ਦਲ ਦੇ ਬਠਿੰਡਾ (ਸ਼ਹਿਰੀ) ਤੋਂ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਨੇ ਪਲਾਟਾਂ ਦੀ ਖਰੀਦ ਮਾਮਲੇ 'ਚ ਬੇਨਿਯਮੀਆਂ ਦੇ ਦੋਸ਼ ਲਾ ਕੇ ਕੈਪਟਨ ਸਰਕਾਰ ਮੌਕੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਿਰੁੱਧ ਲੋਕਪਾਲ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਬਾਅਦ 'ਚ ਇਹ ਸ਼ਿਕਾਇਤ ਵਿਜੀਲੈਂਸ ਕੋਲ ਪਹੁੰਚੀ। ਵਿਜੀਲੈਂਸ ਨੇ ਕੁਝ ਸਮਾਂ ਪਹਿਲਾਂ ਮਨਪ੍ਰੀਤ ਬਾਦਲ ਨੂੰ ਪੁੱਛ-ਪੜਤਾਲ ਲਈ ਬਠਿੰਡਾ ਸਥਿਤ ਦਫਤਰ ਵਿਚ ਬੁਲਾਇਆ ਸੀ।

### ਏਸ਼ੀਅਨ ਖੇਡਾਂ : ਦੂਜੇ...

ਅੰਕਾਂ ਦਾ ਸੀ, ਜੋ ਚੀਨ ਨੇ ਬਣਾਇਆ ਸੀ। ਦੱਖਣੀ ਕੋਰੀਆ ਨੇ ਇਸ ਮੁਕਾਬਲੇ 'ਚ ਚਾਂਦੀ ਦਾ ਤਗਮਾ ਜਿੱਤਿਆ। ਚੀਨੀ ਨਿਸ਼ਾਨੇਬਾਜ਼ 1888.2 ਅੰਕਾਂ ਨਾਲ ਤੀਜੇ ਸਥਾਨ 'ਤੇ ਰਿਹਾ। ਤਿੰਨ ਭਾਰਤੀ ਨਿਸ਼ਾਨੇਬਾਜ਼ਾਂ 'ਚੋਂ ਰੁਦਰੰਕਸ਼ ਨੇ ਸਭ ਤੋਂ ਵੱਧ 632.5 ਦਾ ਸਕੋਰ ਬਣਾਇਆ। ਉਨ੍ਹਾਂ ਤੋਂ ਇਲਾਵਾ ਐਸ਼ਵਰਿਆ ਤੋਮਰ ਨੇ 631.6 ਅੰਕ ਜਦਕਿ ਦਿਵਿਆਂਸ਼ ਪਵਾਰ ਨੇ 629.6 ਅੰਕ ਹਾਸਲ ਕੀਤੇ।

ਨਿਸ਼ਾਨੇਬਾਜ਼ੀ 'ਚ ਵਿਸ਼ਵ ਰਿਕਾਰਡ ਦੇ ਨਾਲ ਸੋਨ ਤਗਮਾ ਜਿੱਤਣ ਤੋਂ ਬਾਅਦ ਭਾਰਤ ਨੇ ਏਸ਼ੀਆਈ ਖੇਡਾਂ ਦੇ ਦੂਜੇ ਦਿਨ ਦੋ ਹੋਰ ਕਾਂਸੀ ਦੇ ਤਗਮੇ ਜਿੱਤੇ। ਭਾਰਤ ਨੂੰ ਇਹ ਦੋਵੇਂ ਤਗਮੇ ਰੋਇੰਗ 'ਚ ਮਿਲੇ ਹਨ। ਮਰਦਾਂ ਦੇ ਚਾਰ ਮੁਕਾਬਲਿਆਂ 'ਚ ਜਸਵਿੰਦਰ ਸਿੰਘ, ਭੀਮ ਸਿੰਘ, ਪੁਨੀਤ ਕੁਮਾਰ ਅਤੇ ਅਸੀਸ ਨੇ 6:10.81 ਦੇ ਸਮੇਂ ਨਾਲ ਕਾਂਸੀ ਦਾ ਤਗਮਾ ਜਿੱਤਿਆ। ਇਸ ਤੋਂ ਬਾਅਦ ਸੇਲਿੰਗ 'ਚ ਭਾਰਤ ਨੇ ਇੱਕ ਹੋਰ ਕਾਂਸੀ ਦਾ ਤਗਮਾ ਜਿੱਤਿਆ। ਇਸ ਵਾਰ ਸਤਨਾਮ ਸਿੰਘ, ਪਰਮਿੰਦਰ ਸਿੰਘ, ਜਾਕਰ ਖਾਨ ਅਤੇ ਸੁਖਮੀਤ ਸਿੰਘ ਨੇ ਤਗਮੇ ਜਿੱਤੇ। ਇਨ੍ਹਾਂ ਦੋ ਮੈਡਲਾਂ ਨਾਲ ਰੋਇੰਗ 'ਚ ਭਾਰਤ ਦੇ ਮੈਡਲਾਂ ਦੀ ਗਿਣਤੀ 5 ਹੋ ਗਈ ਹੈ।

## ਆਯੁਰਵੈਦਿਕ ਮੁਫਤ ਚੈੱਕਅੱਪ ਕੈਂਪ ਲਗਾਇਆ



**ਧੂਰੀ (ਸੁਖਦੇਵ ਧੂਰੀ)**-ਅੱਗਰਵਾਲ ਸਮਾਜ ਸਭਾ ਧੂਰੀ ਵੱਲੋਂ ਮੁਫਤ ਆਯੁਰਵੈਦਿਕ ਚੈੱਕਅੱਪ ਕੈਂਪ ਲਾਇਆ ਗਿਆ। ਇਸ ਸਬੰਧੀ ਵੈਦ ਮੰਗਤ ਰਾਏ ਸਿੰਗਲਾ (ਆਯੁਰਵੈਦਿਕ ਰਤਨ) ਨੇ ਦੱਸਿਆ ਕਿ ਇਸ ਕੈਂਪ ਵਿੱਚ ਕੈਲਸ਼ੀਅਮ ਦੀ ਮਾਤਰਾ ਚੈੱਕ ਕਰਨ ਵਾਲੀਆਂ ਮਸ਼ੀਨਾਂ ਤੇ ਸ਼ੂਗਰ ਪੱਧਰ ਦੇ ਮੁਫਤ ਟੈਸਟ ਤੇ ਦਵਾਈਆਂ ਮਰੀਜ਼ਾਂ ਨੂੰ ਮੁਫਤ ਵੰਡੀਆਂ ਗਈਆਂ। ਇਸ ਮੌਕੇ ਸਭਾ ਦੇ ਪ੍ਰਧਾਨ ਮਦਨ ਲਾਲ ਬਾਂਸਲ ਨੇ ਚੈੱਕਅੱਪ ਕੈਂਪ ਵਿੱਚ ਪਹੁੰਚੇ ਡਾ. ਅਮਨਪ੍ਰੀਤ ਕੌਰ, ਡਾ. ਵੀਰਬਾਲਾ ਸਿੰਗਲਾ, ਡਾ. ਸੁਨੀਦਿਕਾ ਗੁਪਤਾ, ਡਾ. ਅਮਨ ਕੌਸ਼ਲ, ਡਾ. ਸੰਦੀਪ ਜੈਦਕਾ, ਡਾ. ਸਮੀ ਕੌਰ ਦਾ ਵਿਸ਼ਸ਼ ਤੌਰ 'ਤੇ ਧੰਨਵਾਦ ਕੀਤਾ।

## ਪੰਡਤ ਦੀਨ ਦਿਆਲ ਦਾ ਜਨਮ ਦਿਹਾੜਾ ਮਨਾਇਆ



**ਬਰੇਟਾ (ਰੀਤਵਾਲ)**-ਭਾਰਤੀ ਜਨਤਾ ਪਾਰਟੀ ਮੰਡਲ ਬਰੇਟਾ ਵੱਲੋਂ ਪੰਡਤ ਦੀਨ ਦਿਆਲ ਉਪਾਧਿਆਏ ਦਾ ਜਨਮ ਦਿਨ ਮਨਾਇਆ ਗਿਆ ਤੇ ਉਨ੍ਹਾਂ ਦੀ ਤਸਵੀਰ 'ਤੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਮੰਡਲ ਪ੍ਰਧਾਨ ਗਗਨਦੀਪ ਸ਼ਰਮਾਂ ਨੇ ਪੰਡਤ ਦੀਨ ਦਿਆਲ ਉਪਾਧਿਆਏ ਦੀ ਜੀਵਨੀ ਬਾਰੇ ਦੱਸਦਿਆਂ ਕਿਹਾ ਕਿ ਰਾਜਨੀਤੀ ਤੋਂ ਇਲਾਵਾ ਉਨ੍ਹਾਂ ਦੀ ਸਾਹਿਤ ਵਿੱਚ ਵੀ ਡੂੰਘੀ ਦਿਲਚਸਪੀ ਸੀ। ਉਨ੍ਹਾਂ ਕਿਹਾ ਕਿ ਸਾਨੂੰ ਪਾਰਟੀ ਪ੍ਰਤੀ ਪੂਰੀ ਇਮਾਨਦਾਰੀ ਅਤੇ ਅਨੁਸ਼ਾਸਨ ਨਾਲ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਭਾਜਪਾ ਦੇ ਹਲਕਾ ਇੰਚਾਰਜ ਸੂਬੇਦਾਰ ਭੋਲਾ ਸਿੰਘ, ਵਿਧਾਨ ਸਭਾ ਵਿਸਥਾਰਕ ਸੰਕਰ ਬਾਂਸਲ, ਮੰਡਲ ਪ੍ਰਭਾਰੀ ਸੁਖਦਰਸ਼ਨ ਸ਼ਰਮਾ, ਦਲਜੀਤ ਸਿੰਘ ਦਰਸ਼ੀ, ਨਰਿੰਦਰ ਬਾਂਸਲ ਤੇ ਅਸ਼ੋਕ ਕੁਮਾਰ ਕਾਲੀ ਹਾਜ਼ਰ ਸਨ।


AXIS BANK LTD.

[(ਰੂਲ 8 (1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਐਕਸਿਸ ਬੈਂਕ ਲਿਮਟਿਡ, ਰਿਟੇਲ ਐਸੇਟ ਸੈਂਟਰ, ਦੂਜੀ ਮੰਜ਼ਲ, ਜਾਇਦਾਦ # 7-ਈ, ਮਿਉਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ, ਰਿਟੇਲ ਐਸੇਟ ਸੈਂਟਰ, ਐੱਸ ਸੀ ਬੀ-5, ਪਹਿਲੀ ਮੰਜ਼ਲ, ਛੋਟੀ ਬਾਰਾਂਦਰੀ, ਪਟਿਆਲਾ, ਪੰਜਾਬ-147001 ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 7 ਫਰਵਰੀ 2022 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਮੈਸ. ਗਿੱਲ ਐਂਡ ਕੰਪਨੀ ਨੂੰ ਰਾਹੀਂ ਇਸ ਦੇ ਮਾਲਕ ਪਰਮਿੰਦਰ ਸਿੰਘ ਗਿੱਲ ਪੁੱਤਰ ਗੁਰਦਿਆਲ ਸਿੰਘ ਅਤੇ ਸ੍ਰੀਮਤੀ ਹਰਦੀਪ ਕੌਰ ਗਿੱਲ ਪਤਨੀ ਪਰਮਿੰਦਰ ਸਿੰਘ ਨੂੰ ਨੋਟਿਸ 'ਚ ਦਰਸਾਈ ਗਈ ਰਕਮ ਰੁ. 4854092/- (ਅਠਤਾਲੀ ਲੱਖ ਚੁਰੰਜਾ ਹਜ਼ਾਰ ਬਾਨਵੇਂ ਰੁਪਏ ਕੇਵਲ) ਸਮੇਤ 8 ਫਰਵਰੀ 2022 ਤੋਂ ਅਦਾਇਗੀ ਦੀ ਮਿਤੀ ਤੱਕ ਇਕਰਾਰਨਾਮੇ ਅਨੁਸਾਰ ਦਰ 'ਤੇ ਵਿਆਜ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ। ਕਰਜ਼ਦਾਰ ਰਕਮ ਮੋੜਨ 'ਚ ਅਸਫਲ ਰਿਹਾ ਹੈ। ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 22 ਸਤੰਬਰ 2023 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਖਾਸ ਕਰਕੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਵੱਲੋਂ 7 ਫਰਵਰੀ 2022 ਨੂੰ ਰਕਮ ਰੁ. 4854092/- (ਅਠਤਾਲੀ ਲੱਖ ਚੁਰੰਜਾ ਹਜ਼ਾਰ ਬਾਨਵੇਂ ਰੁਪਏ ਕੇਵਲ) ਵਸੂਲੀ ਕੀਤੀ ਜਾਵੇਗੀ। ਤੁਹਾਨੂੰ ਇਸ ਉਪਰ 8 ਫਰਵਰੀ 2022 ਤੋਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼/ਖਰਚੇ ਆਦਿ ਵੀ ਅਦਾ ਕਰਨੇ ਪੈਣਗੇ। ਉਪਲਬਧ ਸਮੇਂ 'ਚ ਸਕਿਉਰਡ ਐਸੇਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 8 ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ :

ਅਚੱਲ ਜਾਇਦਾਦ ਦਾ ਵੇਰਵਾ : ਕੁਲ ਜ਼ਮੀਨ 6 ਬੀ-8 ਬੀ 'ਚੋਂ 0-ਬੀ-13 ਬੀ-7 ਬੀ ਰਕਬਾ, ਖੇਵਟ ਨੰ. 357, ਖਤੌਨੀ ਨੰ. 370, ਖਸਰਾ ਨੰ. 187 (4-3), 186 (2-5), ਜਮ੍ਹਾਂਬੰਦੀ ਸਾਲ 2009-10, ਪਿੰਡ ਸਿਹੋੜਾ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਬੈਨਾਮੇ ਅਨੁਸਾਰ ਹੱਦਾਂ : ਪੂਰਬ : ਜਗਜੀਤ ਸਿੰਘ ਦਾ ਮਕਾਨ 109'-21/2", ਪੱਛਮ : ਰਸਤਾ 109'-21/2", ਉੱਤਰ : ਮਾਲਕ 55'-0", ਦੱਖਣ : ਗੁਰਦਿਆਲ ਸਿੰਘ ਦਾ ਮਕਾਨ 55'-0",

ਮਿਤੀ 26.9.2023 ਸਥਾਨ : ਪਿੰਡ ਸਿਹੋੜਾ, ਤਹਿਸੀਲ ਪਾਇਲ, ਸਹੀ/- (ਅਧਿਕਾਰਤ ਅਫਸਰ) ਐਕਸਿਸ ਬੈਂਕ ਲਿਮਟਿਡ



**ਦੀ ਪੁਲਸ ਵੈੱਲਫੇਅਰ ਕੋਆਪਰੇਟਿਵ ਮਲਟੀਪਰਪਜ਼ ਸੁਸਾਇਟੀ ਲਿਮਟਿਡ ਬਠਿੰਡਾ ਪੰਜਾਬ)**

**ਪ੍ਰੈੱਸ ਨੋਟ/ਜ਼ਰੂਰੀ ਸੂਚਨਾ**

ਦੀ ਪੁਲਸ ਵੈੱਲਫੇਅਰ ਕੋਆਪਰੇਟਿਵ ਮਲਟੀਪਰਪਜ਼ ਸੁਸਾਇਟੀ ਲਿਮਟਿਡ ਬਠਿੰਡਾ (ਪੰਜਾਬ) ਦੀ ਕਰੀਬ 30 ਏਕੜ ਜ਼ਮੀਨ ਜੋ ਪਿੰਡ ਕੋਟ ਸ਼ਮੀਰ ਵਿਖੇ ਹੈ, ਜੋ ਕਾਫੀ ਸਮੇਂ ਤੋਂ ਵਿਹਲੀ ਪਈ ਹੋਣ ਕਰਕੇ ਉਸ ਵਿੱਚ ਕਾਫੀ ਤਦਾਦ ਵਿੱਚ ਝਾੜ ਬੂਟ ਅਤੇ ਕੰਡੇਦਾਰ ਝਾੜੀਆਂ ਹੋ ਗਈਆਂ ਹਨ, ਜਿਨ੍ਹਾਂ ਨੂੰ ਸਾਫ ਕਰਨਾ ਜ਼ਰੂਰੀ ਹੈ। ਇਨ੍ਹਾਂ ਝਾੜ ਬੂਟ ਅਤੇ ਕੰਡੇਦਾਰ ਝਾੜੀਆਂ ਨੂੰ ਸਾਫ ਕਰਵਾਉਣ ਲਈ ਖੁੱਲ੍ਹੀ ਬੋਲੀ ਮਿਤੀ 2-10-2023 ਨੂੰ ਸੁਸਾਇਟੀ ਦੇ ਦਫਤਰ ਪੀ 102 ਪੁਲਸ ਲਾਇਨ ਬਠਿੰਡਾ ਵਿਖੇ ਰੱਖੀ ਗਈ ਹੈ। ਸੋ ਬੋਲੀ ਦੇਣ ਦੇ ਚਾਹਵਾਨ ਸੱਜਣ ਵਕਤ 10 ਵਜੇ ਸਵੇਰੇ ਸੁਸਾਇਟੀ ਦੇ ਦਫਤਰ ਪੁੱਜਣ ਦੀ ਕ੍ਰਿਪਾਲਤਾ ਕਰਨ।

ਪ੍ਰਧਾਨ

ਦੀ ਪੁਲਸ ਵੈੱਲਫੇਅਰ ਕੋਆਪਰੇਟਿਵ ਮਲਟੀਪਰਪਜ਼ ਸੁਸਾਇਟੀ ਲਿਮਟਿਡ ਬਠਿੰਡਾ। ਮੋਬਾਇਲ ਨੰਬਰ 9780005572।



LPU DISTANCE EDUCATION
Bridging the Distance in Education
Recognized by UGC

NAAC GRADE A++

University Grants Commission (UGC - DEB) ਦੁਆਰਾ ਮਾਨਤਾ ਪ੍ਰਾਪਤ

**ਨਿੱਜੀ ਸੰਪਰਕ ਪ੍ਰੋਗਰਾਮ ਲਈ ਰਜਿਸਟਰੇਸ਼ਨ ਸ਼ੁਰੂ**

**LPU** ਡਿਸਟੈਂਸ ਐਜੂਕੇਸ਼ਨ ਦੇ ਵਿਦਿਆਰਥੀ, ਜਿਹਨਾਂ ਦੀ ਪ੍ਰੀਖਿਆ ਦਸੰਬਰ 2023 ਵਿਚ ਹੋਣੀ ਹੈ, ਨੂੰ ਸੂਚਿਤ ਕੀਤਾ ਜਾਂਦਾ ਹੈ ਕਿ **20 ਨਵੰਬਰ** ਤੋਂ **18 ਦਸੰਬਰ 2023** ਤੱਕ ਹੋਣ ਵਾਲੇ ਨਿੱਜੀ ਸੰਪਰਕ ਪ੍ਰੋਗਰਾਮ **PCP (Personal Contact Programme)** ਲਈ ਰਜਿਸਟਰੇਸ਼ਨ ਸ਼ੁਰੂ ਹੋ ਗਈ ਹੈ| **PCP** ਲਈ **LPU e-Connect** ਰਾਹੀਂ ਰਜਿਸਟਰ ਕੀਤਾ ਜਾ ਸਕਦਾ ਹੈ:

**LPU e-Connect --> PCP --> PCP Registration**

**PCP** ਲਈ ਰਜਿਸਟਰ ਕਰਨ ਦੀ ਆਖਰੀ ਮਿਤੀ **20 ਅਕਤੂਬਰ 2023** ਹੈ।

Visit www.lpude.in    Call: 01824-521360



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

26-Sep-PAGE-3.qxd 9/25/2023 10:55 PM Page 1



# ਨਰੇਗਾ ਤਹਿਤ ਕੰਮ ਨਾ ਮਿਲਿਆ ਤਾਂ ਇੱਕ ਹਫਤਾ ਲਗਾਤਾਰ ਪ੍ਰਦਰਸ਼ਨ ਹੋਵੇਗਾ: ਮਾੜੀਮੇਘਾ, ਨਰਿੰਦਰ



ਭਿੱਖੀਵਿੰਡ (ਨਜ਼ਸ)—ਨਰੇਗਾ ਦਾ ਕੰਮ ਲੈਣ ਵਾਸਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਬਲਾਕ ਭਿੱਖੀਵਿੰਡ ਵੱਲੋਂ ਵੀਰੋ ਸਾਂਡਪੁਰਾ, ਸੁਖਬੀਰ ਕੌਰ ਕਲਸੀਆਂ ਕਲਾਂ, ਮਨਦੀਪ ਕੌਰ ਮਾੜੀਮੇਘਾ, ਕਿਰਨਦੀਪ ਕੌਰ ਬਾਸਰਕੇ, ਬਲਜਿੰਦਰ ਕੌਰ ਲੱਧੂ ਤੇ ਪ੍ਰਕਾਸ਼ ਕੌਰ ਸੁਰਵਿੰਡ ਦੀ ਅਗਵਾਈ ਹੇਠ ਬਲਾਕ ਵਿੱਚ ਜ਼ੋਰਦਾਰ ਪ੍ਰਦਰਸ਼ਨ ਕਰਕੇ ਘਿਰਾਓ ਕੀਤਾ ਗਿਆ। ਇਸ ਮੌਕੇ ਨਰੇਗਾ ਕਾਮਿਆਂ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਅਫਸਰਸ਼ਾਹੀ ਨਰੇਗਾ ਕਾਮਿਆਂ ਨੂੰ ਕੰਮ ਦੇਣ ਵਿੱਚ ਪੱਖ ਪੂਰਤੀ ਕਰਦੀ ਹੈ। ਜਿਹੜੇ ਨਰੇਗਾ ਕਾਮੇ ਕੰਮ ਕਰਨ ਤੋਂ ਬਾਅਦ ਅਫਸਰਸ਼ਾਹੀ ਤੇ ਮੁਲਾਜ਼ਮਾਂ ਦੀ ਜੇਬ ਹਰੀ ਕਰਦੇ ਹਨ ਉਨ੍ਹਾਂ ਨੂੰ ਕੰਮ ਦੇ ਦਿੱਤਾ ਜਾਂਦਾ ਹੈ ਅਤੇ ਜਿਹੜੇ ਇਨ੍ਹਾਂ ਦੀ ਝੋਲੀ ਵਿਚ ਦਾਣੇ ਨਹੀਂ ਪਾਉਂਦੇ ਉਨ੍ਹਾਂ ਨੂੰ ਇਹ ਮੁਲਾਜ਼ਮ ਟਰਕਾਈ ਜਾਂਦੇ ਹਨ। ਭਿੱਖੀਵਿੰਡ ਬਲਾਕ ਦੇ ਨਰੇਗਾ ਮੁਲਾਜ਼ਮਾਂ ਨੇ ਤਾਂ ਬਿਲਕੁਲ ਸ਼ਰਮ ਲਾਹੀ ਹੋਈ ਹੈ, ਸ਼ਰੇਆਮ ਗੁੰਡਾਗਰਦੀ ਵੀ ਕਰਦੇ ਹਨ ਤੇ ਕੁਰੱਪਸ਼ਨ ਦੀਆਂ ਸਭ ਹੱਦਾਂ ਬੰਨੇ ਪਾਰ ਕਰ ਗਏ ਹਨ। ਕੋਈ ਵੀ ਅਫਸਰ ਇਨ੍ਹਾਂ ਮੁਲਾਜ਼ਮਾਂ ਨੂੰ ਹੱਥ ਪਾਉਣ ਦੀ ਹਿੰਮਤ ਹੀ ਨਹੀਂ ਰੱਖਦਾ। ਮੁਲਾਜ਼ਮ ਸ਼ਰੇਆਮ ਦਨਦਨਾਉਂਦੇ ਫਿਰਦੇ ਹਨ ਕਿ ਸਾਡਾ ਕੋਈ ਵੀ ਅਫਸਰ ਕੁਝ ਵਿਗਾੜ ਨਹੀਂ ਸਕਦਾ ਕਿਉਂਕਿ ਸਰਕਾਰ ਸਾਡੇ ਨਾਲ ਹੈ। ਮਾੜੀਮੇਘਾ ਨੇ ਕਿਹਾ ਕਿ ਇੱਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਕੁਰੱਪਸ਼ਨ ਖਤਮ ਕਰਨ ਦੇ ਦਮਗਜੇ ਮਾਰ ਰਹੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਦੀ ਛਤਰ-ਛਾਇਆ ਹੇਠ ਦਿਨ ਦਿਹਾੜੇ ਰਿਸ਼ਵਤਖੋਰੀ ਚੱਲੀ ਜਾ ਰਹੀ ਹੈ। ਮਾੜੀਮੇਘਾ ਨੇ ਕਿਹਾ ਕਿ ਨਰੇਗਾ ਮੁਲਾਜ਼ਮਾਂ ਨੇ ਜੇ ਨਰੇਗਾ ਕਾਮਿਆਂ ਨੂੰ ਕੰਮ ਤੇ ਪਹਿਲਾਂ ਕੀਤੇ ਹੋਏ ਕੰਮ ਦੇ ਪੈਸੇ ਨਾ ਦਿੱਤੇ ਤਾਂ ਫੌਰੀ ਤੌਰ 'ਤੇ ਮੀਟਿੰਗ ਕਰਕੇ ਐਲਾਨ ਕਰ ਦਿੱਤਾ ਜਾਵੇਗਾ ਕਿ ਭਿੱਖੀਵਿੰਡ ਬਲਾਕ ਅੱਗੇ ਇੱਕ ਹਫਤਾ ਲਗਾਤਾਰ ਪ੍ਰਦਰਸ਼ਨ ਕੀਤਾ ਜਾਵੇਗਾ। ਜੇ ਫਿਰ ਵੀ ਬੋਲੇ ਕੰਨਾਂ ਤੱਕ ਆਵਾਜ਼ ਨਾ ਪਹੁੰਚੀ ਤਾਂ ਫਿਰ ਡੀ ਸੀ ਦਫਤਰ ਤਰਨਤਾਰਨ ਵਿਖੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਜਾਵੇਗਾ।

ਅੱਜ ਦੇ ਪ੍ਰਦਰਸ਼ਨ ਨੂੰ ਨਰੇਗਾ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਅਲਗੋਂ, ਏਟਕ ਦੇ ਜ਼ਿਲ੍ਹਾ ਆਗੂ ਪੂਰਨ ਸਿੰਘ ਮਾੜੀਮੇਘਾ, ਪੰਜਾਬ ਇਸਤਰੀ ਸਭਾ ਦੀ ਆਗੂ ਬੀਬੀ ਸਰੋਜ ਮਲਹੋਤਰਾ, ਰਛਪਾਲ ਸਿੰਘ ਬਾਠ, ਬਲਦੇਵ ਰਾਜ, ਟਹਿਲ ਸਿੰਘ ਲੱਧੂ, ਸੁਖਦੇਵ ਸਿੰਘ ਕਾਲਾ, ਜਸਪਾਲ ਸਿੰਘ ਕਲਸੀਆਂ ਕਲਾਂ ਤੇ ਸਰਬਜੀਤ ਕੌਰ ਸੁਰਵਿੰਡ ਨੇ ਵੀ ਸੰਬੋਧਨ ਕੀਤਾ।

# ਚੋਹਲਾ ਸਾਹਿਬ ਵਿਖੇ ਕਾਲਜ 'ਚ ਐੱਨ ਐੱਸ ਐੱਸ ਦਿਵਸ ਮਨਾਇਆ

**ਸਰਹਾਲੀ ਕਲਾਂ (ਮਨਜੀਤ ਸੰਧੂ, ਹਰਪ੍ਰੀਤ ਸਿੰਘ ਚੰਬਾ)**-ਗੁਰੂ ਅਰਜਨ ਦੇਵ ਖਾਲਸਾ ਕਾਲਜ, ਚੋਹਲਾ ਸਾਹਿਬ ਦੇ ਐੱਨਐੱਸਐੱਸ ਯੂਨਿਟ ਵੱਲੋਂ ਕਾਲਜ ਪ੍ਰਿੰਸੀਪਲ ਡਾ: ਹਰਮਨਦੀਪ ਸਿੰਘ ਦੀ ਅਗਵਾਈ ਵਿੱਚ ਐੱਨਐੱਸਐੱਸ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਪ੍ਰੋ. ਹਿੰਮਤ ਸਿੰਘ ਨੇ ਵਿਦਿਆਰਥੀਆਂ ਨਾਲ 'ਐੱਨਐੱਸਐੱਸ ਦੀ ਮਹੱਤਤਾ' 'ਤੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਵਲੰਟੀਅਰਾਂ ਨੂੰ ਐੱਨਐੱਸਐੱਸ ਦੇ ਮੋਟੋ "ਨਾਟ ਮੀ ਬੱਟ ਯੂ" ਨੂੰ ਜੀਵਨ ਦਾ ਅਧਾਰ ਬਣਾਉਣ ਅਤੇ ਇਸ ਅਨੁਸਾਰ ਕਾਰਜ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਪ੍ਰੋ. ਜਗਜੀਤ ਸਿੰਘ ਨੇ ਕਿਹਾ ਕਿ ਵਲੰਟੀਅਰਾਂ ਵਿਚਕਾਰ ਵੱਖ-ਵੱਖ ਗਤੀਵਿਧੀਆਂ ਕਰਵਾਉਣ ਦਾ ਮੰਤਵ ਵਿਦਿਆਰਥੀਆਂ ਵਿਚਕਾਰ ਇੱਕ ਟੀਮ ਵਜੋਂ ਕੰਮ ਕਰਨ ਦੀ ਭਾਵਨਾ ਪੈਦਾ ਕਰਨਾ ਹੈ। ਪ੍ਰਿੰ. ਡਾ. ਹਰਮਦੀਪ ਸਿੰਘ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਵਜੋਂ ਵਿਚਰਨ ਵਿਚ ਸਹਾਈ ਹੁੰਦੀਆਂ ਹਨ। ਉਨ੍ਹਾਂ ਨੇ ਕਾਲਜ ਦੇ ਪ੍ਰੋਗਰਾਮ ਅਫਸਰਾਂ ਨੂੰ ਅਜਿਹੇ ਸਮਾਗਮ ਕਰਵਾਉਣ ਲਈ ਵਧਾਈ ਦਿੱਤੀ।



# ਹਰੂਵਾਲ ਵਿਖੇ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਹਰੂਵਾਲ ਦੇ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਵਿਖੇ ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕ ਸਤਨਾਮ ਸਿੰਘ ਹਰੂਵਾਲ ਦੀ ਅਗਵਾਈ ਹੇਠ ਅੱਜ ਹਰ ਸਾਲ ਦੀ ਤਰ੍ਹਾਂ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਭਾਈ ਜਸਵਿੰਦਰ ਸਿੰਘ ਤੇ ਭਾਈ ਮਨਜਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਜਥੇਦਾਰ ਇਕਬਾਲ ਸਿੰਘ ਭੈਣੀ ਸਾਹਿਬ, ਬਾਬਾ ਸਰਪ੍ਰੀਤ ਸਿੰਘ ਮੁਹਾਵੇ ਵਾਲੇ ਤੇ ਸੁੱਚਾ ਸਿੰਘ ਡੇਰਾ ਪਠਾਣਾਂ ਸਮੇਤ ਕਈ ਪੰਥ ਦੇ ਮਹਾਨ ਨਾਮਵਰ ਜਥਿਆਂ ਵੱਲੋਂ ਬਾਬਾ ਸ੍ਰੀ ਚੰਦ ਜੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਮੁੱਖ ਸੇਵਾਦਾਰ ਸਤਨਾਮ ਸਿੰਘ ਹਰੂਵਾਲ ਵੱਲੋਂ ਆਈਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਣਜੇਤ ਸਿੰਘ ਬਾਠ ਚੇਅਰਮੈਨ ਮਾਰਕਿਟ ਕਮੇਟੀ ਕਲਾਨੌਰ, ਆਪ ਆਗੂ ਚੰਨਣ ਸਿੰਘ ਖਾਲਸਾ, ਹਰਦੇਵ ਸਿੰਘ ਹਰੂਵਾਲ, ਜਥੇਦਾਰ ਅਤਰ ਸਿੰਘ, ਬਾਬਾ ਜਗੀਰ ਸਿੰਘ, ਸੁਰਿੰਦਰ ਸਿੰਘ ਫੌਜੀ, ਲਾਡੀ ਢਿੱਲੋਂ, ਕੈਪਟਨ ਰਣਜੀਤ ਸਿੰਘ, ਜਸਬੀਰ ਸਿੰਘ, ਰਣਜੀਤ ਸਿੰਘ, ਬੀਜੀਤ ਸਿੰਘ, ਰਵਿੰਦਰ ਸਿੰਘ, ਲਖਵਿੰਦਰ ਸਿੰਘ, ਹਰਭਿੰਦਰ ਸਿੰਘ, ਗੁਰਦੇਵ ਸਿੰਘ ਪੰਨਵਾ, ਕੁਲਵਿੰਦਰ ਸਿੰਘ, ਡਾਕਟਰ ਗੁਰਪ੍ਰੀਤ ਸਿੰਘ, ਰਿੰਕਾ ਸਮਰਾ, ਲਾਡੀ ਸਮਰਾ, ਗੁਰਸੇਵਕ ਸਿੰਘ, ਸੁਲੱਖਣ ਸਿੰਘ, ਮੱਖਣ ਸਿੰਘ, ਜੇ ਈ ਅਵਤਾਰ ਸਿੰਘ, ਸਵਰਨ ਸਿੰਘ, ਕੁਲਵਿੰਦਰ ਸਿੰਘ ਕਾਕਾ, ਬਲਵਿੰਦਰ ਸਿੰਘ ਬੱਬੀ, ਤਰਸੇਮ ਸਿੰਘ, ਜੋਗਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਨਾਮਧਾਰੀ ਸਰਪ੍ਰਦਾਵਾਂ ਨਾਲ ਸਬੰਧਤ ਸੰਗਤਾਂ ਹਾਜ਼ਰ ਸਨ।

# ਐੱਮ ਐੱਸ ਐੱਮ ਸਕੂਲ ਦੀਆਂ ਲੜਕੀਆਂ ਨੇ ਖੇਡਾਂ 'ਚ ਮਾਰੀ ਬਾਜ਼ੀ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਸ੍ਰੀ ਤਰਨ ਤਾਰਨ ਸਾਹਿਬ ਵਿਖੇ ਬੀਤੇ ਦਿਨੀਂ 67ਵੀਆ ਜ਼ਿਲ੍ਹਾ ਸਕੂਲ ਖੇਡਾਂ ਕਰਵਾਈਆ ਗਈਆ ਜਿਨ੍ਹਾਂ ਵਿੱਚ ਜਿਲ੍ਹੇ ਦੀਆਂ 10 ਜ਼ੋਨਾਂ ਦੀਆਂ ਵੱਖ-ਵੱਖ ਟੀਮਾਂ ਨੇ ਮੁਕਾਬਲਿਆਂ ਵਿੱਚ ਹਿੱਸਾ ਲਿਆ।

ਵੱਖ-ਵੱਖ ਕਬੱਡੀ ਸਰਕਲ ਟੀਮਾਂ ਦੀਆਂ ਖਿਡਾਰਨਾਂ ਨੂੰ ਹਰਾਉਂਦੀਆਂ ਹੋਈਆਂ ਐੱਮਐੱਸਐੱਮ ਕਾਨਵੈਂਟ ਸਕੂਲ ਦੀਆਂ ਖਿਡਾਰਨਾਂ ਨੇ ਸੈਮੀਫਾਈਨਲ ਮੁਕਾਬਲੇ ਨੂੰ ਜਿੱਤ ਕੇ ਫਾਈਨਲ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਿਲ ਕੀਤਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਬੋਲਦਿਆਂ ਸੰਸਥਾ ਦੇ ਡਾਇਰੈਕਟਰ ਉਪਕਾਰ ਸਿੰਘ ਸੰਧੂ ਅਤੇ ਸਕੂਲ ਦੇ ਪ੍ਰਿੰ. ਰਾਕੇਸ਼ ਕੁਮਾਰ ਵਾਇਸ ਪ੍ਰਿੰ. ਮੈਡਮ ਕੁਲਬੀਰ ਕੌਰ ਨੇ ਬੱਚਿਆ ਦੀ ਪ੍ਰਸ਼ੰਸਾ ਅਤੇ ਹੌਸਲਾ ਅਫਜ਼ਾਈ ਕਰਦਿਆਂ ਮੈਡਲ ਤੇ ਟਰਾਫੀ ਦੇ ਕੇ ਬੱਚਿਆਂ ਨੂੰ ਸਨਮਾਨਿਤ ਕੀਤਾ। ਡਾਇਰੈਕਟਰ ਸਰ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਸਿੱਖਿਆ ਵਿਭਾਗ ਹਰ ਬੱਚੇ ਨੂੰ ਮਿਆਰੀ ਸਿੱਖਿਆ ਦੇਣ ਲਈ ਵਚਨਬੱਧ : ਡੀ ਜੀ ਸਿੰਘ

**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਮੁੱਖ ਮੰਤਰੀ ਪੰਜਾਬ, ਸਿੱਖਿਆ ਮੰਤਰੀ ਹਰਜੋਤ ਬੈਂਸ ਅਤੇ ਡਿਪਟੀ ਕਮਿਸ਼ਨਰ ਹਰਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਅਤੇ ਅਧਿਆਪਕਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਵੱਲੋਂ ਜ਼ਿਲ੍ਹੇ ਦੇ ਸਮੂਹ ਸੈਂਟਰ ਹੈੱਡ ਅਧਿਆਪਕਾਂ ਨਾਲ ਰੀਵਿਊ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਸਮੂਹ ਸਕੂਲਾਂ ਦੀ ਪੂਰੀ ਰਿਪੋਰਟ ਪ੍ਰਾਪਤ ਕੀਤੀ ਗਈ। ਕਮਲਦੀਪ ਕੌਰ ਨੇ ਕਿਹਾ ਕਿ ਅੱਜ ਦੀ ਮੀਟਿੰਗ ਦਾ ਮੁੱਖ ਮੰਤਵ ਸਕੂਲਾਂ ਦੀਆਂ ਬੁਨਿਆਦੀ ਸਹੂਲਤਾਂ ਅਤੇ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨਾ ਹੈ। ਮੁਸ਼ਕਲਾਂ ਨੂੰ ਪਿੰਡ ਦੀਆਂ ਪੰਚਾਇਤਾਂ ਦੇ ਸਹਿਯੋਗ ਨਾਲ ਦੂਰ ਕੀਤਾ ਜਾ ਸਕਦਾ ਹੈ । ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਨੇ ਕਿਹਾ ਕਿ ਸਿੱਖਿਆ ਵਿਭਾਗ ਪਠਾਨਕੋਟ ਜ਼ਿਲ੍ਹੇ ਦੇ ਹਰ ਇੱਕ ਬੱਚੇ ਨੂੰ ਜ਼ਿਲ੍ਹਾ ਸਿੱਖਿਆ ਅਫਸਰ ਦੀ ਅਗਵਾਈ ਹੇਠ ਮਿਆਰੀ ਸਿੱਖਿਆ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲੋੜਵੰਦ ਸਕੂਲਾਂ ਨੂੰ ਨਵੀਂ ਚਾਰਦੀਵਾਰੀ ਅਤੇ ਚਾਰਦੀਵਾਰੀ ਦੀ ਰਿਪੇਅਰ ਲਈ ਗ੍ਰਾਂਟ ਭੇਜੀ ਗਈ ਹੈ, ਸਕੂਲ ਮੁਖੀ ਇਸ ਗ੍ਰਾਂਟ ਨੂੰ ਵਿਭਾਗੀ ਨਿਯਮਾਂ ਅਨੁਸਾਰ ਨਿਸ਼ਚਿਤ ਸਮੇਂ ਅੰਦਰ ਖਰਚ ਕਰਨ।

ਇਸ ਮੌਕੇ ਜੂਨੀਅਰ ਇੰਜੀਨੀਅਰ ਨਰਿੰਦਰ ਸਿੰਘ, ਸੀਐੱਚਟੀ ਰਵੀ ਕਾਂਤ, ਕੈਲਾਸ਼ ਚੰਦਰ, ਬੋਧ ਰਾਜ, ਅੰਜੂ ਬਾਲਾ ਸਮੇਤ ਸਮੂਹ ਸੀਐੱਚਟੀ ਹਾਜ਼ਰ ਸਨ।

# ਸੁਰਸਿੰਘ ਵਿਖੇ ਜੋੜ ਮੇਲੇ 'ਤੇ ਫ੍ਰੀ ਮੈਡੀਕਲ ਕੈਂਪ ਲੱਗਾ




**ਝਬਾਲ (ਹਰਜਿੰਦਰ ਸਿੰਘ ਸੋਨੀ)**-ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ 100 ਦੇ ਜ਼ਿਲਾ ਤਰਨਤਾਰਨ ਦੇ ਬਲਾਕ ਭਿੱਖੀਵਿੰਡ ਵੱਲੋਂ ਕਸਬਾ ਸੁਰਸਿੰਘ ਵਿਖੇ ਬਹਾਦਰ ਬਾਬਾ ਬਿਧੀਚੰਦ ਦੇ ਸਾਲਾਨਾ ਜੋੜ ਮੇਲੇ ਦੇ ਸਬੰਧ ਵਿੱਚ 2 ਦਿਨਾ ਜੋੜ ਮੇਲੇ 'ਤੇ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਉਚੇਚੇ ਤੌਰ 'ਤੇ ਪਹੁੰਚੇ ਯੂਨੀਅਨ ਦੇ ਸੂਬਾ ਪ੍ਰਧਾਨ ਡਾ. ਤੇਜਿੰਦਰ ਸਿੰਘ ਢਿੱਲੋਂ ਲਹੀਆ ਤੋਂ ਇਲਾਵਾ ਬਲਾਕ ਝਬਾਲ ਅਤੇ ਬਲਾਕ ਭਿੱਖੀਵਿੰਡ ਦੇ ਡਾਕਟਰ ਸਾਥੀਆਂ ਨੇ 2 ਦਿਨ ਲਗਾਤਾਰ ਮੈਡੀਕਲ ਕੈਂਪ ਵਿੱਚ ਸੇਵਾਵਾਂ ਨਿਭਾਈਆਂ ਅਤੇ ਲੋੜਵੰਦ ਮਰੀਜ਼ਾਂ ਦਾ ਚੈੱਕਅੱਪ ਕਰਕੇ ਮੁਫਤ ਦਵਾਈਆਂ ਵੰਡੀਆਂ ਗਈਆਂ। ਸੂਬਾ ਪ੍ਰਧਾਨ ਡਾ, ਢਿੱਲੋਂ ਅਤੇ ਸਾਥੀਆਂ ਨੇ ਗੁਰੂ ਘਰ ਵਿੱਚ ਨਤਮਸਤਕ ਹੁੰਦੇ ਹੋਏ ਢਾਡੀ ਵਾਰਾਂ ਅਤੇ ਰਸਭਿੰਨਾ ਕੀਰਤਨ ਵੀ ਸਰਵਣ ਕੀਤਾ। ਬਾਬਾ ਬਿੱਧੀਚੰਦ ਦੀ ਬਹਾਦਰੀ ਨੂੰ ਸਿਜਦਾ ਕੀਤਾ। ਸੇਵਾ ਨਿਭਾਉਣ ਵਾਲੇ ਸਾਥੀਆਂ ਵਿਚ ਬਲਾਕ ਭਿੱਖੀਵਿੰਡ ਦੇ ਪ੍ਰਧਾਨ ਡਾ. ਰਾਜਿੰਦਰ ਸਿੰਘ ਧੁੰਨਾ, ਡਾ. ਤੇਜਿੰਦਰ, ਡਾ. ਨਿਰਮਲ, ਡਾ. ਭੁਪਿੰਦਰ, ਡਾ. ਬਲਜਿੰਦਰ, ਡਾ. ਦਲਬੀਰ, ਡਾ. ਜਗਦੀਸ, ਡਾ. ਅਕਾਸ਼ਦੀਪ, ਡਾ. ਗੁਰਜੀਤ ਭੂਸੇ, ਡਾ. ਕਸ਼ਮੀਰ, ਡਾ. ਪਲਵਿੰਦਰ ਸਿੰਘ ਬਾਉ, ਡਾ. ਮੱਸਾ ਸਿੰਘ, ਡਾ. ਮਲਕੀਤ ਸਿੰਘ ਚਾਹਲ, ਡਾ. ਹਰਪ੍ਰੀਤ ਚੀਮਾ ਸ਼ਾਮਲ ਸਨ।

# 'ਮੁੱਲਾਂ 'ਤੇ ਆਧਾਰਤ ਸਿੱਖਿਆ' ਵਿਸ਼ੇ 'ਤੇ ਇੱਕ ਰੋਜ਼ਾ ਸੈਮੀਨਾਰ



**ਬਟਾਲਾ (ਤਰਲੋਕ ਬੱਗਾ)**—ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਸਮਰੱਥਾ ਨਿਰਮਾਣ ਪ੍ਰੋਗਰਾਮ ਤਹਿਤ ਮੁੱਲਾਂ 'ਤੇ ਆਧਾਰਤ ਸਿੱਖਿਆ ਵਿਸ਼ੇ 'ਤੇ ਸੀਬੀਐਸਈ ਚੰਡੀਗੜ੍ਹ ਵੱਲੋਂ ਇੱਕ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਬੁਲਾਰੇ ਸੁਖਰਾਜ ਸੰਧੂ ਸਪਰਿੰਗਡੇਲ ਸਕੂਲ ਅੰਮ੍ਰਿਤਸਰ ਅਤੇ ਸ਼ਰਮੀਲਾ ਨਾਕਰਾ ਡਿਪਟੀ ਡਾਇਰੈਕਟਰ ਇਨੋਸੈਂਟ ਹਾਰਟਸ ਸਕੂਲ ਜਲੰਧਰ ਸਨ। ਇਸ ਸੈਮੀਨਾਰ ਦਾ ਉਦੇਸ਼ ਅਧਿਆਪਕਾਂ ਦੀ ਪੜ੍ਹਾਉਣ ਸਮਰੱਥਾ ਅਤੇ ਹੁਨਰ ਨੂੰ ਵਧਾਉਣਾ ਸੀ। ਇਸ ਪ੍ਰੋਗਰਾਮ ਦੇ ਵੱਖ-ਵੱਖ ਵਿਸ਼ਿਆਂ ਵਿੱਚ ਅਧਿਆਪਕਾਂ ਨੂੰ ਬੱਚਿਆਂ ਦੀ ਸਿਹਤ, ਭਾਵਨਾਤਮਕ ਅਤੇ ਮਾਨਸਿਕ ਵਿਕਾਸ, ਉਨ੍ਹਾਂ ਵਿੱਚ ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦੀ ਭਾਵਨਾ ਪੈਦਾ ਕਰਨ, ਲਿੰਗ ਸਮਾਨਤਾ ਲਿਆਉਣ, ਸਿਹਤ ਅਤੇ ਸਫਾਈ ਵੱਲ ਧਿਆਨ ਦੇਣ, ਸਿਹਤਮੰਦ ਜੀਵਨ ਨੂੰ ਅਪਣਾਉਣ ਬਾਰੇ ਸਿਖਾਇਆ ਗਿਆ। ਚੰਗੀ ਜੀਵਨ ਸ਼ੈਲੀ, ਹਿੰਸਾ ਦੇ ਖਿਲਾਫ ਸੁਰੱਖਿਆ ਅਤੇ ਇੰਟਰਨੈੱਟ ਦੀ ਸਹੀ ਵਰਤੋਂ ਆਦਿ ਵਿਸ਼ਿਆਂ ਤੇ ਜਾਣਕਾਰੀ ਦਿੱਤੀ ਗਈ ਤਾਂ ਜੋ ਵਿਦਿਆਰਥੀ ਚੰਗੇ ਨਾਗਰਿਕ ਬਣ ਸਕਣ ਅਤੇ ਉਨ੍ਹਾਂ ਦਾ ਸਰਬਪੱਖੀ ਵਿਕਾਸ ਹੋ ਸਕੇ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਸੀਬੀਐੱਸਈ ਦੁਆਰਾ ਆਯੋਜਿਤ ਇਹੋ ਜਿਹੀਆਂ ਵਰਕਸ਼ਾਪਾਂ ਦੀ ਭਰਪੂਰ ਸ਼ਲਾਘਾ ਕੀਤੀ।

# ਹੜ੍ਹ ਪ੍ਰਭਾਵਿਤ ਵਿਅਕਤੀਆਂ ਲਈ 4,42,64,328 ਰੁਪਏ ਦੀ ਮੁਆਵਜ਼ਾ ਰਾਸ਼ੀ ਜਾਰੀ : ਡੀ ਸੀ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪਿਛਲੇ ਮਹੀਨੇ ਜ਼ਿਲ੍ਹਾ ਗੁਰਦਾਸਪੁਰ ਦੇ ਕੁਝ ਖੇਤਰਾਂ ਵਿੱਚ ਬਰਸਾਤਾਂ ਅਤੇ ਹੜ੍ਹ ਆਉਣ ਕਾਰਨ ਫਸਲਾਂ, ਪਸ਼ੂਆਂ ਅਤੇ ਮਕਾਨਾਂ ਦਾ ਨੁਕਸਾਨ ਹੋਇਆ ਸੀ। ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਾਲ ਵਿਭਾਗ ਵੱਲੋਂ ਪੰਚਾਇਤ ਵਿਭਾਗ ਦੇ ਸਹਿਯੋਗ ਨਾਲ ਵਿਸ਼ੇਸ਼ ਸਰਵੇ ਕਰਵਾਇਆ ਗਿਆ ਸੀ ਤਾਂ ਕਿ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਪਤਾ ਲਗਾਇਆ ਜਾ ਸਕੇ। ਸਰਵੇ ਰਿਪੋਰਟ ਆਉਣ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਤ ਵਿਅਕਤੀਆਂ ਨੂੰ ਪੰਜਾਬ ਸਰਕਾਰ ਵੱਲੋਂ ਭੇਜੀ ਗਈ 4,42,64,328 ਰੁਪਏ ਦੀ ਮੁਆਵਜ਼ਾ ਰਾਸ਼ੀ ਵੰਡੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਦੱਸਿਆ ਕਿ ਹੜ੍ਹਾਂ ਕਾਰਨ ਪ੍ਰਭਾਵਤ ਹੋਏ ਘਰਾਂ ਦਾ ਸਰਵੇ ਕਰਨ ਤੋਂ ਬਾਅਦ ਇਹ ਸਾਹਮਣੇ ਆਇਆ ਸੀ ਕਿ 534 ਘਰ ਹੜ੍ਹ ਕਾਰਨ ਨੁਕਸਾਨੇ ਗਏ ਸਨ, ਜਿਨ੍ਹਾਂ ਦਾ ਪੰਜਾਬ ਸਰਕਾਰ ਵੱਲੋਂ 67,47,000 ਰੁਪਏ ਮੁਆਵਜ਼ਾ ਪ੍ਰਭਾਵਤ ਵਿਅਕਤੀਆਂ ਨੂੰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਹੜ੍ਹਾਂ ਵਿੱਚ ਮਾਰੇ ਗਏ ਪਸ਼ੂਆਂ ਦਾ 6,41,000 ਰੁਪਏ ਦਾ ਮੁਆਵਜ਼ਾ 15 ਪਸ਼ੂ ਪਾਲਕਾਂ ਨੂੰ ਵੰਡਿਆ ਜਾ ਚੁੱਕਾ ਹੈ। ਧੀਰੋਵਾਲ ਦੇ ਦੋ ਬੱਚੇ ਜੋ ਹੜ੍ਹ ਦੇ ਪਾਣੀ ਵਿੱਚ ਡੁੱਬ ਗਏ ਸਨ, ਦੇ ਪਰਿਵਾਰਾਂ ਨੂੰ ਵੀ 8 ਲੱਖ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਗਈ ਹੈ। 3333 ਕਿਸਾਨਾਂ ਲਈ 3,60,76,328 ਰੁਪਏ ਮੁਆਵਜ਼ਾ ਰਾਸ਼ੀ ਮਨਜ਼ੂਰ ਕਰਕੇ ਤਹਿਸੀਲ ਦਫ਼ਤਰਾਂ ਨੂੰ ਭੇਜੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੇਕਰ ਕਿਸੇ ਵੀ ਕਿਸਾਨ ਜਾਂ ਵਿਅਕਤੀ ਨੂੰ ਲੱਗਦਾ ਹੈ ਕਿ ਉਸਨੂੰ ਹੜ੍ਹਾਂ ਜਾਂ ਬਰਸਾਤਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਨਹੀਂ ਮਿਲਿਆ ਤਾਂ ਉਹ ਆਪਣੇ ਪਿੰਡ ਦੇ ਪਟਵਾਰੀ, ਨੇੜੇ ਦੇ ਤਹਿਸੀਲ ਦਫ਼ਤਰ, ਐੱਸਡੀਐੱਮ ਦਫ਼ਤਰ ਜਾਂ ਡਿਪਟੀ ਕਮਿਸ਼ਨਰ ਦਫ਼ਤਰ ਵਿੱਚ ਆਪਣੀ ਅਰਜ਼ੀ ਦੇ ਸਕਦੇ ਹਨ, ਜਿਸ ਉੱਪਰ ਤੁਰੰਤ ਕਾਰਵਾਈ ਕਰਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਹੜ੍ਹ ਦੇ ਨੁਕਸਾਨ ਤੋਂ ਪ੍ਰਭਾਵਿਤ ਹਰ ਵਿਅਕਤੀ ਨੂੰ ਮੁਆਵਜ਼ਾ ਦੇਣ ਲਈ ਵਚਨਬੱਧ ਹੈ।



# ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ.) 'ਚ ਵਾਧਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਨੇ ਆਪਣਾ ਕਾਰਜ ਖੇਤਰ ਵਧਾਉਂਦੇ ਹੋਏ ਪੰਜਾਬ ਪੱਧਰ ਤੇ ਕਈ ਚਿਹਰਿਆਂ ਨੂੰ ਆਪਣੀ ਟੀਮ 'ਚ ਸ਼ਾਮਲ ਕਰ ਲਿਆ ਹੈ। ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸੰਸਥਾ 'ਚ ਵੱਖ-ਵੱਖ ਅਹੁਦਿਆਂ 'ਤੇ ਕਈ ਨਿਯੁਕਤੀਆਂ ਕੀਤੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਹਲਕਾ ਇੰਚਾਰਜ ਬਾਬਾ ਬਕਾਲਾ ਅੰਮ੍ਰਿਤਪਾਲ ਸਿੰਘ ਸ਼ਾਹਪੁਰ, ਅੰਮ੍ਰਿਤਸਰ ਤੋਂ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਕਲਿਆਣ, ਪੁਲਸ ਜ਼ਿਲ੍ਹਾ ਬਟਾਲਾ ਡਾ. ਸੁਖਚੈਨ ਸਿੰਘ, ਮਾਨਸਾ ਜ਼ਿਲ੍ਹਾ ਯੂਥ ਪ੍ਰਧਾਨ ਡਾ. ਭੁਵਣ ਸਿੰਘ, ਲੁਧਿਆਣਾ ਤੋਂ ਯੂਥ ਪ੍ਰਧਾਨ ਕੈਪਟਨ ਸਿੰਘ, ਜ਼ਿਲ੍ਹਾ ਕਪੂਰਥਲਾ ਪ੍ਰਧਾਨ ਪਾਲ ਸਿੰਘ, ਜ਼ਿਲ੍ਹਾ ਬਠਿੰਡਾ ਪ੍ਰਧਾਨ ਕਰਮਜੀਤ ਸਿੰਘ ਧੂਰੀ, ਦਫਤਰ ਸਕੱਤਰ ਗੋਪਾਲ ਸਿੰਘ ਉਮਰਾ ਨੰਗਲ, ਮਹਿਲਾ ਵਿੰਗ ਬਲਾਕ ਰਈਆ ਪ੍ਰਧਾਨ ਸੁਖਚੈਨ ਕੌਰ, ਸੱਭਿਆਚਾਰ ਵਿੰਗ ਬਲਾਕ ਰਈਆ ਪ੍ਰਧਾਨ ਗੁਰਮੇਲ ਸਿੰਘ ਜੋਧਾ, ਬਲਾਕ ਰਈਆ ਪ੍ਰਧਾਨ ਸਰਵਣ ਸਿੰਘ, ਮੁੱਖ ਸਲਾਹਕਾਰ ਸਤਨਾਮ ਸਿੰਘ ਸੱਭਰਵਾਲ, ਜ਼ਿਲ੍ਹਾ ਗੁਰਦਾਸਪੁਰ ਪ੍ਰਧਾਨ ਗੁਰਵਿੰਦਰ ਸਿੰਘ (ਮੰਨੂ ਭੱਟੀ), ਬਲਾਕ ਪ੍ਰਧਾਨ ਫ਼ਿਲੌਰ ਸੁਖਦੀਪ ਸਿੰਘ ਖਾਲਸਾ, ਜ਼ਿਲ੍ਹਾ ਅੰਮ੍ਰਿਤਸਰ ਓਬੀਸੀ ਵਿੰਗ ਪ੍ਰਧਾਨ ਪਰਮਜੀਤ ਸਿੰਘ, ਜ਼ਿਲਾ ਤਰਨ ਤਾਰਨ ਪ੍ਰਧਾਨ ਹਰਜੀਤ ਸਿੰਘ, ਹਲਕਾ ਜੰਡਿਆਲਾ ਦੀ ਇਸਤਰੀ ਵਿੰਗ ਪ੍ਰਧਾਨ ਸੁਨੀਤਾ, ਬਲਾਕ ਖਡੂਰ ਇਸਤਰੀ ਵਿੰਗ ਪ੍ਰਧਾਨ ਬਲਜਿੰਦਰ ਕੌਰ ਦੇਵਾ, ਜ਼ਿਲ੍ਹਾ ਗੁਰਦਾਸਪੁਰ ਇਸਤਰੀ ਵਿੰਗ ਪ੍ਰਧਾਨ ਜਸਬੀਰ ਕੌਰ, ਰਈਆ ਬਲਾਕ ਕਮੇਟੀ ਮੈਂਬਰ ਗੁਰਜੀਤ ਸਿੰਘ ਕਲਿਆਣ ਨੂੰ ਨਿਯੁਕਤ ਕੀਤਾ ਗਿਆ ਹੈ।

# ਕਿਸਾਨ ਤੇ ਜਵਾਨ ਭਲਾਈ ਯੂਨੀਅਨ ਨੇ ਧਾਲੀਵਾਲ ਨੂੰ ਸੌਂਪਿਆ ਮੰਗ ਪੱਤਰ

**ਮਜੀਠਾ, ਧਾਰੀਵਾਲ (ਸੋਇਮ ਆਨੰਦ/ਮਨਦੀਪ ਸਿੰਘ ਵਿੱਕੀ)**-ਸ਼ਹੀਦ ਕਿਸਾਨਾਂ ਦੇ ਵਾਰਿਸਾਂ ਨੂੰ ਸਰਕਾਰੀ ਨੌਕਰੀਆਂ ਦੇਣ ਅਤੇ ਹੋਰ ਕਿਸਾਨੀ ਮੁਸ਼ਕਿਲਾਂ ਦੇ ਹੱਲ ਲਈ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੇ ਵਫਦ ਵੱਲੋਂ ਸੂਬਾ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਦੀ ਅਗਵਾਈ ਵਿੱਚ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਮਿਲ ਕੇ ਮੰਗ ਪੱਤਰ ਸੌਂਪਿਆ ਗਿਆ। ਇਸ ਵਫਦ ਵਿੱਚ ਸੂਬਾ ਜਨਰਲ ਸਕੱਤਰ ਕਵਲਜੀਤ ਸਿੰਘ ਖੁਸ਼ਹਾਲਪੁਰ, ਸੂਬਾ ਲੀਗਲ ਅਡਵਾਈਜ਼ਰ ਐਡਵੋਕੇਟ ਪ੍ਰਭਜੋਤ ਸਿੰਘ ਕਾਹਲੋਂ, ਸੂਬਾ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਖਾਸਾਵਾਲਾ, ਸੂਬਾ ਸਕੱਤਰ ਕਾਨੂੰਗੋ ਪਰਸ਼ੋਤਮ ਲਾਲ, ਜ਼ਿਲ੍ਹਾ ਗੁਰਦਾਸਪੁਰ ਦਾ ਜਨਰਲ ਸਕੱਤਰ ਗੁਰਜੀਤ ਸਿੰਘ ਵਡਾਲਾ ਬਾਂਗਰ, ਜ਼ਿਲ੍ਹਾ ਅੰਮ੍ਰਿਤਸਰ ਦਾ ਜਨਰਲ ਸਕੱਤਰ ਪ੍ਰਭਦੀਪ ਸਿੰਘ ਜੈਂਤੀਪੁਰ, ਜ਼ਿਲ੍ਹਾ ਮੀਤ ਪ੍ਰਧਾਨ ਸਤਨਾਮ ਸਿੰਘ ਜੌੜੀਆਂ ਕਲਾਂ, ਸ਼ਹੀਦ ਕਿਸਾਨ ਪਰਿਵਾਰ ਆਗੂ ਬਾਪੂ ਅਜੀਤ ਸਿੰਘ ਦੇਹੜ ਸ਼ਾਮਿਲ ਸਨ। ਮੀਟਿੰਗ ਤੋਂ ਬਾਅਦ ਕਿਸਾਨ ਆਗੂ ਸੁਖਦੇਵ ਸਿੰਘ ਭੋਜਰਾਜ ਨੇ ਕਿਹਾ ਕਿ ਕਿਸਾਨਾਂ ਦੀਆਂ ਕੁਝ ਬਹੁਤ ਜ਼ਰੂਰੀ ਮੰਗਾਂ ਜਿਹੜੀਆਂ ਪਿਛਲੇ ਸਮੇਂ ਦੌਰਾਨ ਹੋਈਆਂ ਮੀਟਿੰਗਾਂ ਵਿੱਚ ਪੰਜਾਬ ਸਰਕਾਰ ਵੱਲੋਂ ਮੰਨੀਆਂ ਜਾ ਚੁੱਕੀਆਂ ਹਨ, 'ਚੋਂ ਜ਼ਰੂਰੀ ਚਾਰ ਮਸਲਿਆਂ ਨੂੰ ਤੁਰੰਤ ਲਾਗੂ ਕਰਵਾਉਣ ਲਈ ਮੰਤਰੀ ਨਾਲ ਵਿਚਾਰ ਚਰਚਾ ਕੀਤੀ ਗਈ। ਉਨ੍ਹਾਂ ਵਿੱਚ ਮੁੱਖ ਤੌਰ ਉੱਤੇ ਕੇਂਦਰ ਸਰਕਾਰ ਵੱਲੋਂ ਬਣਾਏ ਗਏ 3 ਕਾਲੇ ਕਾਨੂੰਨ ਰੱਦ ਕਰਵਾਉਣ ਲਈ ਚਲੇ ਸੰਘਰਸ਼ ਵਿਚ 1000 ਦੇ ਕਰੀਬ ਸ਼ਹੀਦ ਹੋਏ ਕਿਸਾਨਾਂ 'ਚੋਂ 326 ਦੇ ਕਰੀਬ ਕਿਸਾਨਾਂ ਦੇ ਵਾਰਿਸਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ ਹਨ, ਬਾਕੀ ਨੌਕਰੀਆਂ ਤੋਂ ਵਾਂਝੇ ਪਰਿਵਾਰਾਂ ਨੂੰ ਤੁਰੰਤ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ। ਪੰਜਾਬ ਸਰਕਾਰ ਵਾਲੇ 5 ਲੱਖ ਅਤੇ ਤੇਲੰਗਾਨਾ ਸਰਕਾਰ ਵਾਲੀ 3 ਲੱਖ ਰੁਪਏ ਦੀ ਰਾਸ਼ੀ ਨਹੀਂ ਮਿਲੀ, ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇ, ਚਿੱਪ ਵਾਲੇ ਮੀਟਰ ਲਗਾਉਣ ਦਾ ਫੈਸਲਾ ਵਾਪਿਸ ਲਿਆ ਜਾਵੇ, ਆਦਿ ਮੰਗਾਂ ਹਨ। ਇਨ੍ਹਾਂ ਮੰਗਾਂ ਤੋਂ ਇਲਾਵਾ ਹੋਰ ਵੀ ਕਈ ਮੰਗਾਂ ਨੂੰ ਮੰਤਰੀ ਨੇ ਬੜੇ ਧਿਆਨ ਨਾਲ ਸੁਣਿਆ ਅਤੇ ਕਿਹਾ ਕਿ ਸ਼ਹੀਦਾਂ ਦੇ ਵਾਰਿਸਾਂ ਨੂੰ ਸਰਕਾਰੀ ਨੌਕਰੀਆਂ ਜਲਦੀ ਹੀ ਦਿੱਤੀਆਂ ਜਾਣਗੀਆਂ ਅਤੇ ਚਿੱਪ ਵਾਲਾ ਮੀਟਰ ਖਪਤਕਾਰ ਦੀ ਸਹਿਮਤੀ ਨਾਲ ਹੀ ਲਗਾਇਆ ਜਾ ਸਕਦਾ ਹੈ, ਕੋਈ ਮੁਲਾਜ਼ਮ ਜ਼ਬਰਦਸਤੀ ਨਹੀਂ ਲਗਾ ਸਕਦਾ। ਇਸ ਬਾਰੇ ਪਾਵਰਕੌਮ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਨੁਕਸਾਨੇ ਗਏ ਘਰਾਂ ਦਾ ਮੁਆਵਜ਼ਾ ਦੇ ਦਿੱਤਾ ਹੈ। ਫਿਰ ਵੀ ਜੇ ਕੋਈ ਪਰਿਵਾਰ ਰਹਿ ਗਿਆ ਹੈ ਤਾਂ ਸਾਨੂੰ ਲਿਸਟ ਭੇਜ ਦਿੱਤੀ ਜਾਵੇ। ਸਾਈਲੋ ਵਾਲੇ ਮਸਲੇ ਨੂੰ ਉਨ੍ਹਾਂ ਕੈਬਨਿਟ ਮੀਟਿੰਗ ਵਿੱਚ ਵਿਚਾਰਨ ਦੀ ਗੱਲ ਕਹੀ।



# ਸ਼੍ਰੋਮਣੀ ਕਮੇਟੀ ਨੇ ਕਿਰਤੀ ਸਿੱਖ ਭਾਈ ਲਾਲੋ ਦਾ ਜਨਮ ਦਿਹਾੜਾ ਮਨਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਿਰਤੀ ਸਿੱਖ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ।



ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਰੂਪ ਸਿੰਘ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਅਰਦਾਸ ਭਾਈ ਸੁਖਦੇਵ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਗਿਆਨੀ ਬਲਜੀਤ ਸਿੰਘ ਨੇ ਭਾਈ ਲਾਲੋ ਜੀ ਦੇ ਜੀਵਨ ਤੇ ਘਾਲਣਾ ਸਬੰਧੀ ਚਾਨਣਾ ਪਾਉਂਦਿਆਂ ਕਿਹਾ ਕਿ ਉਨ੍ਹਾਂ ਦਾ ਜੀਵਨ ਸਮਾਜ ਲਈ ਇਕ ਸੁਚੱਜਾ ਮਾਰਗ ਦਰਸ਼ਨ ਹੈ, ਜਿਸ ਤੋਂ ਅਗਵਾਈ ਲੈ ਕੇ ਧਰਮ ਦੀ ਕਿਰਤ ਕਰਦਿਆਂ ਕਰਤਾ ਪੁਰਖ ਨਾਲ ਜੁੜਨ ਦੀ ਪ੍ਰੇਰਣਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਜੀ ਨੂੰ ਬੇਹੱਦ ਸਨਮਾਨ ਦੇ ਕੇ ਮਨੁੱਖਤਾ ਨੂੰ ਸੱਚੀ ਕਿਰਤ ਕਰਨ ਦਾ ਉਪਦੇਸ਼ ਕੀਤਾ ਹੈ। ਉਨ੍ਹਾਂ ਸੰਗਤ ਨੂੰ ਭਾਈ ਲਾਲੋ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਗੁਰੂ ਸਾਹਿਬ ਵੱਲੋਂ ਬਖਸ਼ੇ ਸਿਧਾਂਤ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਕੀਤੀ। ਇਸ ਮੌਕੇ ਮੈਨੇਜਰ ਬਘੇਲ ਸਿੰਘ, ਪ੍ਰਚਾਰਕ ਭਾਈ ਤਰਸੇਮ ਸਿੰਘ ਅਤੇ ਸੰਗਤਾਂ ਹਾਜ਼ਰ ਸਨ।

# ਜਲ ਸਪਲਾਈ ਤੇ ਸੈਨੀਟੇਸ਼ਨ ਮਨਿਸਟੀਰੀਅਲ ਕਾਮਿਆਂ ਦਾ ਯੂਨਿਟ ਗਠਿਤ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਮਹਿਕਮਾ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਟੇਟ ਪ੍ਰਧਾਨਗੀ ਮੰਡਲ ਵਲੋਂ 'ਤੁਹਾਡਾ ਪ੍ਰਧਾਨ ਤੁਹਾਡੇ ਹਲਕੇ ਵਿਚ' ਮੁਹਿੰਮ ਤਹਿਤ ਅੰਮ੍ਰਿਤਸਰ ਵਿਖੇ ਸ਼ਿਰਕਤ ਕੀਤੀ ਗਈ। ਸਟੇਟ ਪ੍ਰਧਾਨਗੀ ਮੰਡਲ ਵਿਚ ਨਵਰਿੰਦਰ ਸਿੰਘ ਨਵੀ ਸੂਬਾ ਪ੍ਰਧਾਨ, ਸਤਨਾਮ ਸਿੰਘ ਲੁਬਾਣਾ ਸੂਬਾ ਜਨਰਲ ਸਕੱਤਰ, ਜਸਵਿੰਦਰ ਸਿੰਘ ਸੂਬਾ ਚੇਅਰਮੈਨ, ਲਖਬੀਰ ਸਿੰਘ ਭੱਟੀ ਸੂਬਾ ਪ੍ਰੈੱਸ ਸਕੱਤਰ, ਮਨਪ੍ਰੀਤ ਸਿੰਘ ਪ੍ਰਧਾਨ ਜ਼ਿਲ੍ਹਾ ਮੋਹਾਲੀ ਆਦਿ ਦੀ ਹਾਜ਼ਰੀ ਵਿਚ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਜ਼ਿਲਾ ਅੰਮ੍ਰਿਤਸਰ ਮਨਿਸਟੀਰੀਅਲ ਕਾਮਿਆਂ ਦੇ ਯੂਨਿਟ ਦਾ ਗਠਨ ਕੀਤਾ ਗਿਆ ਜਿਸ ਵਿਚ ਸਰਬਸੰਮਤੀ ਨਾਲ ਜਗਬੀਰ ਸਿੰਘ ਨੂੰ ਬਤੌਰ ਜ਼ਿਲਾ ਪ੍ਰਧਾਨ, ਜਸਵਿੰਦਰ ਚੇਅਰਮੈਨ, ਸਰਬਜੀਤ ਸਿਘ ਮੀਤ ਪ੍ਰਧਾਨ, ਪਰਮਿੰਦਰ ਸਿੰਘ ਖਜਾਨਚੀ, ਗੁਰਦੀਪ ਸਿੰਘ ਸੀਨੀਅਰ ਮੀਤ ਪ੍ਰਧਾਨ, ਪ੍ਰੇਮ ਸਿੰਘ ਸਕੱਤਰ, ਨਵਪ੍ਰੀਤ ਸਿੰਘ ਮੁੱਖ ਸਲਾਹਕਾਰ ਅਤੇ ਵਿੰਕਲ ਮਹਾਜਨ ਮਹਿਲਾ ਵਿੰਗ ਪ੍ਰਧਾਨ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਸ਼ਿਰਕਤ ਦੌਰਾਨ ਸਟੇਟ ਬਾਡੀ ਦੇ ਆਗੂਆਂ ਨੇ ਸਰਕਾਰ ਵੱਲੋਂ ਮੁਲਾਜ਼ਮਾਂ ਪ੍ਰਤੀ ਅਪਨਾਏ ਜਾਣ ਵਾਲੇ ਨਾਂਹਪੱਖੀ ਰਵਈਏ ਨੂੰ ਉਜਾਗਰ ਕੀਤਾ ਅਤੇ ਵਿਸਥਾਰ ਨਾਲ ਪੁਰਾਣੀ ਪੈਨਸ਼ਨ ਸਕੀਮ, ਬਰਾਬਰ ਕੰਮ ਬਰਾਬਰ ਤਨਖਾਹ ਲਈ ਵਿੱਢੇ ਗਏ ਸੰਘਰਸ਼ ਪ੍ਰਤੀ ਜਾਣੂ ਕਰਵਾਇਆ ਗਿਆ। ਉਨ੍ਹਾਂ ਵਲੋਂ ਜ਼ਿਲਾ ਯੂਨਿਟ ਨੂੰ ਭਰੋਸਾ ਦਿਵਾਇਆ ਗਿਆ ਕਿ ਮਹਿਕਮਾ ਜਲ ਸਪਲਾਈ ਅਤੇ ਸੈਨੀਟੇਸ਼ਨ ਦਾ ਪੂਰਾ ਮਨਿਸਟੀਰੀਅਲ ਕਾਮਾ ਆਪਣੇ ਪੀ. ਐੱਸ. ਐੱਮ. ਐੱਸ. ਯੂ. ਵਲੋਂ ਦਿੱਤੇ ਗਏ ਸੰਘਰਸ਼ ਨੂੰ ਇੰਨ-ਬਿੰਨ ਲਾਗੂ ਕਰੇਗਾ ਅਤੇ ਆਪਣੇ ਹੱਕਾਂ ਦੀ ਪ੍ਰਾਪਤ ਲਈ ਆਖਰੀ ਸਾਹਾਂ ਤੱਕ ਲੜੇਗਾ। ਇਸ ਦੌਰਾਨ ਸਰਬਸੰਮਤੀ ਨਾਲ ਚੁਣੇ ਗਏ ਜ਼ਿਲਾ ਪ੍ਰਧਾਨ ਜਗਬੀਰ ਸਿੰਘ ਵਲੋਂ ਵੀ ਸਟੇਟ ਆਗੂਆਂ ਨੂੰ ਜ਼ਿਲਾ ਅੰਮ੍ਰਿਤਸਰ ਵਲੋਂ ਹਰ ਪੱਖੀ ਸਹਿਯੋਗ ਦੇਣ ਦਾ ਵਾਅਦਾ ਕੀਤਾ ਗਿਆ। ਮੀਟਿੰਗ ਦੌਰਾਨ ਰੁਪਿੰਦਰ ਕੌਰ ਸੁਪਰਡੈਂਟ, ਰੋਬਿੰਦਰ ਸ਼ਰਮਾ ਸੁਪਰਡੈਂਟ, ਰਾਜਦੀਪ ਸਿੰਘ ਸੁਪਰਡੈਂਟ, ਕਰਮ ਚੰਦ ਸੀਨੀਅਰ ਸਹਾਇਕ, ਅਕਾਸ਼ਦੀਪ ਮਹਾਜਨ ਸੀਨੀਅਰ ਸਹਾਇਕ ਆਦਿ ਆਗੂ ਵਿਸ਼ੇਸ਼ ਵਿਚਾਰ-ਵਟਾਦਰੇ ਲਈ ਮੌਜੂਦ ਰਹੇ।

# ਬ੍ਰਹਮਗਿਆਨੀ ਬਾਬਾ ਬਿਧੀ ਚੰਦ ਜੀ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਨਾਲ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਜਾਣਕਾਰੀ ਦਿੰਦੇ ਹੋਏ ਦਲ ਪੰਥ ਬਾਬਾ ਬਿਧੀ ਚੰਦ ਸਾਹਿਬ ਜੀ ਦੇ ਦਲ ਪੰਥ ਦੇ ਮੌਜੂਦਾ ਮੁਖੀ ਸ੍ਰੀਮਾਨ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਬਿਧੀਚੰਦੀਏ ਸੁਰਸਿੰਘ ਵਾਲਿਆਂ ਦੱਸਿਆ ਕਿ ਬਹਾਦਰ ਬਾਬਾ ਬਿਧੀ ਚੰਦ ਜੀ ਦਾ ਸਲਾਨਾ ਜੋੜ ਮੇਲਾ ਨਗਰ ਸੁਰਸਿੰਘ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਗਤਾਂ ਦੇ ਸਹਿਯੋਗ ਨਾਲ ਬੜੀ ਸਰਧਾ ਭਾਵਨਾ ਨਾਲ ਮਨਾਇਆ ਗਿਆ। ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਕਥਾ ਕੀਰਤਨ ਹੋਇਆ। ਉਪਰੰਤ ਕਵੀਸ਼ਰ ਦਰਬਾਰ ਸਜਾਇਆ ਗਿਆ ਜਿਸ ਵਿੱਚ ਕਵੀਸ਼ਰਾਂ ਨੇ ਬਾਬਾ ਬਿਧੀ ਚੰਦ ਜੀ ਦਾ ਜੀਵਨ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਚੇਚੇ ਤੌਰ 'ਤੇ ਸਿੰਘ ਸਾਹਿਬਾਨ ਅਤੇ ਸਮੂਹ ਸੰਪ੍ਰਦਾਵਾਂ ਦੇ ਸਤਿਕਾਰਯੋਗ ਸੰਤ ਮਹਾਪੁਰਖਾਂ ਨੇ ਪਹੁੰਚ ਕੇ ਹਾਜ਼ਰੀ ਭਰੀ। ਸੰਪ੍ਰਦਾਇ ਦਲ ਪੰਥ ਬਾਬਾ ਬਿਧੀ ਚੰਦ ਜੀ ਦੇ 12ਵੇਂ ਮੁਖੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਵੱਲੋਂ ਸਮੂਹ ਦੇਸ਼ ਵਿਦੇਸ਼ ਦੀਆਂ ਅਤੇ ਇਲਾਕਾ ਨਿਵਾਸੀਆਂ ਨਗਰ ਗੁਰਸਿੰਘ ਦੀਆਂ ਸਮੂਹ ਸੰਗਤਾਂ ਨੂੰ ਜੀ ਆਇਆਂ ਆਖਿਆ ਗਿਆ। ਬਾਬਾ ਅਵਤਾਰ ਸਿੰਘ ਵੱਲੋਂ ਸਰਬੱਤ ਸੰਗਤਾਂ ਦਾ ਧੰਨਵਾਦ ਕੀਤਾ ਗਿਆ। 24 ਸਤੰਬਰ ਨੂੰ ਅੱਜ ਸ਼ਾਮ ਨੂੰ 4 ਵਜੇ ਕੁਸ਼ਤੀਆਂ ਅਤੇ ਕਬੱਡੀ ਦਾ ਮੈਚ ਕਰਵਾਇਆ ਗਿਆ ਤੇ ਜਿੱਤਣ ਵਾਲੀਆਂ ਟੀਮਾਂ ਨੂੰ ਇਨਾਮ ਵੀ ਦਿੱਤੇ ਗਏ। ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਿਆ ਗਿਆ ਤੇ ਨਿਹੰਗ ਸਿੰਘਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਜੰਗਾਂ ਯੁੱਧਾਂ ਵਾਲੇ ਕਰਤੱਬ ਦਿਖਾਏ ਗਏ। ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ। ਇਸ ਮੌਕੇ ਸੰਤ ਬਾਬਾ ਅਵਤਾਰ ਸਿੰਘ ਤੋਂ ਇਲਾਵਾ ਬਾਬਾ ਪ੍ਰੇਮ ਸਿੰਘ, ਬਾਬਾ ਚਰਨਜੀਤ ਸਿੰਘ ਤੇ ਹੋਰ ਬੇਅੰਤ ਸੇਵਾਦਾਰ ਸੰਗਤਾਂ ਹਾਜ਼ਰ ਸਨ।

# ਪੰਜਾਬ ਸਕੂਲ ਸਿੱਖਿਆ ਬੋਰਡ 'ਚ ਦੋ ਰੋਜ਼ਾ ਕਾਰਜਸ਼ਾਲਾ ਕਰਵਾਈ



**ਐੱਸ.ਏ.ਐੱਸ.ਨਗਰ, (ਗੁਰਜੀਤ ਬਿੱਲਾ)**- ਆਸਟ੍ਰੇਲੀਅਨ ਕਾਊਂਸਿਲ ਫ਼ਾਰ ਐਜੂਕੇਸ਼ਨ ਰਿਸਰਚ (ਏ.ਸੀ.ਈ.ਆਰ) ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਕਰਵਾਈ ਗਈ ਦੋ ਰੋਜ਼ਾ ਕਾਰਜਸ਼ਾਲਾ ਅੱਜ ਬਾਅਦ ਦੁਪਹਿਰ ਸਮਾਪਤ ਹੋਈ ਜਿਸ ਦੌਰਾਨ ਕਾਊਂਸਿਲ ਦੇ ਖੋਜ ਨਿਰਦੇਸ਼ਕ ਡਾ. ਪ੍ਰਿਅੰਕਾ ਸ਼ਰਮਾ, ਸੀਨੀਅਰ ਰਿਸਰਚ ਫੈਲੋ ਨੀਲਮ ਕੁਮਾਰ ਯਾਦਵ ਅਤੇ ਰਿਸਰਚ ਫੈਲੋ ਅਸ਼ਟਮੂਰਤੀ ਕਿਲੀਮੰਗਲਮ ਨੇ ਬੋਰਡ ਦੇ ਆਦਰਸ਼ ਸਕੂਲਾਂ ਦੇ ਪ੍ਰਿੰਸੀਪਲਾਂ, ਲੈਕਚਰਾਰਾਂ ਅਤੇ ਵਿਸ਼ਾ ਮਾਹਰਾਂ ਨੂੰ ਯੋਗਤਾ ਅਧਾਰਤ ਸਿੱਖਿਆ ਪ੍ਰਦਾਨ ਕਰਨ ਦੇ ਢੰਗ ਤਰੀਕਿਆਂ ਤੋਂ ਜਾਣੂ ਕਰਵਾਇਆ। ਕਾਰਜਸ਼ਾਲਾ ਵਿੱਚ ਭਾਗ ਲੈਣ ਵਾਲੇ ਪੰਜਾਬ ਸਕੂਲ ਸਿੱਖਿਆ ਬੋਰਡ ਆਦਰਸ਼ ਸਕੂਲ ਈਨਾ ਖੇੜਾ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਪ੍ਰਿੰਸੀਪਲ ਮਨਿੰਦਰਜੀਤ ਕੌਰ ਨੇਂ ਦੱਸਿਆ ਕਿ ਕਾਰਜਸ਼ਾਲਾ ਦੌਰਾਨ ਨਵੀਨਤਮ ਲੋੜਾਂ ਅਨੁਸਾਰ ਵਿਦਿਆਰਥੀ ਦੀ ਯੋਗਤਾ 'ਤੇ ਅਧਾਰਤ ਸਿੱਖਿਆ ਪ੍ਰਦਾਨ ਕਰਨ ਸਬੰਧੀ ਸਿੱਖੇ ਗਏ ਤਰੀਕੇ ਵਿਦਿਆਰਥੀ ਦੇ ਸਰਵਪੱਖੀ ਵਿਕਾਸ ਲਈ ਬਹੁਤ ਲਾਹੇਵੰਦ ਹੋਣਗੇ। ਉਨ੍ਹਾਂ ਕਿਹਾ ਕਿ ਮੌਜੂਦਾ ਸਿੱਖਿਆ ਪ੍ਰਣਾਲੀ ਵਿੱਚ, ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਸ਼ਾਮਲ ਹੋਣਾ ਜ਼ਰੂਰੀ ਹੈ ਅਤੇ ਦੋ ਰੋਜ਼ਾ ਕਾਰਜਸ਼ਾਲਾ ਉਸੇ ਹੱਲ ਵੱਲ ਚੁੱਕਿਆ ਗਿਆ ਇੱਕ ਕਦਮ ਮਹਿਸੂਸ ਹੁੰਦਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਸੀਰੇਵਾਲੀ-ਭੰਗੇਵਾਲੀ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਪ੍ਰਿੰਸੀਪਲ ਚਰਨਜੀਤ ਸਿੰਘ ਨੇ ਕਿਹਾ ਕਿ ਕਾਰਜਸ਼ਾਲਾ ਦੌਰਾਨ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨ ਦੇ ਨਵੇਂ ਸਾਧਨਾਂ ਉੱਤੇ ਖੁੱਲ੍ਹ ਕੇ ਚਰਚਾ ਹੋ ਰਹੀ ਹੈ ਜਿਸ ਨਾਲ ਉਨ੍ਹਾਂ ਦੀ ਯੋਗਤਾ ਵਧਾਉਣ ਵੱਲ ਵਧੇਰੇ ਤਰਜੀਹ ਦਿੱਤੀ ਜਾ ਸਕੇਗੀ ਅਤੇ ਉਨ੍ਹਾਂ ਦੀ ਯੋਗਤਾ ਦਾ ਮੁਲੰਕਣ ਵੀ ਕੇਵਲ ਅੰਕ ਅਧਾਰਤ ਨਹੀਂ ਰਹਿ ਜਾਵੇਗਾ। ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸ਼ਹਿਜ਼ਾਦਾ ਸੰਤ ਸਿੰਘ, ਜ਼ੀਰਾ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪ੍ਰਿੰਸੀਪਲ, ਰਮਾ ਮਹਿਤਾ ਨੇ ਕਿਹਾ ਕਿ ਕਾਨਫਰੰਸ ਦਾ ਮੰਤਵ ਹਰ ਪੱਧਰ ਦੇ ਵਿਦਿਆਰਥੀ ਨੂੰ ਉਵੇਂ ਹੀ ਸਿੱਖਿਅਤ ਕਰਨਾ ਹੈ ਜਿਵੇਂ ਕੋਈ ਮਾਂ ਆਪਣੇ ਹਰ ਪ੍ਰਕਾਰ ਦੇ ਬੱਚੇ ਦਾ ਭੋਜਨ ਨਾਲ ਪੇਟ ਭਰਦੀ ਹੈ। ਕਾਰਜਸ਼ਾਲਾ ਦੇ ਸਮਾਪਤੀ ਸਮਾਰੋਹ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਪਰਸਨ ਡਾ. ਸਤਬੀਰ ਬੇਦੀ, ਆਈ.ਏ.ਐੱਸ (ਰਿਟਾ.), ਸਕੱਤਰ ਅਵਿਕੇਸ਼ ਗੁਪਤਾ, ਪੀ.ਸੀ.ਐੱਸ ਤੋਂ ਇਲਾਵਾ ਸਿੱਖਿਆ ਬੋਰਡ ਦੇ ਉਪ ਸਕੱਤਰ ਗੁਰਤੇਜ ਸਿੰਘ, ਗੁਰਮੀਤ ਕੌਰ, ਕਾਨਫਰੰਸ ਕੋ-ਆਰਡੀਨੇਟਰ ਉਪਨੀਤ ਕੌਰ ਅਤੇ ਵਿਸ਼ਾ ਮਾਹਰ ਪ੍ਰਿਤਪਾਲ ਸਿੰਘ, ਮਨਵਿੰਦਰ ਸਿੰਘ ਵੀ ਸ਼ਾਮਲ ਸਨ।

# ਗਜ਼ਲਗੋ ਸੀਤਲ ਸਿੰਘ ਗੁੰਨੋਪੁਰੀ ਨੂੰ ਸਦਮਾ, ਮਾਤਾ ਦਾ ਦਿਹਾਂਤ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬੀ ਦੇ ਸਮਰੱਥ ਗਜ਼ਲਗੋ ਸ਼ਾਇਰ ਸੀਤਲ ਸਿੰਘ ਗੁੰਨੋਪੁਰੀ ਦੇ ਮਾਤਾ ਹਰਜਿੰਦਰ ਕੌਰ ਦਾ ਪਿਛਲੇ ਦਿਨੀਂ ਦਿਹਾਂਤ ਹੋ ਜਾਣ ਤੇ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਅਤੇ ਹੋਰ ਸਾਹਿਤਕਾਰ ਭਾਈਚਾਰੇ ਨੇ ਸੀਤਲ ਸਿੰਘ ਗੁੰਨੋਪੁਰੀ ਨਾਲ ਦੁੱਖ ਸਾਂਝਾ ਕਰਦੇ ਹੋਏ ਗੁੰਨੋਪੁਰੀ ਪਰਿਵਾਰ ਨਾਲ ਇਸ ਦੁੱਖ ਵਿੱਚ ਸ਼ਰੀਕ ਹੁੰਦਿਆਂ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਮਾਂ ਦੇ ਜਿਉਂਦਿਆਂ ਬੱਚੇ ਸਦਾ ਜਵਾਨ ਅਖਵਾਉਂਦੇ ਹਨ ਪਰ ਮਾਂ ਦਾ ਸਾਇਆ ਸਿਰ ਤੋਂ ਉੱਠਣ ਮਗਰੋਂ ਸਾਰਾ ਕੁੱਝ ਬਦਲ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮਾਤਾ ਹਰਜਿੰਦਰ ਕੌਰ ਦੇ ਸਦੀਵੀ ਵਿਛੋੜਾ ਦੇ ਜਾਣ ਨਾਲ ਗੁੰਨੋਪੁਰੀ ਪਰਿਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਮੌਕੇ ਗੁੰਨੋਪੁਰੀ ਪਰਿਵਾਰ ਨਾ ਦੁੱਖ ਵੰਡਾਉਣ ਵਾਲਿਆਂ ਵਿੱਚ ਜ਼ਿਲ੍ਹਾ ਸਾਹਿਤ ਕੇਂਦਰ ਦੇ ਕਾਰਜਕਾਰੀ ਪ੍ਰਧਾਨ ਸੁਲੱਖਣ ਸਰਹੱਦੀ, ਸੀਨੀਅਰ ਮੀਤ ਪ੍ਰਧਾਨ ਡਾ: ਲੇਖ ਰਾਜ, ਸੰਯੋਜਕ ਮੱਖਣ ਕੁਹਾੜ, ਜਨਰਲ ਸਕੱਤਰ ਮੰਗਤ ਚੰਚਲ, ਪ੍ਰੈੱਸ ਸਕੱਤਰ ਸੁੱਚਾ ਸਿੰਘ ਪਸਨਾਵਾਲ, ਵਿੱਤ ਸਕੱਤਰ ਸੋਹਣ ਸਿੰਘ, ਡਾ: ਰਜਵਿੰਦਰ ਕੌਰ, ਗੁਰਮੀਤ ਬਾਜਵਾ, ਗੁਰਪ੍ਰੀਤ ਰੰਗੀਲਪੁਰ, ਸੁਖਵਿੰਦਰ ਰੰਧਾਵਾ, ਤਰਸੇਮ ਸਿੰਘ ਭੰਗੂ, ਸੁਭਾਸ਼ ਦੀਵਾਨਾ, ਬੂਟਾ ਰਾਮ ਆਜ਼ਾਦ, ਨਿਸ਼ਾਨ ਸਿੰਘ ਸਮੇਤ ਹੋਰ ਸਾਹਿਤਕਾਰ ਭਾਈਚਾਰਾ ਸ਼ਾਮਲ ਸੀ।

# ਪਰਾਲੀ ਨੂੰ ਸਾੜਨ 'ਤੇ ਪੈਦਾ ਹੋਣ ਵਾਲੀ ਜ਼ਹਿਰੀਲੀ ਗੈਸ ਮਨੁੱਖ, ਬਨਸਪਤੀ ਤੇ ਪਸ਼ੂਆਂ ਲਈ ਘਾਤਕ : ਡਾ. ਭੁਪਿੰਦਰ ਸਿੰਘ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਜ਼ਿਲਾ ਸਿਖਲਾਈ ਅਫਸਰ, ਤਰਨਤਾਰਨ ਡਾ. ਕੁਲਦੀਪ ਸਿੰਘ ਮੱਤੇਵਾਲ ਦੀ ਦੇਖ-ਰੇਖ ਅਤੇ ਬਲਾਕ ਖੇਤੀਬਾੜੀ ਅਫਸਰ ਪੱਟੀ, ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਪਰਾਨਾ ਅਦਾਰੇ ਨੇ ਬਲਾਕ ਪੱਟੀ ਦੇ ਪਿੰਡ ਕੈਰੋਂ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ। ਇਸ ਮੌਕੇ ਡਾ. ਭੁਪਿੰਦਰ ਸਿੰਘ ਏਓ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜਾਣਕਾਰੀ ਸਾਂਝੀ ਕੀਤੀ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਏ ਜਾਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਤਾਂ ਘੱਟਦੀ ਹੀ ਹੈ ਨਾਲ ਦੀ ਨਾਲ ਝੋਨੇ ਦੀ ਪਰਾਲੀ ਵਿਚੋਂ ਨਿਕਲਦੀਆਂ ਗੈਸਾਂ ਵਿੱਚ 70 ਪ੍ਰਤੀਸਤ ਕਾਰਬਨ ਡਾਈਆਕਸਾਈਡ, 7 ਪ੍ਰਤੀਸ਼ਤ ਕਾਰਬਨ ਮੋਨੋਆਕਸਾਈਡ, 0.66 ਮੀਥੇਨ ਅਤੇ 2 ਪ੍ਰਤੀਸਤ ਨਾਇਟ੍ਰਿਕ ਆਕਸਾਈਡ ਵਰਗੀਆਂ ਗੈਸਾਂ ਵਾਤਾਵਰਨ ਦੇ ਬਦਲਾਅ ਦਾ ਕਾਰਨ ਵੀ ਬਣਦੀਆਂ ਹਨ। ਪੈਦਾ ਹੋਈਆਂ ਇਹ ਜ਼ਹਿਰੀਲੀਆਂ ਗੈਸਾਂ ਮਨੁੱਖ, ਫਸਲਾਂ ਅਤੇ ਪਸ਼ੂਆਂ ਦੀ ਸਿਹਤ ਨੂੰ ਵੱਡਾ ਨੁਕਸਾਨ ਪਹੁੰਚਾਉਂਦੀਆਂ ਹਨ। ਕੈਂਪ ਦੌਰਾਨ ਡਾ. ਗੁਰਬਰਿੰਦਰ ਸਿੰਘ ਏਡੀਓ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਮਿਆਰੀ ਬਾਸਮਤੀ ਪੈਦਾ ਕਰਨ ਹਿੱਤ ਸਰਕਾਰ ਵਲੋਂ ਬੈਨ ਕੀਤੀਆਂ ਜ਼ਹਿਰਾਂ ਦੀ ਵਰਤੋਂ ਬਾਸਮਤੀ ਦੀ ਫਸਲ ਤੇ ਬਿਲਕੁਲ ਨਾ ਕੀਤੀ ਜਾਵੇ। ਪਰਾਨਾ ਫੀਲਡ ਅਸਿਸਟੈਂਟ ਸੰਦੀਪ ਸਿੰਘ ਨੇ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਵਿਗਿਆਨੀਆਂ ਵੱਲੋਂ ਵਿਕਸਤ ਹੈਪੀ ਸੀਡਰ, ਸੁਪਰ ਸੀਡਰ ਜਾਂ ਸਰਫੇਸ ਸੀਡਰ ਤਕਨੀਕਾਂ ਦੀ ਵਰਤੋਂ ਕਰਕੇ ਕਣਕ ਦੀ ਬਿਜਾਈ ਕੀਤੀ ਜਾਵੇ। ਇਸ ਮੌਕੇ ਪਰਾਲੀ ਪਰਬੰਧਨ ਕਰ ਰਹੇ ਬਾਬਾ ਸ਼ੇਰ ਸਿੰਘ ਕੋਟ ਬੁੱਢਾ ਵੱਲੋਂ ਅਪੀਲ ਕੀਤੀ ਗਈ ਕਿ ਸਰਬੱਤ ਦੇ ਭਲੇ ਲਈ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਈ ਜਾਵੇ। ਇਸ ਦੌਰਾਨ ਸਰਪੰਚ ਰਣਜੀਤ ਸਿੰਘ, ਕਿਰਤ ਪ੍ਰਤਾਪ ਸਿੰਘ, ਕੁਲਦੀਪ ਸਿੰਘ, ਝੰਡਾ ਸਿੰਘ, ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਰਹਿੰਦ-ਖੂੰਹਦ ਪ੍ਰਬੰਧਨ ਕਰਨ ਨਾਲ ਫਸਲਾਂ ਦਾ ਝਾੜ ਵਧਿਆ ਹੈ ਅਤੇ ਖੇਤੀ ਖਰਚ ਘੱਟ ਹੋਇਆ ਹੈ। ਇਸ ਮੌਕੇ ਖੇਤੀ ਦੂਤ ਪ੍ਰਭਜੀਤ ਸਿੰਘ, ਰਮਨਦੀਪ ਸਿੰਘ, ਖੇਤੀ ਸਹਾਇਕ ਪ੍ਰਬੰਧਕ ਗੁਰਦੇਵ ਸਿੰਘ ਮਾਨਕਪੁਰਾ, ਫੀਲਡ ਵਰਕਰ ਦਿਲਬਾਗ ਸਿੰਘ ਅਤੇ ਇਲਾਕੇ ਦੇ ਕਿਸਾਨਾਂ ਨੇ ਸਹਿਯੋਗ ਦਿੱਤਾ ਅਤੇ ਜਾਣਕਾਰੀ ਸਾਂਝੀ ਕੀਤੀ।



ਨਵਾਂ ਜ਼ਮਾਨਾ

ਮੰਗਲਵਾਰ, 26 ਸਤੰਬਰ 2023

# ਮੋਦੀ ਹਕੂਮਤ ਤੇ ਮਨੁੱਖੀ ਅਧਿਕਾਰ

ਭਾਰਤ ਵਿੱਚ ਘੱਟ-ਗਿਣਤੀਆਂ ਵਿਰੁੱਧ ਸਰਕਾਰ ਦੀ ਸ਼ਹਿ ਹੇਠ ਹਮਲਿਆਂ ਦਾ ਸਿਲਸਿਲਾ ਤਾਂ ਮੋਦੀ ਹਕੂਮਤ ਆਉਣ ਤੋਂ ਬਾਅਦ ਹੀ ਸ਼ੁਰੂ ਹੋ ਗਿਆ ਸੀ, ਪਰ ਇਸ ਵੇਲੇ ਜੋ ਮਨੀਪੁਰ ਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵਾਪਰ ਰਿਹਾ ਹੈ, ਉਹ ਇਸ ਵਰਤਾਰੇ ਦੀ ਸਿਖਰ ਹੈ। ਇਸ ਦੌਰਾਨ ਕੌਮਾਂਤਰੀ ਪੱਧਰ ਦੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਸ ਅਣਮਨੁੱਖੀ ਵਰਤਾਰੇ ਸੰਬੰਧੀ ਆਵਾਜ਼ ਚੁੱਕਣੀ ਸ਼ੁਰੂ ਕਰ ਦਿੱਤੀ ਹੈ।

ਅਮਰੀਕਾ ਦੇ ਅੰਤਰ-ਰਾਸ਼ਟਰੀ ਧਾਰਮਿਕ ਸੁਤੰਤਰਤਾ ਕਮਿਸ਼ਨ ਨੇ 21 ਸਤੰਬਰ ਨੂੰ ਇਸ ਮਸਲੇ ਉੱਤੇ ਵਿਚਾਰ-ਵਟਾਂਦਰਾ ਕੀਤਾ ਸੀ। ਇਹ ਲਗਾਤਾਰ ਚੌਥਾ ਸਾਲ ਹੈ, ਜਦੋਂ ਇਸ ਕਮਿਸ਼ਨ ਨੇ ਅਮਰੀਕੀ ਸਰਕਾਰ ਨੂੰ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਸੁਤੰਤਰਤਾ ਦੀ ਉਲੰਘਣਾ ਲਈ ਭਾਰਤ ਨੂੰ ਵਿਸ਼ੇਸ਼ ਚਿੰਤਾ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਪਾਉਣ ਦੀ ਸਿਫ਼ਾਰਸ਼ ਕੀਤੀ ਹੈ।

ਇਸ ਮੀਟਿੰਗ ਵਿੱਚ ਕਮਿਸ਼ਨ ਦੇ ਕਮਿਸ਼ਨਰਾਂ ਵੱਲੋਂ ਮਨੁੱਖੀ ਅਧਿਕਾਰਾਂ ਸੰਬੰਧੀ ਮਾਹਰਾਂ ਤੇ ਸਮਾਜਿਕ ਕਾਰਕੁਨਾਂ ਦਾ ਪੱਖ ਸੁਣਨ ਤੋਂ ਬਾਅਦ ਕਮਿਸ਼ਨਰ ਡੇਵਿਡ ਕਰੀ ਨੇ ਕਿਹਾ, "ਸਾਨੂੰ ਵਿਸ਼ਵਾਸ ਹੋ ਗਿਆ ਹੈ ਕਿ ਕਿਸੇ ਵੀ ਲੋਕਤੰਤਰਿਕ ਸਰਕਾਰ ਵੱਲੋਂ ਧਾਰਮਿਕ ਘੱਟ-ਗਿਣਤੀਆਂ ਦਾ ਸਭ ਤੋਂ ਵੱਧ ਉਤਪੀੜਨ ਭਾਰਤ ਵਿੱਚ ਹੋ ਰਿਹਾ ਹੈ।" ਕਮਿਸ਼ਨ ਦੇ ਚੇਅਰਮੈਨ ਰੱਬੀ ਇਬਰਾਹੀਮ ਕੂਪਰ ਨੇ ਕਿਹਾ, "ਭਾਰਤ ਵਿੱਚ ਧਾਰਮਿਕ ਸੁਤੰਤਰਤਾ ਦੀ ਹਾਲਤ ਵਿੱਚ ਗਿਰਾਵਟ ਆਈ ਹੈ। ਮੁਸਲਮਾਨਾਂ, ਸਿੱਖਾਂ, ਈਸਾਈਆਂ, ਦਲਿਤਾਂ ਤੇ ਆਦਿਵਾਸੀਆਂ ਉੱਤੇ ਹਮਲਿਆਂ ਤੇ ਡਰਾਉਣ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।" ਕਮਿਸ਼ਨ ਦੇ ਉਪ ਚੇਅਰਮੈਨ ਫਰੈਡਰਿਕ ਡੇਵੀ ਨੇ ਕਿਹਾ, "ਸਾਡੇ ਧਿਆਨ ਵਿੱਚ ਹੈ ਕਿ ਭਾਰਤ ਦੇ ਕਈ ਰਾਜਾਂ ਵਿੱਚ ਧਰਮ ਤਬਦੀਲੀ, ਧਾਰਮਿਕ ਪੁਸ਼ਾਕ, ਸਿੱਖਿਆ ਸਿਲੇਬਸ, ਅੰਤਰ ਧਾਰਮਿਕ ਵਿਆਹ ਤੇ ਗਊ ਹੱਤਿਆ ਸੰਬੰਧੀ ਕਾਨੂੰਨੀ ਰੋਕਾਂ ਲਾਈਆਂ ਗਈਆਂ ਹਨ, ਜੋ ਘੱਟ-ਗਿਣਤੀਆਂ, ਦਲਿਤਾਂ ਤੇ ਅਨੁਸੂਚਿਤ ਜਾਤਾਂ ਦੇ ਲੋਕਾਂ ਉੱਤੇ ਨਾਂਹਪੱਖੀ ਅਸਰ ਪਾਉਂਦੀਆਂ ਹਨ।"

ਘੱਟ-ਗਿਣਤੀ ਮੁੱਦਿਆਂ ਬਾਰੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਪ੍ਰਤੀਨਿਧ ਡਾ. ਫਰਨਾਡ ਵੇਰੈਂਸ ਨੇ ਕਿਹਾ, "ਸ਼ਾਂਤੀ ਦੀ ਬਹਾਲੀ ਲਈ ਅਮਰੀਕੀ ਸਰਕਾਰ ਨੂੰ ਸਪੱਸ਼ਟ ਸੰਕੇਤ ਦੇਣਾ ਚਾਹੀਦਾ ਹੈ ਕਿ ਭਾਰਤ ਦੀ ਹਾਲਤ ਚਿੰਤਾਜਨਕ ਹੈ, ਕਿਉਂਕਿ ਭਾਰਤ ਇੱਕ ਖ਼ਤਰਨਾਕ ਸਥਿਤੀ ਵੱਲ ਵਧ ਰਿਹਾ ਹੈ, ਜੋ ਅਮਰੀਕਾ ਉੱਤੇ ਵੀ ਅਸਰ ਪਾਵੇਗੀ।"

'ਹਿਊਮਨ ਵਾਚ' ਦੀ ਡਾਇਰੈਕਟਰ ਸਾਰਾ ਯਾਗਰ ਨੇ ਚੀਨ ਦੇ ਮੁਕਾਬਲੇ ਲਈ ਮੋਦੀ ਦਾ ਸਮਰਥਨ ਹਾਸਲ ਕਰਨ ਲਈ ਬਾਈਡੇਨ ਪ੍ਰਸ਼ਾਸਨ ਦੀ ਅਲੋਚਨਾ ਕਰਦਿਆਂ ਕਿਹਾ ਕਿ ਇਸ ਬਹਾਨੇ ਆਪਣੇ ਦੋਸਤਾਂ ਦੇ ਮਨੁੱਖੀ ਅਧਿਕਾਰਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਹਿੰਦੂ ਫਾਰ ਹਿਊਮਨ ਰਾਈਟਸ ਦੀ ਸਹਿ-ਸੰਸਥਾਪਕ ਸੁਨੀਤਾ ਵਿਸ਼ਵਾਨਾਥ ਨੇ ਕਿਹਾ, "ਪਿਛਲੇ ਤਿੰਨ ਸਾਲਾਂ ਤੋਂ ਇਸ ਕਮਿਸ਼ਨ ਨੇ ਭਾਰਤ ਨੂੰ ਵਿਸ਼ੇਸ਼ ਚਿੰਤਾ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਪਾਉਣ ਦੀ ਸਿਫ਼ਾਰਸ਼ ਕੀਤੀ, ਪਰ ਪਹਿਲਾਂ ਟਰੰਪ ਤੇ ਫਿਰ ਬਾਈਡੇਨ ਨੇ ਇਸ ਨੂੰ ਠੁਕਰਾ ਦਿੱਤਾ। ਬਾਈਡੇਨ ਪ੍ਰਸ਼ਾਸਨ ਜੇਕਰ ਹਾਲੇ ਵੀ ਮੋਦੀ ਸਰਕਾਰ ਨਾਲ ਜੱਫੀਆਂ ਪਾਉਣਾ ਜਾਰੀ ਰੱਖਦਾ ਹੈ ਤਾਂ ਉਸ ਨੂੰ ਇਤਿਹਾਸ ਵਿੱਚ ਗਲਤ ਦੇ ਸਮਰਥਨ ਦਾ ਭਾਰ ਝੱਲਣਾ ਪਵੇਗਾ।"

ਜਾਰਜ ਟਾਊਨ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਹਮਦ ਬਿਨ ਖਲੀਫਾ ਨੇ ਭਾਰਤ ਵਿੱਚ ਭੀੜ ਹਿੰਸਾ ਦੀ ਗੱਲ ਕਰਦਿਆਂ ਕਿਹਾ, "ਇਹ ਸਾਨੂੰ ਅਮਰੀਕੀ ਇਤਿਹਾਸ ਦੇ ਕਾਲੇ ਦੌਰ ਦੀ ਯਾਦ ਦਿਵਾਉਂਦੀ ਹੈ, ਜਦੋਂ ਕਾਲੀ ਅਬਾਦੀ ਦਾ ਘਾਣ ਕੀਤਾ ਗਿਆ ਸੀ। ਭਾਰਤ ਵਿੱਚ ਕਿਸੇ ਸਬੂਤ ਬਿਨਾਂ ਗਊ ਮਾਸ ਦਾ ਬਹਾਨਾ, ਕਿਸੇ ਹਿੰਦੂ ਲੜਕੀ ਨਾਲ ਡੇਟਿੰਗ ਤੇ ਕਿਸੇ ਦੇਵਤਾ ਦੇ ਅਪਮਾਨ ਦਾ ਦੋਸ਼ ਲਾ ਕੇ ਮੁਸਲਮਾਨਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਹੈ। ਇਹ ਮੋਦੀ ਸਰਕਾਰ ਦੀ ਚੁੱਪ ਕਾਰਣ ਸੰਭਵ ਹੈ। ਅਮਰੀਕੀ ਸਰਕਾਰ ਨੂੰ ਇਸ ਬਾਰੇ ਸਖ਼ਤ ਰੁਖ ਅਖਤਿਆਰ ਕਰਨਾ ਚਾਹੀਦਾ ਹੈ।"

ਇਹ ਉਹ ਸਮਾਂ ਹੈ, ਜਦੋਂ ਕੈਨੇਡਾ ਤੇ ਭਾਰਤ ਦੇ ਅਜਿਹੇ ਹੀ ਇੱਕ ਮਸਲੇ ਕਾਰਨ ਸੰਬੰਧ ਕਾਫ਼ੀ ਖ਼ਰਾਬ ਹੋ ਚੁੱਕੇ ਹਨ। ਇਸ ਮਸਲੇ ਦੀ ਅੱਗ ਅਮਰੀਕਾ ਤੇ ਉਸ ਦੇ ਹਮੈਤੀਆਂ ਤੱਕ ਵੀ ਪੁੱਜ ਚੁੱਕੀ ਹੈ। ਇਸ ਕਾਰਨ ਪਾਕਿਸਤਾਨ ਦੀਆਂ ਵਾਛਾਂ ਖਿੜੀਆਂ ਹੋਈਆਂ ਹਨ ਤੇ ਉਹ ਕਹਿ ਰਿਹਾ ਹੈ ਕਿ ਮੋਦੀ ਸਰਕਾਰ ਦੀ ਹਿੰਦੂਤਵੀ ਵਿਚਾਰਧਾਰਾ ਹੁਣ ਸੰਸਾਰ ਅਮਨ ਲਈ ਖਤਰਾ ਬਣ ਚੁੱਕੀ ਹੈ। ਇਸ ਲਈ ਮੋਦੀ ਸਰਕਾਰ ਨੂੰ ਦੇਸ਼ ਵਿੱਚ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਉੱਤੇ ਰੋਕ ਲਾਉਣ ਲਈ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ।

## ਆਪਣੀ ਕਬਰ ਆਪੇ ਪੁੱਟੇ

ਬੀ ਜੇ ਬੀਅ ਜੋ 'ਨਫ਼ਰਤ ਤੇ ਈਰਖਾ' ਦੇ,
ਓਸ ਹਾਕਮ ਨੂੰ ਜਨਤਾ ਕਿਉਂ ਝੱਲਦੀ ਏ।
ਨਵੇਂ 'ਭਵਨ' ਬਣਾਉਣ ਦਾ ਲਾਭ ਕੀ ਏ,
ਨੀਤੀ ਰਹਿਣੀ ਜੇ ਕਪਟ ਤੇ ਛਲ ਦੀ ਏ।
'ਤੀਸ ਮਾਰ ਖਾਂ' ਜਦੋਂ ਬਣ ਜਾਣ ਆਗੂ,
ਭਾਉਂਦੀ ਉਨ੍ਹਾਂ ਨੂੰ ਹਾਲਤ ਤਰਥੱਲ ਦੀ ਏ।
ਫਿਰਕਾਪ੍ਰਸਤੀ ਨੂੰ ਜਦੋਂ ਵੀ ਸ਼ਹਿ ਮਿਲਦੀ,
'ਕੱਠੀ ਹੋ ਕੇ 'ਲੋਕਾਈ' ਹੀ ਠੱਲ੍ਹਦੀ ਏ।
ਚਾੜ੍ਹ ਦਿੰਦੀ ਐ ਉਹਨੂੰ ਹੰਕਾਰ ਗੁੱਸਾ,
ਜਿਸ ਦੀ ਮਾਰਨੀ ਕੁਦਰਤ ਨੇ ਮੱਤ ਹੋਵੇ।
ਸਮਝੋ 'ਆਪਣੀ ਕਬਰ' ਹੀ ਪੁੱਟਦੀ ਐ,
ਕੋਈ ਸਰਕਾਰ ਜਦ ਚੁੱਕਦੀ ਅੱਤ ਹੋਵੇ।

-ਤਰਲੋਚਨ ਸਿੰਘ 'ਦੁਪਾਲਪੁਰ', 001-408-915-1268

# ਜੀ-20 ਸੰਮੇਲਨ : ਲੋਕ ਸਰਕਾਰਾਂ ਦੇ ਪੱਖ ਵਿਸਾਰੇ

ਨਰਾਇਣ ਦੱਤ

ਜੀ-20 ਸੰਮੇਲਨ ਖਤਮ ਹੋ ਗਿਆ ਹੈ। ਮੋਦੀ ਨੇ ਇਸ ਸੰਮੇਲਨ ਦੀ ਸਫਲਤਾ ਦਾ ਸਿਹਰਾ ਆਪਣੇ ਸਿਰ ਬੰਨ੍ਹਦਿਆਂ ਫੁੱਲਾਂ ਦੀ ਬਰਸਾਤ ਕਰਵਾ ਲਈ ਹੈ। ਇਸ ਸੰਮੇਲਨ ਦੇ ਦੋ ਮਹੱਤਵ ਹਨ, ਇੱਕ ਲੁਟੇਰੇ ਹਿੱਤਾਂ ਦੇ ਵਧਾਰੇ ਦਾ, ਦੂਜਾ ਵਿਸ਼ਾਲ ਲੋਕਾਈ ਦਾ। ਇਸ ਜੀ-20 ਸੰਮੇਲਨ ਦੌਰਾਨ ਮੋਦੀ ਸਰਕਾਰ ਨੇ ਸਾਮਰਾਜੀ ਲੁਟੇਰਿਆਂ ਦਾ ਚਹੇਤਾ ਬਨਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਤਾਂ ਜੋ 2024 ਦੀਆਂ ਪਾਰਲੀਮੈਂਟਰੀ ਚੋਣਾਂ ਜਿੱਤਣ ਲਈ ਲਾਹਾ ਲਿਆ ਜਾ ਸਕੇ। ਇਸ ਸੰਮੇਲਨ ਵਿੱਚ ਸਾਮਰਾਜੀਆਂ ਨੂੰ ਰਾਸ ਬੈਠਦੀਆਂ ਅਤੇ ਹਿੱਤਾਂ ਨੂੰ ਅੱਗੇ ਵਧਾਉਣ ਵਾਲੀਆਂ ਵਿਸ਼ਵ ਵਪਾਰ ਸੰਸਥਾ ਦੀਆਂ ਨੀਤੀਆਂ ਨੂੰ ਹੀ ਵਧੇਰੇ ਵਿਚਾਰ ਅਧੀਨ ਲਿਆਂਦਾ ਗਿਆ ਹੈ।

ਇਸ ਸਮਝੌਤੇ ਨੇ ਭਾਰਤੀ ਖੇਤੀ ਨੂੰ ਵੀ ਖਤਰੇ ਮੂੰਹ ਧੱਕ ਦਿੱਤਾ ਹੈ। ਪੋਲਟਰੀ ਉਤਪਾਦ, ਸੇਬ, ਬਦਾਮ, ਛੋਲੇ, ਦਾਲਾਂ ਉੱਪਰ ਦਰਾਮਦ ਡਿਊਟੀ 5% ਤੋਂ 20% ਤੱਕ ਘਟਾ ਦਿੱਤੀ ਜਾਂ ਖਤਮ ਕਰਕੇ ਭਾਰਤੀ ਬਜ਼ਾਰ ਨੂੰ ਅਮਰੀਕੀ ਸਾਮਰਾਜੀਆਂ ਲਈ ਖੋਲ੍ਹ ਦਿੱਤਾ ਹੈ। ਇਸ ਨਾਲ ਪਹਿਲਾਂ ਹੀ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਖੇਤੀ ਖੇਤਰ ਅਮਰੀਕਾ, ਅਸਟਰੇਲੀਆ ਵਰਗੇ ਸਾਮਰਾਜੀ ਮੁਲਕਾਂ ਦੇ ਕਬਜ਼ੇ ਵਿੱਚ ਜਾਣ ਲਈ ਰਾਹ ਪੱਧਰਾ ਹੋ ਜਾਵੇਗਾ, ਕਿਉਂਕਿ ਉਨ੍ਹਾਂ ਮੁਲਕਾਂ ਵਿੱਚ ਵਧੇਰੇ ਉੱਚ ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਲਾਗਤ ਘੱਟ ਲੱਗਦੀ ਹੈ। ਇਨ੍ਹਾਂ ਮੁਲਕਾਂ ਵਿੱਚ ਸਾਡੇ ਨਾਲੋਂ ਕਈ ਗੁਣਾਂ ਵੱਧ ਖੇਤਰਫਲ ਹੋਣ ਦੇ ਬਾਵਜੂਦ ਸਿਰਫ 5% ਵਸੋਂ ਖੇਤੀ ਖੇਤਰ ਵਿੱਚ ਕੰਮ ਕਰਦੀ ਹੈ। ਸਾਡੇ ਮੁਲਕ ਵਿੱਚ ਅੱਜ ਵੀ ਖੇਤੀ ਉੱਪਰ 60% ਤੋਂ ਵਧੇਰੇ ਵਸੋਂ ਨਿਰਭਰ ਹੈ। ਸਾਮਰਾਜੀ ਮੁਲਕਾਂ ਅੰਦਰ ਸਾਡੇ ਮੁਲਕਾਂ ਵਾਂਗ 80% ਛੋਟੀ ਕਿਸਾਨੀ ਨਹੀਂ ਹੈ, ਸਗੋਂ ਉਨ੍ਹਾਂ ਮੁਲਕਾਂ ਵਿੱਚ ਹਜ਼ਾਰਾਂ ਏਕੜਾਂ ਦੇ ਵੱਡੇ ਫਾਰਮ ਹਨ। ਅਮਰੀਕਾ ਦਾ ਬਿੱਲ ਗੇਟਸ ਇਕੱਲਾ 2,70,000 ਏਕੜ ਦਾ ਮਾਲਕ ਹੈ। ਸਾਮਰਾਜੀ ਮੁਲਕ ਆਪਣੇ ਇਨ੍ਹਾਂ ਧਨੀ ਕਿਸਾਨਾਂ ਨੂੰ ਵੱਡੀਆਂ ਸਬਸਿਡੀਆਂ ਅਦਾ ਕਰਦੇ ਹਨ। ਅਮਰੀਕਾ ਆਪਣੇ ਕਿਸਾਨ ਨੂੰ 60586 ਡਾਲਰ (42 ਲੱਖ ਰੁ.) ਪ੍ਰਤੀ ਸਾਲ ਸਬਸਿਡੀ ਦਿੰਦਾ ਹੈ। ਸਾਡੇ ਮੁਲਕ ਦੇ ਕਿਸਾਨ ਨੂੰ ਇਹੀ ਸਬਸਿਡੀ ਮਹਿਜ਼ 227 ਡਾਲਰ (15674 ਰੁ.) ਮਿਲਦੀ ਹੈ। ਇਸ ਤਰ੍ਹਾਂ ਅਮਰੀਕਾ ਵਿੱਚ ਸਾਡੇ ਮੁਲਕ ਦੇ ਕਿਸਾਨ ਦੇ ਮੁਕਾਬਲੇ 267% ਵੱਧ ਸਬਸਿਡੀ ਮਿਲਦੀ ਹੈ। ਫਿਰ ਵੀ ਸਾਡੇ ਵਰਗੇ ਤੀਸਰੀ ਦੁਨੀਆ ਦੇ ਮੁਲਕਾਂ ਦੇ ਕਿਸਾਨਾਂ ਉੱਪਰ ਸਬਸਿਡੀਆਂ ਦਾ ਬੋਝ ਘੱਟ ਕਰਨ ਦੇ ਨਾਂਅ ਹੇਠ ਘੱਟ ਕਰਨ/ਖਤਮ ਕਰਨ ਲਈ ਲਗਾਤਾਰ ਦਬਾਅ ਬਣਾਉਂਦੇ ਹਨ। ਇਹੀ ਨਹੀਂ ਸਾਡੇ ਮੁਲਕ ਦੇ ਹਾਕਮਾਂ ਨੇ ਅਮਰੀਕੀ ਰਾਸ਼ਟਰਪਤੀ ਜੋਇ ਬਾਇਡਨ ਦੀ ਜੀ-20 ਵਿੱਚ ਸ਼ਮੂਲੀਅਤ ਤੋਂ ਪਹਿਲਾਂ "ਸ਼ਿਕਾਰੀ-ਕਾਤਲ" ਏਅਰਕ੍ਰਾਫਟ ਸਿਸਟਮ ਹਥਿਆਰਾਂ, ਮੋਬਾਈਲ ਜ਼ਮੀਨੀ ਕੰਟਰੋਲ ਪ੍ਰਣਾਲੀਆਂ ਅਤੇ ਸੰਬੰਧਤ ਉਪਕਰਣਾਂ ਨਾਲ ਸੰਪੂਰਨ 31 ਰਿਮੋਟਲੀ-ਪਾਇਲਟ ਖ੍ਰੀਦਣ ਦਾ ਸਮਝੌਤਾ ਕਰਨ ਲਈ ਬਕਾਇਦਾ ਲਿਖਤੀ ਪੱਤਰ ਲਿਖਿਆ ਸੀ। ਪਿਛਲੇ 6 ਮਹੀਨਿਆਂ ਤੋਂ ਸਾਮਰਾਜੀ ਮੁਲਕਾਂ ਦੇ ਵਫਦ ਵਿਸ਼ਵ ਵਪਾਰ ਸੰਸਥਾ ਦੇ ਹਿੱਤਾਂ ਅਨੁਸਾਰ ਕਰਨ ਸਮਝੌਤਾ ਵਾਰਤਾ ਸਿਰੇ ਚਾੜ੍ਹਨ ਲਈ ਵੱਖੋ-ਵੱਖ ਰਾਜਾਂ ਦਾ ਦੌਰਾ ਕਰ ਰਹੇ ਸਨ। ਰਾਜ ਅਤੇ ਕੇਂਦਰੀ ਸਰਕਾਰਾਂ ਦੇ ਨੁਮਾਇੰਦੇ ਇਨ੍ਹਾਂ ਵਫਦਾਂ ਦੀ ਆਪਣੇ ਸਾਮਰਾਜੀ ਆਕਾਵਾਂ ਦੇ ਨੁਮਾਇੰਦਿਆਂ ਦੀ ਆਓ ਭਗਤ ਕਰਨ ਵਿੱਚ ਮਸ਼ਰੂਫ ਵੀ ਰਹੇ ਅਤੇ ਤਲੇ ਚਟਦੇ ਰਹੇ।

ਦਿਲਚਸਪ ਅਤੇ ਅਹਿਮ ਪਹਿਲੂ ਇਹ ਰਿਹਾ ਕਿ ਵਿਦੇਸ਼ਾਂ ਤੋਂ ਪੁੱਜੇ ਮਹਿਮਾਨਾਂ ਕੋਲੋਂ ਮੁਲਕ ਦੀ ਅਸਲੀਅਤ ਛੁਪਾਉਣ ਲਈ ਦਿੱਲੀ ਦੀਆਂ 16 ਬਸਤੀਆਂ ਦੇ 1.25 ਲੱਖ ਲੋਕਾਂ ਨੂੰ ਜਾਂ ਤਾਂ ਉਜਾੜ ਦਿੱਤਾ ਗਿਆ ਜਾਂ ਫਿਰ ਹਰੀਆਂ ਚਾਦਰਾਂ ਜਾਂ ਕੰਧਾਂ ਕੱਢ ਕੇ ਢਕ ਦਿੱਤਾ ਗਿਆ। ਅਜਿਹਾ ਹੀ ਮੋਦੀ ਨੇ ਫਰਵਰੀ 2020 ਵਿੱਚ ਸਾਮਰਾਜੀ ਧਾੜਵੀ ਅਮਰੀਕਾ ਦੇ ਨੁਮਾਇੰਦੇ ਡੋਨਾਲਡ ਟਰੰਪ ਦੀ ਅਹਿਮਦਾਬਾਦ ਆਮਦ ਮੌਕੇ ਹਜ਼ਾਰਾਂ ਝੁੱਗੀਆਂ-ਝੌਂਪੜੀਆਂ ਦੇ ਸਾਹਮਣੇ ਕਈ ਕਿਲੋਮੀਟਰ ਲੰਬੀ 9 ਫੁੱਟੀ ਕੰਧ ਕੱਢ ਕੇ ਢਕ ਦਿੱਤਾ ਸੀ। ਝੁੱਗੀਆਂ ਭਾਰਤ ਦੀ ਇੱਕ ਵੱਡੀ ਸਮੱਸਿਆ ਹੈ। ਇਨ੍ਹਾਂ ਵਿੱਚ ਰਹਿਣ ਵਾਲੇ ਲੋਕ ਅਕਸਰ ਗਰੀਬੀ, ਬਿਮਾਰੀਆਂ ਅਤੇ ਹੋਰ ਸਮੱਸਿਆਵਾਂ ਨਾਲ ਜੂਝਦੇ ਹਨ, ਪਰ ਜੀ-20 ਕਾਨਫਰੰਸ ਲਈ ਭਾਰਤ ਸਰਕਾਰ ਨੇ ਇਨ੍ਹਾਂ ਝੁੱਗੀਆਂ ਨੂੰ ਸਜਾਵਟੀ ਤੱਤ ਵਿੱਚ ਬਦਲ ਦਿੱਤਾ ਸੀ।

ਝੁੱਗੀਆਂ ਦੇ ਅੱਗੇ ਹਰੇ ਰੰਗ ਦੇ ਪਰਦੇ ਅਤੇ ਫਲੈਕਸ ਲਗਾਏ ਗਏ ਹਨ। ਇਨ੍ਹਾਂ ਪਰਦਿਆਂ 'ਤੇ ਲਿਖਿਆ ਹੋਇਆ ਹੈ, "ਦਿੱਲੀ, ਇੱਕ ਸਾਫ ਸੁਥਰਾ ਅਤੇ ਸੁੰਦਰ ਸ਼ਹਿਰ।" ਇਹ ਦੁਨੀਆ ਨੂੰ ਇਹ ਦੱਸਣ ਦਾ ਸੰਦੇਸ਼ ਹੈ ਕਿ ਭਾਰਤ ਵਿੱਚ ਗਰੀਬੀ ਅਤੇ ਅਸਮਾਨਤਾ ਨਹੀਂ ਹੈ। ਝੁੱਗੀ-ਝੌਂਪੜੀ ਵਾਲਿਆਂ ਨੂੰ ਉਨ੍ਹਾਂ ਦੇ ਘਰਾਂ ਤੋਂ ਬਾਹਰ ਕੱਢ ਕੇ ਭਾਰਤ ਸਰਕਾਰ ਨੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਗਰੀਬੀ ਕੋਈ ਸਮੱਸਿਆ ਨਹੀਂ ਹੈ। ਪਰ ਇਹ ਇੱਕ ਸਮੱਸਿਆ ਹੈ ਅਤੇ ਇਹ ਇੱਕ ਅਜਿਹੀ ਸਮੱਸਿਆ ਹੈ, ਜਿਸ ਨੂੰ 76 ਸਾਲ ਦੇ ਅਖੌਤੀ ਆਜ਼ਾਦੀ ਦੇ ਸਮੇਂ ਬਦਲ-ਬਦਲ ਕੇ ਰਾਜ ਕਰਨ ਵਾਲੀਆਂ ਹਕੂਮਤਾਂ ਹੱਲ ਕਰਨ ਵਿੱਚ ਨਾਕਾਮ ਰਹੀਆਂ ਹਨ। ਇਹ ਭਾਰਤ ਦੇ ਉਸ ਅਕਸ ਨੂੰ ਵੀ ਉਜਾਗਰ ਕਰਦਾ ਹੈ, ਜੋ ਦੁਨੀਆ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਭਾਰਤੀ ਹਾਕਮਾਂ ਵੱਲੋਂ ਸਾਡੇ ਮੁਲਕ ਨੂੰ ਅਕਸਰ ਇੱਕ ਵਿਕਾਸਸ਼ੀਲ ਦੇਸ਼ ਵਜੋਂ ਤੇਜ਼ੀ ਨਾਲ ਵਧ ਰਹੇ ਅਰਥਚਾਰੇ ਵਜੋਂ ਦਰਸਾਇਆ ਜਾਂਦਾ ਹੈ, ਪਰ ਭਾਰਤ ਦੀ ਅਸਲ ਤਸਵੀਰ ਇਸ ਤੋਂ ਕਿਤੇ ਵੱਖਰੀ ਹੈ। ਭਾਰਤ ਵਿੱਚ ਅਜੇ ਵੀ ਬਹੁਤ ਗਰੀਬੀ ਅਤੇ ਅਸਮਾਨਤਾ ਹੈ। ਭਾਰਤ ਵਿੱਚ ਰੋਜ਼ਾਨਾ ਲੱਗਭੱਗ 3000 ਬੱਚੇ ਭੁੱਖ ਕਾਰਨ ਮਰਦੇ ਹਨ। 20 ਕਰੋੜ ਤੋਂ ਵੱਧ ਭਾਰਤੀ ਹਰ ਰੋਜ਼ ਖਾਲੀ ਪੇਟ ਸੌਂਦੇ ਹਨ। 2019 ਦੀ ਰਿਪੋਰਟ ਦੱਸਦੀ ਹੈ ਕਿ ਲੱਗਭੱਗ 14.5% ਭਾਰਤੀ ਆਬਾਦੀ ਘੱਟ ਖੁਰਾਕ ਦੀ ਸ਼੍ਰੇਣੀ ਹੇਠਾ ਆਉਂਦੀ ਹੈ। ਭਾਰਤ ਵਿੱਚ ਲੱਗਭੱਗ 19 ਕਰੋੜ 40 ਲੱਖ ਲੋਕ ਕੁਪੋਸ਼ਣ ਦੀਆਂ ਜ਼ੰਜੀਰਾਂ ਝੱਲਦੇ ਹਨ। ਹਾਲਾਂਕਿ ਮੁਲਕ ਦੀ ਆਬਾਦੀ ਨੂੰ ਭੋਜਨ ਦੇਣ ਲਈ ਕਾਫੀ ਭੋਜਨ ਹੈ, ਫਿਰ ਵੀ ਦੇਸ਼ ਦੁਨੀਆ ਦੀ ਭੁੱਖਮਰੀ ਦੀ 25% ਆਬਾਦੀ ਦੇ ਘਰ ਦੇ ਨਾਲ ਬਹੁਤ ਜ਼ਿਆਦਾ ਭੁੱਖਮਰੀ ਅਤੇ ਕੁਪੋਸ਼ਣ ਦੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਜ਼ੀਰੋ ਭੁੱਖ ਦੀ ਚੁਣੌਤੀ ਇਸ ਸਾਮਰਾਜੀ ਪੂੰਜੀਵਾਦੀ ਪ੍ਰਣਾਲੀ ਵਿੱਚ ਅਪ੍ਰਾਪਤ ਟੀਚਾ ਜਾਪਦਾ ਹੈ। ਇਹੀ ਨਹੀਂ, ਮੁਲਕ ਦੀ 80 ਕਰੋੜ ਅਬਾਦੀ ਦੋ ਡੰਗ ਦੀ ਰੋਟੀ ਤੋਂ ਮੁਥਾਜ਼ ਹੈ। ਉੱਪਰਲੇ 1% ਅਮੀਰ ਵਪਾਰਕ ਘਰਾਣਿਆਂ ਨੇ ਮੁਲਕ ਦੀ 53% ਤੋਂ ਵਧੇਰੇ ਜਾਇਦਾਦ ਉੱਪਰ ਕਬਜ਼ਾ ਜਮਾਇਆ ਹੋਇਆ ਹੈ, ਜਦ ਕਿ ਹੇਠਲੀ 99% ਵਸੋਂ ਕੋਲ ਜਾਇਦਾਦ ਦਾ ਸਿਰਫ 47% ਹੈ। ਮੁਲਕ ਦੇ 36% ਲੋਕ ਅਜਿਹੇ ਹਨ, ਜੋ 50 ਰੁਪਏ ਰੋਜ਼ਾਨਾ 'ਤੇ ਗੁਜ਼ਾਰਾ ਕਰ ਰਹੇ ਹਨ, ਪਰ ਵਿਦੇਸ਼ੀ ਮਹਿਮਾਨਾਂ ਨੂੰ ਸੋਨੇ-ਚਾਂਦੀ ਦੇ ਬਰਤਨਾਂ ਵਿੱਚ ਖਾਣਾ ਪਰੋਸਿਆ ਗਿਆ ਹੈ। ਜੀ-20 ਮੁਲਕਾਂ ਦੇ ਸੰਮੇਲਨ ਦੀ ਅਸਲੀਅਤ ਇਹ ਹੈ ਕਿ ਇਸ ਸੰਮੇਲਨ ਉੱਪਰ 4250 ਕਰੋੜ ਰੁਪਏ ਲੋਕਾਂ ਦੇ ਖੂਨ-ਪਸੀਨੇ ਦੀ ਕਮਾਈ ਦਾ ਪੈਸਾ ਆਪਣੇ ਸਾਮਰਾਜੀ ਆਕਾਵਾਂ ਨੂੰ ਖੁਸ਼ ਕਰਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਆਪਣੀ ਭੱਲ ਬਣਾ ਕੇ ਇਸ ਦਾ ਸਿਆਸੀ ਲਾਹਾ ਲੈਣ ਲਈ ਪਾਣੀ ਵਾਂਗ ਵਹਾ ਦਿੱਤਾ ਹੈ।

ਇਸ ਸੰਮੇਲਨ ਦੌਰਾਨ ਜੀ-20 ਦੇ ਨੁਮਾਇੰਦੇ ਸਾਡੇ ਮੁਲਕ ਸੰਸਾਰ ਦੀ ਵਿਸ਼ਾਲ ਲੋਕਾਈ ਨੂੰ ਦਰਪੇਸ਼ ਬੁਨਿਆਦੀ ਮਸਲੇ ਖਾਸ ਕਰ ਵਾਤਾਵਰਨ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਗੰਭੀਰਤਾ ਨਾਲ ਸੰਬੋਧਿਤ ਹੀ ਨਹੀਂ ਹੋਏ। ਪੈਰਿਸ ਸਮਝੌਤਾ ਜਲਵਾਯੂ ਪਰਿਵਰਤਨ 'ਤੇ ਕਾਨੂੰਨੀ ਤੌਰ 'ਤੇ ਬਾਈਡਿੰਗ ਅੰਤਰਰਾਸ਼ਟਰੀ ਸੰਧੀ ਹੈ। ਇਸਨੂੰ 12 ਦਸੰਬਰ 2015 ਨੂੰ ਪੈਰਿਸ, ਫਰਾਂਸ ਵਿੱਚ ਸੰਯੁਕਤ ਰਾਸ਼ਟਰ ਜਲਵਾਯੂ ਪਰਿਵਰਤਨ ਕਾਨਫਰੰਸ (21) ਵਿੱਚ 196 ਪਾਰਟੀਆਂ ਦੁਆਰਾ ਅਪਣਾਇਆ ਗਿਆ ਸੀ। ਇਹ 4 ਨਵੰਬਰ 2016 ਨੂੰ ਲਾਗੂ ਹੋਇਆ ਸੀ। ਇਸ ਦਾ ਮੁੱਖ ਟੀਚਾ "ਪੂਰਵ-ਉਦਯੋਗਿਕ ਪੱਧਰਾਂ ਤੋਂ 2 ਡਿਗਰੀ ਸੈਲਸੀਅਸ ਤੋਂ ਹੇਠਾਂ ਤੱਕ ਗਲੋਬਲ ਔਸਤ ਤਾਪਮਾਨ ਦੇ ਵਾਧੇ ਨੂੰ" ਰੱਖਣ ਅਤੇ "ਪੂਰਵ-ਉਦਯੋਗਿਕ ਪੱਧਰਾਂ ਤੋਂ ਤਾਪਮਾਨ ਦੇ ਵਾਧੇ ਨੂੰ 1.5 ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਲਈ" ਕੋਸ਼ਿਸ਼ਾਂ ਨੂੰ ਅੱਗੇ ਵਧਾਉਣਾ ਸੀ। 15-16 ਨਵੰਬਰ 2022 ਵਿੱਚ ਜਦੋਂ ਜੀ-20 ਮੁਲਕਾਂ ਦੀ ਕਾਨਫਰੰਸ ਇੰਡੋਨੇਸ਼ੀਆ (ਬਾਲੀ) ਵਿਖੇ ਹੋਈ ਤਾਂ ਇਸੇ ਸਮਝੌਤੇ ਨੂੰ ਲਾਗੂ ਕਰਨ ਲਈ ਵਚਨਬੱਧਤਾ ਦੁਹਰਾਈ ਗਈ। ਹੁਣ ਜੀ-20 ਮੁਲਕਾਂ ਦੀ ਕਾਨਫਰੰਸ ਸਾਡੇ ਮੁਲਕ ਵਿੱਚ 9-10 ਸਤੰਬਰ ਨੂੰ ਦਿੱਲੀ ਵਿਖੇ ਹੋਈ ਤਾਂ ਉਹੀ ਪੁਰਾਣੀ ਰਟ ਦੁਹਾਈ ਨਾਲ ਇਹ ਕਾਨਫਰੰਸ ਸਮਾਪਤ ਹੋ ਗਈ, ਜਦ ਕਿ ਅਜਿਹਾ ਵਾਤਾਵਰਨ ਦਾ ਪੱਧਰ 1.5 ਸੈਲਸੀਅਸ ਤੱਕ ਕਰਨ ਲਈ ਵੱਡੇ ਯਤਨਾਂ ਦੀ ਲੋੜ ਲਈ ਕੋਈ ਕਾਰਜ ਵਿਉਂਤ ਨਹੀਂ ਬਣਾਈ ਗਈ। ਇਸ ਵਡੇਰੇ ਮਕਸਦ ਲਈ ਕੋਈ ਫੰਡ ਰਾਖਵਾਂ ਨਹੀਂ ਰੱਖਿਆ ਗਿਆ। ਮੌਸਮ ਵਿਗਿਆਨੀਆਂ ਦਾ ਅਨੁਮਾਨ ਹੈ ਕਿ 2030 ਅਤੇ 2050 ਦੇ ਵਿਚਕਾਰ, ਜਲਵਾਯੂ ਤਬਦੀਲੀ ਕਾਰਨ ਕੁਪੋਸ਼ਣ, ਮਲੇਰੀਆ, ਦਸਤ ਅਤੇ ਗਰਮੀ ਦੇ ਤਣਾਅ ਤੋਂ ਪ੍ਰਤੀ ਸਾਲ ਲੱਗਭੱਗ 250 000 ਵਾਧੂ ਮੌਤਾਂ ਹੋਣ ਦੀ ਸੰਭਾਵਨਾ ਹੈ।

ਇਸ ਲਈ ਇਹ ਜੀ-20 ਸੰਮੇਲਨ ਵਿਸ਼ਾਲ ਲੋਕਾਈ ਦੀਆਂ ਲੋੜਾਂ ਨੂੰ ਨਾ ਸੰਬੋਧਿਤ ਸੀ, ਨਾ ਹੀ ਕੋਈ ਸਾਰਥਿਕ ਸਿੱਟੇ ਕੱਢਣ ਵਿੱਚ ਸਫਲ ਹੋਇਆ ਹੈ ਨਾ ਹੀ ਅਜਿਹੀ ਕੋਈ ਉਮੀਦ ਕਰਨੀ ਚਾਹੀਦੀ ਹੈ। ਮੁਲਕ ਅੰਦਰ ਭੁੱਖਮਰੀ, ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਕਿਸਾਨਾਂ-ਮਜ਼ਦੂਰਾਂ ਸਿਰ ਚੜ੍ਹਿਆ ਕਰਜ਼ਾ, ਕੁਪੋਸ਼ਣ, ਰਿਸ਼ਵਤਖੋਰੀ, ਔਰਤਾਂ, ਦਲਿਤਾਂ ਅਤੇ ਘੱਟ ਗਿਣਤੀਆਂ ਖਾਸ ਕਰ ਮੁਸਲਮਾਨਾਂ ਉੱਤੇ ਵਧ ਰਿਹਾ ਸੰਸਥਾਗਤ ਜਬਰ, ਜਾਬਰ ਫਾਸ਼ੀ ਹੱਲਾ, ਬੁੱਧੀਜੀਵੀਆਂ, ਕਲਮਕਾਰਾਂ, ਸਮਾਜਿਕ ਕਾਰਕੁਨਾਂ ਖਿਲਾਫ ਦੇਸ਼ ਧ੍ਰੋਹ ਕਾਲੇ ਕਾਨੂੰਨ ਦੀ ਬੇਦਰੇਗ ਵਰਤੋਂ ਆਦਿ ਅਜਿਹੇ ਮਾਮਲੇ ਹਨ, ਜਿਨ੍ਹਾਂ ਖਿਲਾਫ ਵਿਸ਼ਾਲ ਲੋਕਾਈ ਨੂੰ ਚੇਤੰਨ ਜਥੇਬੰਦਕ ਸੰਘਰਸ਼ਾਂ ਦੇ ਅਖਾੜਿਆਂ ਨੂੰ ਮਜ਼ਬੂਤ ਕਰਦਿਆਂ ਨਵਾਂ ਸਮਾਜ ਸਿਰਜਣ ਦੀ ਜੱਦੋ-ਜਹਿਦ ਨੂੰ ਅੱਗੇ ਵਧਾਉਣਾ ਚਾਹੀਦਾ ਹੈ।

*# ਸੰਪਰਕ : 84275-11770*

# ਕੀ ਤਾਂਤਰਿਕ ਸਾਡੀਆਂ ਸਮੱਸਿਆਵਾਂ ਹੱਲ ਕਰ ਸਕਦੇ ਹਨ ?



ਪ੍ਰੋ. ਪਰਮਜੀਤ ਸਿੰਘ

ਉਂਜ ਤਾਂ ਪੰਜਾਬ ਕੀ, ਭਾਰਤ ਦੇ ਹਰੇਕ ਸ਼ਹਿਰ ਜਾਂ ਕਸਬੇ ਵਿਚ ਅਖੌਤੀ ਤਾਂਤਰਿਕ ਜਾਂ ਤਾਂਤਰਿਕਨੁਮਾ ਵਿਅਕਤੀ ਜਾਦੂ-ਟੂਣੇ ਨਾਲ ਲੋਕਾਂ ਦੇ ਕਸ਼ਟ ਨਿਵਾਰਨ ਹਿੱਤ ਦੁਕਾਨਾਂ ਖੋਲ੍ਹੀ ਬੈਠੇ ਹਨ ਤੇ ਘਰੇਲੂ, ਆਰਥਿਕ, ਸ਼ਾਦੀ, ਨੌਕਰੀ ਜਾਂ ਪ੍ਰੇਮ ਨਾਲ ਸਬੰਧਤ ਸਮੱਸਿਆਵਾਂ ਨੂੰ ਘੜੀ-ਪਲਾਂ ਵਿਚ ਹੱਲ ਕਰਨ ਦਾ ਝਾਂਸਾ ਦੇ ਕੇ ਪ੍ਰੇਸ਼ਾਨ ਅਤੇ ਦੁਖੀ ਲੋਕਾਂ ਦੀ ਉੱਨ ਲਾਹ ਰਹੇ ਹਨ। ਇਹ ਤਾਂਤਰਿਕ ਪ੍ਰਮੁੱਖ ਅਖ਼ਬਾਰਾਂ ਵਿਚ ਇਸ਼ਤਿਹਾਰ ਛਪਵਾ ਕੇ ਆਪਣੇ ਸ਼ਿਕਾਰ ਲੱਭਦੇ ਹਨ ਤੇ ਇਸ਼ਤਿਹਾਰ ਵਿਚ ਦਾਅਵਾ ਕਰਦੇ ਹਨ, ਉਨ੍ਹਾ ਕੋਲ ਕਾਲਾ ਇਲਮ ਜਾਂ ਫਿਰ ਕੋਈ ਗ਼ੈਬੀ ਸ਼ਕਤੀ ਹੈ ਤੇ ਇਹ ਵੀ ਚੁਣੌਤੀ ਦਿੰਦੇ ਹਨ ਕਿ ਉਨ੍ਹਾ ਵੱਲੋਂ ਕੀਤੇ ਜਾਦੂ-ਟੂਣੇ ਦੀ ਕੋਈ ਕਾਟ ਨਹੀਂ ਹੈ। ਕੁਝ ਇਕ ਤਾਂਤਰਿਕ ਤਾਂ ਚੌਵੀ ਘੰਟਿਆਂ ਵਿਚ ਸਮੱਸਿਆ ਜਾਂ ਪ੍ਰੇਸ਼ਾਨੀ ਦਾ ਹੱਲ ਕਰਨ ਦੀ ਗਾਰੰਟੀ ਅਸ਼ਟਾਮ ਪੇਪਰ 'ਤੇ ਲਿਖ ਕੇ ਦੇਣ ਦਾ ਦਾਅਵਾ ਵੀ ਕਰਦੇ ਹਨ।

ਕੌੜਾ ਸੱਚ ਇਹ ਹੈ ਕਿ ਜਦੋਂ ਵੀ ਕੋਈ ਸ਼ਖ਼ਸ ਕਿਸੇ ਸਮੱਸਿਆ ਜਾਂ ਪ੍ਰੇਸ਼ਾਨੀ ਵਿਚ ਬੁਰੀ ਤਰ੍ਹਾਂ ਫਸਿਆ ਹੁੰਦਾ ਹੈ ਤਾਂ ਉਸ ਸਮੇਂ ਉਸ ਦਾ ਮਾਨਸਿਕ ਸੰਤੁਲਨ ਅਕਸਰ ਹੀ ਡਾਵਾਂਡੋਲ ਹੁੰਦਾ ਹੈ। ਕੁਝ ਲੋਕ ਬੁੱਧੀ, ਆਤਮਬਲ ਜਾਂ ਧਾਰਮਿਕ ਆਸਥਾ ਦੇ ਆਸਰੇ ਆਪਣੀ ਸਮੱਸਿਆ ਦਾ ਹੱਲ ਕੱਢਣ ਵਿਚ ਕਾਮਯਾਬ ਰਹਿੰਦੇ ਹਨ ਤੇ ਇਸ ਦੇ ਉਲਟ ਕੁਝ ਲੋਕ ਨਿਰਾਸ਼ ਅਤੇ ਹਤਾਸ਼ ਹੋ ਕੇ ਤਾਂਤਰਿਕਾਂ, ਜੋਤਸ਼ੀਆਂ ਜਾਂ ਬਾਬਿਆਂ ਦੇ ਵੱਸ ਪੈ ਜਾਂਦੇ ਹਨ। ਕਮਜ਼ੋਰ ਆਤਮ-ਵਿਸ਼ਵਾਸ ਵਾਲੇ ਕੁਝ ਲੋਕ ਦੁੱਖਾਂ ਅਤੇ ਪ੍ਰੇਸ਼ਾਨੀਆਂ ਤੋਂ ਤੰਗ ਆ ਕੇ ਜ਼ਿੰਦਗੀ ਤੋਂ ਹੀ ਕਿਨਾਰਾ ਕਰ ਲੈਂਦੇ ਹਨ। ਜ਼ਿੰਦਗੀ ਨੂੰ ਦਰਪੇਸ਼ ਕਿਸੇ ਵੀ ਸਮੱਸਿਆ ਨਾਲ ਲੜਨ ਦੀ ਥਾਂ ਉਸ ਅੱਗੇ ਗੋਡੇ ਟੇਕ ਕੇ ਅੰਧਵਿਸ਼ਵਾਸ ਜਾਂ ਆਤਮ-ਹੱਤਿਆ ਦੇ ਰਾਹ ਤੁਰ ਪੈਣਾ ਸਰਾਸਰ ਗ਼ਲਤ ਹੈ, ਕਾਇਰਤਾ ਹੈ। ਇਹ ਆਮ ਤੌਰ 'ਤੇ ਵੇਖਣ ਵਿਚ ਆਇਆ ਹੈ ਕਿ ਗੰਭੀਰ ਰੋਗ, ਦੁਬਿਧਾ, ਪ੍ਰੇਸ਼ਾਨੀ ਜਾਂ ਸਮੱਸਿਆ ਨਾਲ ਪੀੜਤ ਲੋਕ ਤਾਂਤਰਿਕਾਂ ਅਤੇ ਬਾਬਿਆਂ ਦੇ ਸਹਿਜ ਹੀ ਸ਼ਿਕਾਰ ਹੋ ਨਿੱਬੜਦੇ ਹਨ ਤੇ ਰੁਪਏ-ਪੈਸੇ, ਘਰ-ਬਾਰ ਜਾਂ ਫ਼ਿਰ ਕਈ ਵਾਰ ਤਾਂ ਆਪਣੀ ਆਬਰੂ ਤੱਕ ਲੁਟਾ ਬੈਠਦੇ ਹਨ।

ਹਕੀਕਤ ਇਹ ਹੈ ਕਿ ਕਾਲਾ ਇਲਮ ਜਾਂ ਫਿਰ ਗ਼ੈਬੀ ਸ਼ਕਤੀ ਨਾਮਕ ਕੋਈ ਚੀਜ਼ ਨਹੀਂ ਹੁੰਦੀ ਤੇ ਨਾ ਹੀ ਜਾਦੂ-ਟੂਣਿਆਂ ਨਾਲ ਸਮੱਸਿਆਵਾਂ ਤੇ ਪ੍ਰੇਸ਼ਾਨੀਆਂ ਦੇ ਹੱਲ ਲੱਭ ਸਕਦੇ ਹਨ। ਅਜੋਕੇ ਸਮੇਂ ਦੀ ਸਭ ਤੋਂ ਵੱਧ ਪੀੜਾਦਾਇਕ ਗੱਲ ਇਹ ਹੈ ਕਿ ਜਿੱਥੇ ਪੁਰਾਣੇ ਸਮੇਂ ਵਿਚ ਅਨਪੜ੍ਹਤਾ ਜਾਂ ਅਗਿਆਨਤਾ ਜ਼ਿਆਦਾ ਹੋਣ ਕਰਕੇ ਲੋਕ ਅੰਧਵਿਸ਼ਵਾਸੀ ਸਨ, ਉਥੇ ਹੀ ਅੱਜ ਵਿੱਦਿਆ ਦਾ ਪਸਾਰ ਵਧ ਜਾਣ ਦੇ ਬਾਵਜੂਦ ਅੰਧਵਿਸ਼ਵਾਸ ਦਾ ਘੇਰਾ ਹੋਰ ਵੱਡਾ ਹੋ ਗਿਆ ਹੈ ਤੇ ਬਦਲੇ ਜ਼ਮਾਨੇ ਦੀ ਚਾਲ ਨਾਲ ਚਾਲ ਮਿਲਾਉਂਦੇ ਹੋਏ ਅਜੋਕੇ ਤਾਂਤਰਿਕ ਜਾਂ ਬਾਬੇ ਹੁਣ ਹਾਈਟੈੱਕ ਹੋ ਗਏ ਹਨ ਤੇ ਪ੍ਰਿੰਟ ਜਾਂ ਬਿਜਲਈ ਮਾਧਿਅਮਾਂ ਜਾਂ ਇੰਟਰਨੈੱਟ ਦੀ ਮਦਦ ਨਾਲ ਦੂਰ-ਦੁਰਾਡੇ ਬੈਠੇ ਆਪਣੇ ਅਖੌਤੀ ਪੜ੍ਹੇ-ਲਿਖੇ ਚੇਲਿਆਂ ਤੱਕ ਪੁੱਜਣ ਲੱਗ ਪਏ ਹਨ। ਕੋਰੀਅਰ ਰਾਹੀਂ ਸਮੱਗਰੀ ਅਤੇ ਇੰਟਰਨੈੱਟ ਰਾਹੀਂ ਜਨਮ ਕੁੰਡਲੀਆਂ ਮਿਲਣ ਲੱਗ ਪਈਆਂ ਹਨ ਤੇ ਭੇਟਾ ਦੀ ਅਦਾਇਗੀ ਵੀ ਆਨਲਾਈਨ ਹੋਣ ਲੱਗ ਪਈ ਹੈ। ਸਮਾਂ ਬਦਲ ਗਿਆ ਹੈ, ਪਰ ਤਾਂਤਰਿਕਾਂ ਅਤੇ ਬਾਬਿਆਂ ਵੱਲੋਂ ਫੈਲਾਇਆ ਜਾ ਰਿਹਾ ਅੰਧਵਿਸ਼ਵਾਸ ਘਟਣ ਦੀ ਥਾਂ ਹੋਰ ਵਧ ਗਿਆ ਹੈ।

ਮਨੁੱਖੀ ਜੀਵਨ ਦਾ ਕੌੜਾ ਸੱਚ ਇਹ ਵੀ ਹੈ ਕਿ ਇਸ ਧਰਤੀ 'ਤੇ ਵੱਖ-ਵੱਖ ਸਮਿਆਂ ਅੰਦਰ ਆਉਣ ਵਾਲੇ ਅਵਤਾਰ, ਪੈਗੰਬਰ ਜਾਂ ਨਬੀ ਵੀ ਦੁੱਖਾਂ, ਮੁਸੀਬਤਾਂ ਤੇ ਪ੍ਰੇਸ਼ਾਨੀਆਂ ਤੋਂ ਅਛੂਤੇ ਨਹੀਂ ਰਹੇ ਸਨ, ਪਰ ਉਨ੍ਹਾ ਨੇ ਹਿੰਮਤ, ਆਪਣੇ ਇਸ਼ਟ 'ਤੇ ਦ੍ਰਿੜ੍ਹ ਵਿਸ਼ਵਾਸ ਅਤੇ ਆਤਮਿਕ ਬਲ ਦੀ ਮਦਦ ਨਾਲ ਹਰੇਕ ਕਸ਼ਟ ਅਤੇ ਪ੍ਰੇਸ਼ਾਨੀ 'ਤੇ ਜਿੱਤ ਹਾਸਲ ਕਰਨ ਦਾ ਸਬਕ ਹੀ ਸਿਖਾਇਆ ਸੀ। ਉਨ੍ਹਾ ਆਪਣੇ ਜੀਵਨ ਸਫ਼ਰ ਦੌਰਾਨ ਇਹੋ ਸਿਖਾਇਆ ਸੀ ਕਿ ਦੁੱਖ ਅਤੇ ਸੁੱਖ ਜੀਵਨ ਦਾ ਅਟੁੱਟ ਅੰਗ ਹਨ ਤੇ ਜੀਵਨ ਦੇ ਸਹੀ ਅਰਥ ਸਮਝਣ ਲਈ ਇਨ੍ਹਾਂ 'ਚੋਂ ਲੰਘਣਾ ਸਭ ਲਈ ਲਾਜ਼ਮੀ ਹੈ। ਅੰਤਿਮ ਸੱਚ ਇਹੋ ਹੈ ਕਿ ਦੁੱਖਾਂ ਤੇ ਪ੍ਰੇਸ਼ਾਨੀਆਂ ਨਾਲ ਦੋ-ਚਾਰ ਹੁੰਦਾ ਹੋਇਆ ਕੋਈ ਸ਼ਖ਼ਸ ਆਤਮ ਵਿਸ਼ਵਾਸ ਅਤੇ ਪ੍ਰਭੂ ਚਰਨਾਂ ਦਾ ਆਸਰਾ ਲੈਣ ਦੀ ਥਾਂ ਜਦ ਤਾਂਤਰਿਕਾਂ ਅਤੇ ਜੋਤਸ਼ੀਆਂ ਦੇ ਚੱਕਰਾਂ ਵਿਚ ਜਾ ਪੈਂਦਾ ਹੈ ਤਾਂ ਆਪਣੀ ਤਬਾਹੀ ਦੀ ਇਬਾਰਤ ਉਹ ਆਪਣੇ ਹੱਥੀਂ ਲਿਖ ਲੈਂਦਾ ਹੈ।



ਅੱਜ ਲੋੜ ਤਾਂਤਰਿਕਾਂ ਦੇ ਮਾਇਆ ਜਾਲ ਨੂੰ ਸਮਝਣ ਤੇ ਇਸ ਤੋਂ ਬਚਣ ਦੀ ਹੈ ਤੇ ਨਾਲ ਹੀ ਇਹ ਗੱਲ ਸਮਝਣ ਦੀ ਵੀ ਹੈ ਕਿ ਜ਼ਿੰਦਗੀ ਵਿਚ ਜੇਕਰ ਚੰਗੇ ਦਿਨ ਨਹੀਂ ਰਹੇ ਹਨ ਤਾਂ ਮਾੜੇ ਦਿਨ ਵੀ ਇਕ ਦਿਨ ਖ਼ਤਮ ਹੋ ਹੀ ਜਾਣਗੇ। ਲੋੜ ਇਸ ਗੱਲ ਦੀ ਵੀ ਹੈ ਕਿ ਸਮਾਜ ਸੇਵੀ ਜਥੇਬੰਦੀਆਂ ਅਤੇ ਬੁੱਧੀਜੀਵੀ ਵਰਗ ਤਾਂਤਰਿਕਾਂ ਦਾ ਗਲਬਾ ਖ਼ਤਮ ਕਰਨ ਲਈ ਕੋਈ ਠੋਸ ਮੁਹਿੰਮ ਜਾਂ ਅੰਦੋਲਨ ਸ਼ੁਰੂ ਕਰਨ ਜਾਂ ਫਿਰ ਕਾਨੂੰਨੀ ਚਾਰਾਜੋਈ ਕਰਨ ਤਾਂ ਜੋ ਇਨ੍ਹਾਂ ਪਖੰਡੀ ਤਾਂਤਰਿਕਾਂ ਹੱਥੋਂ ਹੋਣ ਵਾਲੀ ਲੋਕਾਂ ਦੀ ਸਰੀਰਕ, ਆਰਥਿਕ ਅਤੇ ਮਾਨਸਿਕ ਲੁੱਟ ਦਾ ਖ਼ਾਤਮਾ ਹੋ ਸਕੇ।

*# ਸੰਪਰਕ : 97816-46008*

# ਟੀ ਵੀ ਚੈਨਲਾਂ ਦੀ ਆਪਹੁਦਰਾਸ਼ਾਹੀ 'ਤੇ ਰੋਕ ਜ਼ਰੂਰੀ

ਡਾ. ਧਰਮਪਾਲ ਸਾਹਿਲ

ਕਿਸੇ ਵੀ ਨੈਸ਼ਨਲ ਟੀ ਵੀ ਦਾ ਚੈਨਲ ਆਨ ਕਰਦਿਆਂ ਹੀ ਸਕ੍ਰੀਨ 'ਤੇ ਗਰਮਾ-ਗਰਮ ਬਹਿਸ ਸੁਣਨ ਨੂੰ ਮਿਲਦੀ ਹੈ। ਅਲੱਗ-ਅਲੱਗ ਸਿਆਸੀ ਪਾਰਟੀਆਂ ਦੇ ਜਾਣੇ-ਪਛਾਣੇ ਨੁਮਾਇੰਦਿਆਂ ਵਿਚਕਾਰ ਉਸ ਵਿਸ਼ੇਸ਼ ਚੈਨਲ ਦਾ ਚੀਖਦਾ, ਦਹਾੜਦਾ ਐਂਕਰ। ਜਿਹੜਾ ਆਪਣੇ ਭੜਕਾਊ ਅੰਦਾਜ਼ ਵਿੱਚ ਮਿੱਥੇ ਹੋਏ ਏਜੰਡੇ ਮੁਤਾਬਕ ਮੁੱਦਾ ਉਛਾਲਦਾ ਹੈ, ਫਿਰ ਵਾਰੋ-ਵਾਰੀ ਸਿਆਸੀ ਪ੍ਰਤੀਨਿਧੀਆਂ ਤੋਂ ਸਵਾਲ ਪੁੱਛਦਾ ਹੈ। ਪ੍ਰਤੀਨਿਧੀ ਆਪੋ-ਆਪਣੀ ਪਾਰਟੀ ਦੀਆਂ ਨੀਤੀਆਂ ਅਤੇ ਨਜ਼ਰੀਏ ਤੋਂ ਜਵਾਬ ਦੇਣਾ ਸ਼ੁਰੂ ਕਰਦੇ ਹਨ। ਬਹਿਸ ਵਿੱਚ ਉਹ ਤਰਕ ਜਾਂ ਦਲੀਲ ਦੇ ਆਧਾਰ 'ਤੇ ਵਿਚਾਰ ਘੱਟ ਹੀ ਪੇਸ਼ ਕਰਦੇ ਹਨ, ਸਗੋਂ ਇਕ-ਦੂਸਰੇ ਨੂੰ ਨੀਵਾਂ ਵਿਖਾਲਣਾ, ਦੋਸ਼ ਲਾਉਣਾ, ਭੰਡਣਾ ਤੇ ਆਪਣੇ-ਆਪ ਨੂੰ ਸਹੀ ਜਾਂ ਵਿਕਟੇਮਾਈਜ਼ਡ ਪ੍ਰਦਰਸ਼ਿਤ ਕਰਨਾ ਵੱਧ ਹੁੰਦਾ ਹੈ। ਐਂਕਰ ਮੁੱਦਾ ਉਛਾਲਣ ਮਗਰੋਂ ਅਕਸਰ ਕਿਸੇ ਨਾ ਕਿਸੇ ਧਿਰ ਦਾ ਬੁਲਾਰਾ ਬਣ ਜਾਂਦਾ ਹੈ। ਜਿਸ ਪ੍ਰਤੀਨਿਧੀ ਦੇ ਵਿਚਾਰ ਉਸ ਦੀ ਮਨਪਸੰਦ ਦੇ ਨਹੀਂ ਹੁੰਦੇ, ਉਸ ਬੁਲਾਰੇ ਨੂੰ ਵਿਚਾਲੇ ਹੀ ਟੋਕ ਕੇ ਆਪ ਵਿਸ਼ੇਸ਼ ਨਜ਼ਰੀਏ ਤੋਂ ਦਲੀਲਾਂ ਦੇਣ ਲੱਗਦਾ ਹੈ ਜਾਂ ਫਿਰ ਉਸ ਨੂੰ ਬੋਲਣੋ ਹਟਾ ਕੇ ਮਾਈਕ ਦੂਸਰੇ ਬੁਲਾਰੇ ਨੂੰ ਦੇ ਦਿੰਦਾ ਹੈ ਜਾਂ ਮਾਈਕ ਮਿਊਟ ਕਰ ਦਿੱਤਾ ਜਾਂਦਾ ਹੈ ਤੇ ਪਹਿਲੇ ਵਾਲਾ ਆਪਣੀ ਗੱਲ ਪੂਰੀ ਨਾ ਹੋਣ 'ਤੇ ਪੂਰਾ ਸਮਾਂ ਨਾ ਮਿਲਣ ਦੀ ਸ਼ਿਕਾਇਤ ਕਰਦਾ ਰਹਿ ਜਾਂਦਾ ਹੈ ਜਾਂ ਫਿਰ ਸਾਰੇ ਬੁਲਾਰੇ ਇਕੱਠੇ ਹੀ ਬੋਲਣ ਲੱਗ ਪੈਂਦੇ ਹਨ ਤੇ ਸਰੋਤਿਆਂ ਨੂੰ ਉਸ ਕਾਂਵਾਂਰੌਲੀ ਵਿੱਚ ਨਾ ਕੁਝ ਸੁਣਾਈ ਦਿੰਦਾ ਹੈ ਤੇ ਨਾ ਹੀ ਕੁਝ ਪੱਲੇ ਪੈਂਦਾ ਹੈ। ਅੱਕਿਆ-ਥੱਕਿਆ ਸਰੋਤਾ ਟੀ ਵੀ ਬੰਦ ਕਰਨ ਵਿੱਚ ਹੀ ਆਪਣੀ ਭਲਾਈ ਸਮਝਦਾ ਹੈ। ਇਹ ਚੁਣੇ ਹੋਏ ਪਾਰਟੀ ਬੁਲਾਰੇ ਵੀ ਕਦੇ ਕਿਸੇ ਚੈਨਲ 'ਤੇ ਕਦੇ ਕਿਸੇ ਚੈਨਲ 'ਤੇ ਬੋਲਦੇ ਵਿਖਾਈ ਦਿੰਦੇ ਹਨ।

ਇੰਜ ਲੱਗਦਾ ਹੈ ਇਹ ਸਾਰਾ ਕੁਝ ਗਿਣੇ-ਮਿੱਥੇ ਏਜੰਡੇ ਹੇਠ ਪ੍ਰਾਯੋਜਿਤ ਕੀਤਾ ਜਾਂਦਾ ਹੈ। ਕਿਸੇ ਨੇਤਾ ਵੱਲੋਂ ਦਿੱਤੇ ਵਿਵਾਦਿਤ ਬਿਆਨ, ਫਿਰਕੂ ਰੰਗਤ ਵਾਲੀ ਦੁਰਘਟਨਾ ਜਾਂ ਕਿਸੇ ਵਿਸ਼ੇਸ਼ ਧਰਮ, ਮਜ਼ਹਬ, ਜਾਤ ਜਾਂ ਵਰਗ ਨਾਲ ਸੰਬੰਧਤ ਗੱਲ ਜਿਸ ਨੂੰ ਖੂਬ ਤੇਜ਼ ਮਿਰਚ ਮਸਾਲੇ ਵਾਲਾ ਤੜਕਾ ਲਾਇਆ ਜਾ ਸਕੇ ਉਸ ਨੂੰ ਬਹਿਸ ਦਾ ਮੁੱਦਾ ਬਣਾਇਆ ਜਾਂਦਾ ਹੈ। ਐਂਕਰ ਉਸ ਦੀ ਜ਼ੋਰ-ਸ਼ੋਰ ਨਾਲ ਭੂਮਿਕਾ ਬੰਨ੍ਹਦਾ ਹੈ, ਮੁੱਦੇ ਨੂੰ ਭਖਾਉਂਦਾ ਹੈ, ਫਿਰ ਸੰਬੰਧਤ ਧਿਰ ਵੱਲ ਸਵਾਲ ਉਛਾਲਦਾ ਹੈ। ਕਈ ਵਾਰ ਬੁਲਾਰੇ ਉਸ ਮੁੱਦੇ ਤੋਂ ਪਰੇ ਜਾ ਕੇ, ਉਸ ਸਵਾਲ ਦਾ ਜਵਾਬ ਦਿੱਤੇ ਬਿਨਾਂ ਹੋਰ ਹੀ ਗੜੇ ਮੁਰਦੇ ਪੁੱਟਣ ਲਗਦੇ ਹਨ। ਇੱਕ-ਦੂਸਰੇ 'ਤੇ ਦੋਸ਼ ਮੜ੍ਹਨ ਲੱਗਦੇ ਹਨ। ਗਲਤ ਸਹੀ ਅੰਕੜੇ ਪੇਸ਼ ਕਰਦੇ ਹਨ। ਫਿਰ ਆਪੋ-ਆਪਣੇ ਨੇਤਾਵਾਂ ਨੂੰ ਮਹਾਨ ਦੱਸਣ ਲਈ ਉਸ ਦੇ ਸ਼ੋਹਲੇ ਗਾਉਣ ਲਗਦੇ ਹਨ। ਭਾਸ਼ਾ 'ਤੇ ਕਾਬੂ ਨਹੀਂ ਰਹਿ ਜਾਂਦਾ। ਅੱਪਸ਼ਬਦਾਂ ਦਾ ਇਸਤੇਮਾਲ ਹੋਣ ਲੱਗਦਾ ਹੈ। ਸ਼ਾਇਦ ਉਹ ਇਸ ਤਰ੍ਹਾਂ ਕਰਕੇ ਆਪਣੇ-ਆਪ ਨੂੰ ਆਪਣੀ ਪਾਰਟੀ ਦਾ ਸਭ ਤੋਂ ਵੱਧ ਵਫਾਦਾਰ ਦੱਸਣ ਦੀ ਕੋਸ਼ਿਸ਼ ਕਰਦੇ ਹਨ। ਕਈ ਵਾਰ ਬੁਲਾਰੇ ਇੰਨੇ ਗੁੱਸੇ ਅਤੇ ਭੜਕਾਹਟ ਵਿੱਚ ਆ ਜਾਂਦੇ ਹਨ ਕਿ ਨੌਬਤ ਤੂੰ-ਤੂੰ, ਮੈਂ-ਮੈਂ ਤੋਂ ਗਾਲੀ-ਗਲੋਚ ਜਾਂ ਹੱਥੋਪਾਈ ਤੀਕ ਵੀ ਆ ਜਾਂਦੀ ਹੈ। ਕਈ ਵਾਰ ਬੇਦਲੀਲੇ ਜਾਂ ਨਿਰਾਸ਼ ਹੋਏ ਬੁਲਾਰੇ ਬਹਿਸ ਵਿਚਾਲੇ ਹੀ ਛੱਡ ਕੇ ਚਲੇ ਜਾਂਦੇ ਹਨ।

ਲੋਕਤੰਤਰ ਵਿੱਚ ਮੁੱਦਿਆਂ ਅਤੇ ਨੀਤੀਆਂ ਤੇ ਦਲੀਲਾਂ ਰਾਹੀਂ ਸਾਰਥਕ ਬਹਿਸ ਹੋਣਾ ਜ਼ਰੂਰੀ ਹੈ, ਪਰ ਸੰਸਦ ਵਾਂਗ ਹੀ ਚੈਨਲਾਂ 'ਤੇ ਵੀ ਬਹਿਸ ਪਾਰਟੀ ਜਾਂ ਨਿੱਜੀ ਵਿਰੋਧ ਤੀਕ ਚਲੀ ਜਾਂਦੀ ਹੈ। ਬੁਲਾਰੇ ਸਾਰੀਆਂ ਨੈਤਿਕ ਕਦਰਾਂ-ਕੀਮਤਾਂ, ਮਰਿਆਦਾਵਾਂ ਤੇ ਅਨੁਸ਼ਾਸਨ ਭੁੱਲ ਜਾਂਦੇ ਹਨ ਤੇ ਆਪਣੇ-ਆਪ ਨੂੰ ਵੱਡਾ ਸਮਰਥਕ ਦੱਸਣ ਦੀ ਚਾਹਤ, ਦੂਸਰੇ 'ਤੇ ਹਾਵੀ ਹੋਣ ਦੀ ਹਸਰਤ, ਫਾਇਰ ਬ੍ਰਾਂਡ ਬੁਲਾਰਾ ਕਹਾਉਣ ਦੀ ਲਾਲਸਾ ਨਾਲ ਸਾਰੇ ਹੀ ਹੱਦ ਬੰਨੇ ਟੱਪ ਜਾਂਦੇ ਹਨ। ਇਸ ਸਾਰੇ ਰੌਲੇ-ਰੱਪੇ ਵਿੱਚ ਐਂਕਰ ਦੀ ਭੂਮਿਕਾ ਸੰਤੁਲਤ ਜਾਂ ਨਿਰਪੱਖ ਨਾ ਹੋ ਕੇ ਇੱਕ ਧਿਰ ਦੇ ਬੁਲਾਰੇ ਵਾਲੀ ਹੋ ਜਾਂਦੀ ਹੈ, ਉਹ ਇਹ ਭੁੱਲ ਜਾਂਦਾ ਹੈ ਕਿ ਉਹ ਤਾਂ ਮਹਿਜ਼ ਇੱਕ ਐਂਕਰ ਜਾਂ ਸੂਤਰਧਾਰ ਹੈ, ਉਸ ਨੇ ਤਾਂ ਬਹਿਸ ਨੂੰ ਕਾਬੂ ਵਿੱਚ ਰੱਖਦਿਆਂ ਸਹੀ ਦਿਸ਼ਾ ਦੇਣੀ ਹੈ ਤੇ ਕੋਈ ਸਾਰਥਕ ਸਿੱਟੇ ਵੀ ਕੱਢਣੇ ਹਨ, ਪਰ ਉਹ ਤਾਂ ਖੁਦ ਹੀ ਚਹੇਤੀ ਧਿਰ ਦਾ ਬੁਲਾਰਾ ਬਣ ਜਾਂਦਾ ਹੈ। ਇਹ ਸਭ ਵੇਖਦੇ ਸਰੋਤਾ ਵੀ ਆਪਣੀ ਸਿਆਸੀ ਵਿਚਾਰਧਾਰਾ ਦੇ ਬੁਲਾਰੇ ਨਾਲ ਜੁੜ ਜਾਂਦੇ ਹਨ ਤੇ ਉਸ ਮੁੱਦੇ ਦੇ ਹੱਕ ਜਾਂ ਵਿਰੋਧ ਵਿੱਚ ਆਪਣੀ ਰਾਏ ਨੂੰ ਹੋਰ ਪੁਖਤਾ ਕਰਦੇ ਹਨ। ਸਰੋਤਿਆਂ ਨੂੰ ਇਸ ਤੋਂ ਵੱਧ ਹੋਰ ਕੁਝ ਹਾਸਲ ਨਹੀਂ ਹੁੰਦਾ।

ਇਸ ਬਹਿਸ-ਮੁਬਾਹਸੇ ਤੋਂ ਵੀ ਖਤਰਨਾਕ ਗੱਲ ਉਦੋਂ ਹੁੰਦੀ ਹੈ, ਜਦੋਂ ਇਹ ਬੜਬੋਲੇ ਐਂਕਰ ਦੇਸ਼ ਨਾਲ ਸੰਬੰਧਤ ਬਹੁਤ ਹੀ ਸੰਵੇਦਨਸ਼ੀਲ ਮੱਦਿਆਂ ਤੇ ਮੀਡੀਆ ਟ੍ਰਾਇਲ ਕਰਨ ਲੱਗਦੇ ਹਨ। ਕਈ ਅਜਿਹੇ ਸੰਗੀਨ ਮਸਲੇ ਜਿਹੜੇ ਅਦਾਲਤਾਂ ਵਿੱਚ ਵਿਚਾਰ ਅਧੀਨ ਹੁੰਦੇ ਹਨ। ਅਦਾਲਤੀ ਕਾਨੂੰਨੀ ਟ੍ਰਾਇਲ ਦੇ ਸਮਾਂਨਾਤਰ ਮੀਡੀਆ ਟ੍ਰਾਇਲ ਸ਼ੁਰੂ ਹੋ ਜਾਂਦੀ ਹੈ, ਆਪਣੇ ਹੀ ਤੱਥਾਂ, ਦਲੀਲਾਂ, ਗਵਾਹਾਂ ਦੇ ਆਧਾਰ 'ਤੇ ਕਿਸੇ ਨੂੰ ਦੋਸ਼ੀ ਤੇ ਕਿਸੇ ਨੂੰ ਬੇਕਸੂਰ ਕਰਾਰ ਦਿੱਤਾ ਜਾਂਦਾ ਹੈ। ਉਸ ਸਮੇਂ ਭਾਰਤੀ ਨਿਆਂ ਵਿਵਸਥਾ ਦਾ ਰੱਜ ਕੇ ਮਜ਼ਾਕ ਉਡਾਇਆ ਜਾਂਦਾ ਹੈ। ਆਮ ਜਨਤਾ ਇਨ੍ਹਾਂ ਮੀਡੀਆ ਟ੍ਰਾਇਲਾਂ ਰਾਹੀਂ ਆਪਣੀ ਰਾਏ ਬਣਾਉਣ ਲੱਗਦੀ ਹੈ ਤੇ ਅਸਲ ਕਾਨੂੰਨ ਵੱਲੋਂ ਦਿੱਤੇ ਫੈਸਲਿਆਂ ਦੇ ਵਿਰੁੱਧ ਲੋਕਮਤ ਤਿਆਰ ਹੋ ਜਾਂਦਾ ਹੈ। ਲੋਕ ਗੁੰਮਰਾਹ ਹੋਣ ਲੱਗਦੇ ਹਨ। ਦੋ ਫਿਰਕਿਆਂ ਤੇ ਧਿਰਾਂ ਵਿਚਾਲੇ ਨਫਰਤ ਤੇ ਦੂਰੀਆਂ ਵਧਣ ਲਗਦੀਆਂ ਹਨ। ਕੁਝ ਅਨਸਰਾਂ ਕਰਕੇ ਸਾਰਾ ਫਿਰਕਾ ਬਦਨਾਮ ਹੁੰਦਾ ਹੈ। ਜੋ ਕਈ ਵਾਰ ਫਿਰਕੂ ਦੰਗਿਆਂ ਦਾ ਕਾਰਨ ਬਣਦਾ ਹੈ। ਸਮਾਜ ਵਿੱਚ ਤਣਾਅ ਅਤੇ ਬਦਅਮਨੀ ਫੈਲਣ ਲੱਗਦੀ ਹੈ। ਦੇਸ਼ ਨੂੰ ਨਫਰਤ ਦੀ ਭੱਠੀ ਵਿੱਚ ਝੋਕ ਦਿੱਤਾ ਜਾਂਦਾ ਹੈ। ਇਹ ਸਭ ਦੇਸ਼ ਅਤੇ ਦੇਸ਼ ਦੀ ਜਨਤਾ ਦੇ ਖਿਲਾਫ ਭੁਗਤਦਾ ਹੈ। ਕਈ ਵਾਰੀ ਚੈਨਲਾਂ ਦੀ ਇਹ ਆਪਹੁਦਰਾਸ਼ਾਹੀ ਦੋ ਮੁਲਕਾਂ ਦੇ ਸੰਬੰਧਾਂ ਵਿੱਚ ਵੀ ਖਟਾਸ ਪੈਦਾ ਕਰ ਦਿੰਦੀ ਹੈ। ਚੈਨਲਾਂ ਦੇ ਇਸ ਵਤੀਰੇ ਕਰਕੇ ਸੁਪਰੀਮ ਕੋਰਟ ਨੇ ਇਨ੍ਹਾਂ ਮੀਡੀਆ ਟ੍ਰਾਇਲਾਂ ਦਾ ਵਿਰੋਧ ਕਰਦਿਆਂ ਗ੍ਰਹਿ ਮੰਤਰਾਲੇ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਪੁਲਸ ਵੱਲੋਂ ਮੀਡੀਆ ਨੂੰ ਦਿੱਤੀ ਜਾਣ ਵਾਲੀਆਂ ਜਾਣਕਾਰੀਆਂ 'ਤੇ ਆਪਣੀ ਗਾਈਡਲਾਈਨ ਤਿਆਰ ਕਰੇ।

ਟੀ ਵੀ ਚੈਨਲਾਂ ਵੱਲੋਂ ਇਹ ਸਾਰਾ ਕੁਝ ਆਪਣੀ ਟੀ ਆਰ ਪੀ ਵਧਾਉਣ ਅਤੇ ਅਭੀਵਿਅਕਤੀ ਦੀ ਆਜ਼ਾਦੀ ਦੇ ਨਾਂਅ 'ਤੇ ਕੀਤਾ ਜਾ ਰਿਹਾ ਹੈ। ਇਹ ਚੈਨਲ ਵਿਸ਼ੇਸ਼ ਕਾਰਪੋਰੇਟ ਘਰਾਣਿਆਂ ਵੱਲੋਂ ਚਲਾਏ ਜਾ ਰਹੇ ਹਨ। ਐਂਕਰ ਤਾਂ ਮਹਿਜ਼ ਉਨ੍ਹਾਂ ਘਰਾਣਿਆਂ ਦੇ ਹੱਥਾਂ ਦੀਆਂ ਕਠਪੁਤਲੀਆਂ ਹਨ। ਇਨ੍ਹਾਂ ਹੀ ਘਰਾਣਿਆਂ ਦੇ ਇਸ਼ਾਰੇ 'ਤੇ ਸਿਆਸੀ ਪਾਰਟੀਆਂ ਆਪਣਾ ਧੰਦਾ ਚਲਾਉਂਦੀਆਂ ਹਨ। ਜੇ ਇਹ ਐਂਕਰ ਆਪਣੇ ਮਾਲਕਾਂ ਦੇ ਏਜੰਡੇ ਮੁਤਾਬਕ ਕੰਮ ਨਹੀਂ ਕਰਨਗੇ ਤਾਂ ਉਨ੍ਹਾ ਨੂੰ ਮੱਖਣ'ਚੋਂ ਵਾਲ ਵਾਂਗ ਕੱਢ ਕੇ ਬਾਹਰ ਸੁੱਟ ਦਿੱਤਾ ਜਾਵੇਗਾ। ਉਨ੍ਹਾਂ ਦੀ ਰੋਜ਼ੀ ਰੋਟੀ ਖਤਰੇ ਵਿੱਚ ਪੈ ਜਾਵੇਗੀ । ਆਈ.ਐੱਨ.ਡੀ.ਆਈ.ਏ. ਗਠਬੰਧਨ ਵੱਲੋਂ 2024 ਦੀਆਂ ਚੋਣਾਂ ਦੇ ਮੱਦੇਨਜ਼ਰ ਅਜਿਹੇ 14 ਐਂਕਰਾਂ ਨੂੰ ਆਪਣੇ ਵਿਰੋਧੀ ਗਰਦਾਨਦਿਆਂ ਉਨ੍ਹਾਂ ਦੇ ਬਾਈਕਾਟ ਦਾ ਐਲਾਨ ਕਰਨਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਟੀ ਵੀ ਅਤੇ ਛੋਟੇ ਨਿੱਜੀ ਚੈਨਲਾਂ ਤੇ ਮੀਡੀਆ ਦਾ ਪੱਧਰ ਹੇਠਾਂ ਡਿਗਿਆ ਹੈ। ਮੀਡੀਆ ਸਮਾਜ ਵਿੱਚ ਆਪਣੀ ਸਕਾਰਾਤਮਕ ਭੂਮਿਕਾ ਨਿਭਾਉਣ ਵਿੱਚ ਅਸਫਲ ਹੋ ਰਿਹਾ ਹੈ। ਮੀਡੀਆ ਦੀ ਨਿਰਅੰਕੁਸ਼ਤਾ 'ਤੇ ਨੱਥ ਪਾਉਣ ਲਈ ਸਰਕਾਰ ਅਤੇ ਕਾਨੂੰਨ ਨੂੰ ਸਖਤ ਕਦਮ ਚੁੱਕਣੇ ਚਾਹੀਦੇ ਹਨ।

**# ਸੰਪਰਕ : 98761-56964**

# ਟੈਂਪੂ ਬੰਦ ਕਰਨ ਵਿਰੁੱਧ ਕਿਸਾਨਾਂ, ਮਜ਼ਦੂਰਾਂ ਵੱਲੋਂ ਵਿਧਾਇਕ ਦੇ ਘਰ ਅੱਗੇ ਧਰਨਾ

## ਜਥੇਬੰਦੀਆਂ ਵੱਲੋਂ ਰੁਜ਼ਗਾਰ ਬਚਾਓ ਕਮੇਟੀ ਗਠਿਤ



ਵਿਧਾਇਕ ਮੋਗਾ ਦੇ ਘਰ ਅੱਗੇ ਧਰਨੇ 'ਤੇ ਬੈਠੇ ਕਿਸਾਨ ਤੇ ਮਜ਼ਦੂਰ। (ਫੋਟੋ : ਭੁਪਿੰਦਰ ਸਿੰਘ)

**ਮੋਗਾ (ਅਮਰਜੀਤ ਬੱਬਰੀ)**-ਮੋਗਾ ਸ਼ਹਿਰ ਤੇ ਆਸ-ਪਾਸ ਦੇ ਪਿੰਡਾਂ ਵਿੱਚ ਚਲਦੇ ਜਨਤਾ ਪੈਸੰਜਰ ਟੈਂਪੂਆਂ ਨੂੰ ਮੋਗਾ ਪ੍ਰਸ਼ਾਸਨ ਵੱਲੋਂ ਬੰਦ ਕਰਨ ਦੇ ਰੋਸ ਵਜੋਂ ਪਿਛਲੇ 25 ਦਿਨਾਂ ਤੋਂ ਹਲਕਾ ਵਧਾਇਕ ਮੋਗਾ ਅਮਨਦੀਪ ਕੌਰ ਅਰੋੜਾ ਦੇ ਘਰ ਅੱਗੇ ਧਰਨਾ ਚੱਲ ਰਿਹਾ ਹੈ, ਜਿਸ ਨੂੰ ਮਜ਼ਬੂਤ ਕਰਨ ਲਈ ਸੋਮਵਾਰ ਕਿਸਾਨ ਮਜ਼ਦੂਰ ਜਥੇਬੰਦੀਆਂ ਨੇ ਵੱਡੀ ਸ਼ਮੂਲੀਅਤ ਕੀਤੀ। ਅੱਜ ਵੱਖ ਵੱਖ ਜਥੇਬੰਦੀਆਂ ਦੀ ਅਗਵਾਈ ਵਿੱਚ ਇਕੱਠੇ ਹੋਏ ਲੋਕਾਂ ਨੇ ਹਲਕਾ ਵਿਧਾਇਕ ਤੇ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਜੰਮ ਕੇ ਭੜਾਸ ਕੱਢੀ।

ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਘਰ ਘਰ ਰੁਜ਼ਗਾਰ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਉਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮੋਗੇ ਇਲਾਕੇ ਦੇ 150 ਪਰਿਵਾਰਾਂ ਦਾ ਰੁਜ਼ਗਾਰ ਖੋਹ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਆਪਣੇ ਨਜ਼ਦੀਕੀ ਲੋਕਾਂ ਦੀਆਂ ਗ਼ੈਰ-ਕਾਨੂੰਨੀ ਚਲਦੀਆਂ ਬੱਸਾਂ ਨੂੰ ਮੁਨਾਫ਼ਾ ਦਿਵਾਉਣ ਲਈ ਗਰੀਬਾਂ ਦੇ ਚੁੱਲ੍ਹੇ ਬੰਦ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਜਥੇਬੰਦੀਆਂ ਵੱਲੋਂ ਰੁਜ਼ਗਾਰ ਬਚਾਓ ਕਮੇਟੀ ਮੋਗਾ ਦਾ ਗਠਨ ਕੀਤਾ ਗਿਆ ਹੈ, ਜੋ ਡੀ ਸੀ ਮੋਗਾ ਨੂੰ ਮਿਲ ਕੇ ਉਸ ਨੂੰ ਗਰੀਬ ਪਰਿਵਾਰਾਂ ਦਾ ਰੁਜ਼ਗਾਰ ਬਹਾਲ ਕਰਨ ਦੀ ਮੰਗ ਕਰੇਗੀ।

ਆਗੂਆਂ ਨੇ ਕਿਹਾ ਕਿ ਮੀਟਿੰਗ ਕਰਕੇ ਅਗਲੇ ਸੰਘਰਸ਼ ਦੀ ਰੂਪ ਰੇਖਾ ਐਲਾਨੀ ਜਾਵੇਗੀ। ਉਨ੍ਹਾਂ ਬਾਹਰ ਰਹਿ ਗਈਆਂ ਜਥੇਬੰਦੀਆਂ ਨੂੰ ਵੀ ਸੰਘਰਸ਼ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਬਿੱਕਰ ਸਿੰਘ ਚੂਹੜਚਕ, ਕਿਰਤੀ ਕਿਸਾਨ ਯੂਨੀਅਨ ਦੇ ਪ੍ਰਗਟ ਸਿੰਘ ਸਾਫੂਵਾਲਾ, ਇੰਡੀਅਨ ਫਾਰਮਜ਼ ਐਸੋਸੀਏਸ਼ਨ ਦੇ ਮੇਜਰ ਸਿੰਘ ਦਬੁਰਜੀ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਕੁਲਵੰਤ ਸਿੰਘ ਖੋਸਾ ਰਣਧੀਰ, ਸੀਟੂ ਦੇ ਸਰਵਣ ਸਿੰਘ ਕੋਟ ਸਦਰ ਖਾਂ, ਬੀ ਕੇ ਯੂ ਕ੍ਰਾਂਤੀਕਾਰੀ ਦੇ ਤਰਸੇਮ ਸਿੰਘ ਚੂਹੜਚੱਕ, ਬੀ ਕੇ ਯੂ ਖੋਸਾ ਦੇ ਰਣਵੀਰ ਸਿੰਘ ਘੱਲ ਕਲਾਂ, ਜਨਤਾ ਪੈਸੰਜਰ ਟੈਂਪੂ ਯੂਨੀਅਨ ਦੇ ਮਨਜੀਤ ਸਿੰਘ ਘੱਲ ਕਲਾਂ, ਬੀ ਕੇ ਯੂ ਉਗਰਾਹਾਂ ਦੇ ਜਸਵਿੰਦਰ ਸਿੰਘ ਘੱਲ ਕਲਾਂ ਆਦਿ ਨੇ ਸੰਬੋਧਨ ਕੀਤਾ।

# ਅਣਮਨੁੱਖੀ ਵਰਤਾਰਾ ਕਰਨ ਵਾਲੇ ਪੁਲਸ ਅਧਿਕਾਰੀਆਂ ਖਿਲਾਫ ਕਾਰਵਾਈ ਨਾ ਕਰਨ 'ਤੇ ਵਕੀਲਾਂ 'ਚ ਰੋਸ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਵਕੀਲ ਨਾਲ ਅਣਮਨੁੱਖੀ ਵਰਤਾਰਾ ਕਰਨ ਵਾਲੇ ਪੁਲਸ ਅਧਿਕਾਰੀਆਂ ਖਿਲਾਫ ਅਦਾਲਤ ਦੇ ਹੁਕਮਾਂ ਬਾਵਜੂਦ ਕਾਰਵਾਈ ਨਾ ਕਰਨ 'ਤੇ ਵਕੀਲ ਭਾਈਚਾਰੇ 'ਚ ਰੋਸ ਪਾਇਆ ਜਾ ਰਿਹਾ ਹੈ, ਜਿਸ ਦੇ ਵਜੋਂ ਵਕੀਲ ਤੇ ਪੁਲਸ ਪ੍ਰਸ਼ਾਸਨ ਆਹਮਣੇ-ਸਾਹਮਣੇ ਹੋ ਗਏ ਨੇ।

ਇਸ ਸਬੰਧੀ ਸੋਮਵਾਰ ਨੂੰ ਬਾਰ ਐਸੋਸੀਏਸ਼ਨ ਵੱਲੋਂ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਪ੍ਰੈੱਸ ਕਾਨਫਰੰਸ ਦੌਰਾਨ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ ਤੇ ਵਕੀਲ ਮਨਜਿੰਦਰ ਸਿੰਘ ਬਰਾੜ ਨੇ ਦੱਸਿਆ ਕਿ 14 ਸਤੰਬਰ 2023 ਨੂੰ ਸ੍ਰੀ ਮੁਕਤਸਰ ਸਾਹਿਬ ਬਾਰ ਦੇ ਮੈਂਬਰ ਇੱਕ ਵਕੀਲ 'ਤੇ ਮਾਮਲਾ ਦਰਜ ਕੀਤਾ ਗਿਆ। ਇਸ ਮਾਮਲੇ 'ਚ ਪੁਲਸ ਹਿਰਾਸਤ ਵਿੱਚ ਕਥਿਤ ਤੌਰ 'ਤੇ ਪੁਲਸ ਨੇ ਵਕੀਲ 'ਤੇ ਅਣਮਨੁੱਖੀ ਤਸ਼ੱਦਦ ਕੀਤਾ। ਜਦ ਮਾਣਯੋਗ ਅਦਾਲਤ ਨੇ ਸਬੰਧਤ ਵਕੀਲ ਨੂੰ ਜੁਡੀਸ਼ੀਅਲ ਰਿਮਾਂਡ 'ਤੇ ਜੇਲ੍ਹ ਭੇਜ ਦਿੱਤਾ ਤਾਂ ਵਕੀਲ ਨੇ ਆਪਣੇ ਸਾਥੀਆਂ ਨੂੰ ਸਾਰੀ ਜਾਣਕਾਰੀ ਦਿੱਤੀ। ਬਾਰ ਐਸੋਸੀਏਸ਼ਨ ਨੇ ਇਸ ਸੰਬੰਧੀ ਤਿੰਨ ਵਕੀਲਾਂ ਦੇ ਪੈਨਲ ਰਾਹੀਂ ਇਕ ਅਰਜ਼ੀ ਮਾਣਯੋਗ ਸੀ ਜੀ ਐੱਮ ਦੀ ਅਦਾਲਤ ਵਿੱਚ ਲਾਈ ਤਾਂ ਅਦਾਲਤ ਦੇ ਹੁਕਮਾਂ 'ਤੇ ਸਬੰਧਤ ਵਕੀਲ ਦਾ ਮੈਡੀਕਲ ਕਰਵਾਇਆ, ਜਿਸ ਵਿੱਚ ਸੱਟਾਂ ਤੇ ਹੋਰ ਤਸ਼ੱਦਦ ਸਾਹਮਣੇ ਆਇਆ। ਇਸ 'ਤੇ ਜਦ ਸਬੰਧਤ ਵਕੀਲ ਨੇ ਮਾਣਯੋਗ ਅਦਾਲਤ ਵਿੱਚ ਬਿਆਨ ਦਿੱਤੇ ਤਾਂ ਉਨ੍ਹਾਂ ਬਿਆਨਾਂ ਦੇ ਅਧਾਰ 'ਤੇ ਮਾਣਯੋਗ ਅਦਾਲਤ ਨੇ 22 ਸਤੰਬਰ 2023 ਨੂੰ ਤਿੰਨ ਪੁਲਸ ਅਧਿਕਾਰੀ ਰਮਨਦੀਪ ਸਿੰਘ ਐੱਸ ਪੀ ਡੀ, ਸੰਜੀਵ ਗੋਇਲ ਡੀ ਐੱਸ ਪੀ, ਰਮਨ ਕੰਬੋਜ ਐੱਸ ਐੱਚ ਓ ਸੀ ਆਈ ਏ, ਪੁਲਸ ਮੁਲਾਜ਼ਮ ਹਰਬੰਸ ਸਿੰਘ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ, ਦਾਰਾ ਸਿੰਘ ਤੇ ਚਾਰ-ਪੰਜ ਅਣਪਛਾਤਿਆਂ 'ਤੇ ਮਾਮਲਾ ਦਰਜ ਕਰਨ ਦੇ ਹੁਕਮ ਕੀਤੇ ਹਨ। ਬਾਰ ਐਸੋਸੀਏਸ਼ਨ ਅਨੁਸਾਰ ਪੁਲਸ ਨੇ ਅਦਾਲਤੀ ਹੁਕਮਾਂ ਦੇ ਬਾਵਜੂਦ ਮਾਮਲਾ ਦਰਜ ਨਹੀਂ ਕੀਤਾ। ਜਲਦ ਹੀ ਉਹ ਇਸ ਮਾਮਲੇ ਵਿੱਚ ਅਗਲਾ ਕਾਨੂੰਨੀ ਕਦਮ ਚੁੱਕਣਗੇ ਤੇ ਇਸ ਮਾਮਲੇ ਵਿੱਚ ਉਹ ਬਾਰ ਐਸੋਸੀਏਸ਼ਨ ਪੰਜਾਬ ਤੇ ਹੋਰ ਜ਼ਿਲ੍ਹਿਆਂ ਦੀਆਂ ਬਾਰ ਐਸੋਸੀਏਸ਼ਨ ਨਾਲ ਹਨ ਅਤੇ ਜਲਦ ਇਸ ਮਾਮਲੇ 'ਚ ਅਗਲੇਰੇ ਕਦਮ ਚੁੱਕਣਗੇ।

# ਆਪ ਸਰਕਾਰ ਲੋਕਾਂ ਦੀਆਂ ਆਸਾਂ 'ਤੇ ਖਰਾ ਉਤਰਨ 'ਚ ਨਾਕਾਮ : ਜਥੇਦਾਰ ਮਾਹਲਾ

## ਆਪ ਸਰਕਾਰ ਨੂੰ ਸੱਤਾ 'ਚ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ : ਸੁਖਜੀਤ ਸਿੰਘ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਦੇ ਲੋਕਾਂ ਨਾਲ ਤਰ੍ਹਾਂ ਤਰ੍ਹਾਂ ਵਾਅਦੇ ਕਰਕੇ ਵੋਟਾਂ ਵਟੋਰ ਕੇ ਸੂਬੇ ਵਿੱਚ ਆਪਣੀ ਸਰਕਾਰ ਤਾਂ ਬਣਾ ਲਈ, ਪਰ ਇਹ ਵਾਅਦੇ ਸਰਕਾਰ ਬਣਨ ਤੋਂ ਬਾਅਦ ਕੋਰਾ ਝੂਠ ਤੇ ਗੁੰਮਰਾਹਕੁਨ ਸਾਬਿਤ ਹੋਏ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਬਾਘਾ ਪੁਰਾਣਾ ਦੇ ਮੁੱਖ ਸੇਵਾਦਾਰ ਤੇ ਲੋਕ ਸਭਾ ਹਲਕਾ ਲੁਧਿਆਣਾ ਦਿਹਾਤੀ ਦੇ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਕੀਤਾ। ਉਨ੍ਹਾ ਦੋਸ਼ ਲਾਇਆ ਕਿ ਆਪ ਆਗੂ ਝੂਠ ਬੋਲਣ ਵਿੱਚ ਬੇਹੱਦ ਮਾਹਰ ਹਨ, ਪਰ ਇਹ ਝੂਠ ਬਹੁਤੀ ਦੇਰ ਤੱਕ ਚੱਲ ਨਹੀਂ ਸਕਦਾ, ਕਿਉਂਕਿ ਸੂਬੇ ਦੇ ਲੋਕ ਇਸ ਗੱਲ ਨੂੰ ਭਲੀ ਭਾਂਤ ਜਾਣਦੇ ਹਨ ਕਿ ਆਪ ਸਰਕਾਰ ਸੂਬੇ ਵਿੱਚ ਇੱਕ ਐਮੀਨੈਂਸ ਸਕੂਲ ਬਣਾ ਕੇ ਵੱਡਾ ਪ੍ਰਚਾਰ ਕਰ ਰਹੀ ਹੈ, ਜਦਕਿ ਅਕਾਲੀ ਸਰਕਾਰ ਸਮੇਂ ਸੂਬੇ 'ਚ ਬਣੇ ਸ਼ਾਨਦਾਰ ਮੈਰੀਟੋਰੀਅਸ ਸਕੂਲਾਂ ਵਿੱਚੋਂ ਹਜ਼ਾਰਾਂ ਲੋੜਵੰਦ ਵਿਦਿਆਰਥੀ ਮੁਫਤ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ।

ਇਸ ਮੌਕੇ ਨੌਜਵਾਨ ਆਗੂ ਸੁਖਜੀਤ ਸਿੰਘ ਮਾਹਲਾ ਨੇ ਕਿਹਾ ਕਿ ਪੰਜਾਬ ਵਿੱਚ ਮੀਂਹ ਤੇ ਗੜੇਮਾਰੀ ਨਾਲ ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਸਬੰਧੀ ਕੋਈ ਵੀ ਮੁਆਵਜ਼ਾ ਸਰਕਾਰ ਵੱਲੋਂ ਨਹੀਂ ਦਿੱਤਾ ਗਿਆ। ਉਨ੍ਹਾ ਕਿਹਾ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਆਪਣੇ ਵਿਰੋਧੀਆਂ ਨਾਲ ਸਿਆਸੀ ਕਿੜਾਂ ਕੱਢਣ ਲਈ ਪੰਜਾਬ ਪੁਲਸ ਦਾ ਦੁਰਉਪਯੋਗ ਕਰ ਰਹੇ ਹਨ। ਜਥੇਦਾਰ ਮਾਹਲਾ ਨੇ ਕਿਹਾ ਕਿ 'ਆਪ' ਸਰਕਾਰ ਲੋਕਾਂ ਦੀਆਂ ਆਸਾਂ 'ਤੇ ਖਰਾ ਉਤਰਨ 'ਚ ਬੁਰੀ ਤਰ੍ਹਾਂ ਨਾਲ ਫੇਲ੍ਹ ਸਾਬਿਤ ਹੋਈ, ਜਿਸ ਨੂੰ ਸੱਤਾ 'ਚ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ। ਇਸ ਮੌਕੇ ਉਨ੍ਹਾ ਨਾਲ ਦਾਰਾ ਸਿੰਘ ਸਾਬਕਾ ਸਰਪੰਚ ਢਿੱਲਵਾਂ, ਪਿਆਰਾ ਸਿੰਘ ਸਾਬਕਾ ਸਰਪੰਚ, ਬਸੰਤ ਸਿੰਘ ਸਾਬਕਾ ਪੰਚ, ਗੁਰਪਾਲ ਸਿੰਘ ਢਿੱਲੋਂ ਪ੍ਰਧਾਨ, ਰਣਜੀਤ ਸਿੰਘ ਗਿੱਲ ਪ੍ਰਧਾਨ, ਗੁਰਜੰਟ ਸਿੰਘ ਨੰਬਰਦਾਰ, ਇਕਬਾਲ ਸਿੰਘ ਨੰਬਰਦਾਰ, ਜੋਗਿੰਦਰ ਸਿੰਘ ਗਿੱਲ, ਜਗਜੀਤ ਸਿੰਘ, ਦੀਪੂ, ਗਿੰਦਰ ਸਿੰਘ, ਗੁਰਨਾਮ ਸਿੰਘ, ਮੇਜਰ ਸਿੰਘ, ਪੂਨੂੰ ਸਿੰਘ, ਸੁਰਜੀਤ ਸਿੰਘ, ਡਾ. ਲਖਵੀਰ ਸਿੰਘ, ਡਾ. ਸੁਖਦੇਵ ਸਿੰਘ, ਅਮਨਾ ਸਿੰਘ, ਸੋਹਨ ਸਿੰਘ, ਗੁਰਪ੍ਰੀਤ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਵੱਡੀ ਗਿਣਤੀ 'ਚ ਹਾਜ਼ਰ ਸਨ।

## ਕਾਤਰਾਂ

### ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਨਾ ਭਲਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਵਿੱਚ ਵੱਧ ਰਹੇ ਨਸ਼ਿਆਂ ਦੇ ਕਾਰੋਬਾਰ ਨੂੰ ਰੋਕਣ ਤੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦਿਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਵਰਕਰ ਪਾਰਟੀ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ 27 ਸਤੰਬਰ ਨੂੰ ਡੀ ਸੀ ਦਫ਼ਤਰ ਅੱਗੇ ਧਰਨਾ ਦਿੱਤਾ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਅਕਾਲੀ ਦਲ ਬਾਦਲ ਦੇ ਆਗੂਆਂ ਨੇ ਦੱਸਿਆ ਕਿ ਉਕਤ ਧਰਨੇ ਨੂੰ ਸਫਲ ਬਣਾਉਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਅਕਾਲੀ ਦਲ ਬਾਦਲ ਦੇ ਸੈਂਕੜੇ ਆਗੂ ਤੇ ਵਰਕਰ ਪੰਜਾਬ 'ਚੋਂ ਨਸ਼ਿਆਂ ਨੂੰ ਖਾਤਮ ਕਰਨ ਤੇ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦਿਵਾਉਣ ਲਈ ਸਰਕਾਰ ਖਿਲਾਫ ਪ੍ਰਦਰਸ਼ਨ ਕਰਨਗੇ।

### ਡਾ. ਸੁਰਿੰਦਰ ਸਿੰਘ ਨੇ ਚਾਰਜ ਸੰਭਾਲਿਆ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਸੀਨੀਅਰ ਡਿਪਟੀ ਡਾਇਰੈਕਟਰ ਡਾ. ਸੁਰਿੰਦਰ ਸਿੰਘ ਨੇ ਅੱਜ ਤਰੱਕੀ ਮਿਲਣ ਤੋਂ ਬਾਅਦ ਜੁਆਇੰਟ ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਜੋਂ ਮੁੱਖ ਦਫਤਰ ਵਿਖੇ ਅਹੁਦਾ ਸੰਭਾਲ ਲਿਆ ਹੈ। ਡਾ. ਸੁਰਿੰਦਰ ਸਿੰਘ ਨੇ ਅਹੁਦਾ ਸੰਭਾਲਣ ਸਮੇਂ ਕਿਹਾ ਕਿ ਕਿਸਾਨਾਂ ਦੀ ਭਲਾਈ ਲਈ ਯਤਨਸ਼ੀਲ ਰਹਿਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਰਾਜ ਕੁਮਾਰ ਜੇ. ਡੀ. ਏ., ਡਾ. ਜਸਵਿੰਦਰ ਪਾਲ ਸਿੰਘ ਜੇ ਡੀ ਏ, ਡਾ. ਜਤਿੰਦਰ ਸਿੰਘ, ਡਾ. ਜੈਦੀਪ ਸਿੰਘ ਆਦਿ ਹਾਜ਼ਰ ਸਨ।

### ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਹੋਈ ਮੌਤ 'ਤੇ ਭੜਕੀ ਐਕਸ਼ਨ ਕਮੇਟੀ

**ਮਾਨਸਾ (ਪਮਾਰ)**-ਵਾਟਰ ਵਰਕਸ ਰੋਡ 'ਤੇ ਚਿੱਟੇ ਦੀ ਓਵਰਡੋਜ ਕਾਰਨ ਪਰਮਿੰਦਰ ਸਿੰਘ (32) ਪੁੱਤਰ ਜੁਗਰਾਜ ਸਿੰਘ ਕੁਲੈਹਰੀ ਦੀ ਮੌਤ ਹੋਣ ਦਾ ਸਮਾਚਾਰ ਹੈ। ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਦੇ ਕਨਵੀਨਰ ਰਾਜਵਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਪਰਮਿੰਦਰ ਸਿੰਘ ਦੇ ਪੱਟ 'ਚੋਂ ਮਿਲੀ ਸਰਿੰਜ ਸੰਕੇਤ ਕਰਦੀ ਹੈ ਕਿ ਉਸਦੀ ਮੌਤ ਚਿੱਟੇ ਦੀ ਓਵਰਡੋਜ ਕਾਰਨ ਹੋਈ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ 'ਤੇ ਦੋਸ਼ ਲਾਉਂਦਿਆਂ ਕਿਹਾ ਇੱਕ ਪਾਸੇ ਉਹ ਨਸ਼ਾਬੰਦੀ ਲਈ ਲੱਗਾ ਪੱਕਾ ਮੋਰਚਾ ਇਹ ਕਹਿ ਕੇ ਚੁੱਕ ਲੈਣ ਦੀ ਸਲਾਹ ਦੇ ਰਹੇ ਹਨ ਕਿ ਚਿੱਟਾ ਖਤਮ ਹੋ ਚੁੱਕਾ ਹੈ ਤੇ ਦੂਜੇ ਪਾਸੇ ਹਰ ਰੋਜ਼ ਕੋਈ ਨਾ ਕੋਈ ਨੌਜਵਾਨ ਚਿੱਟੇ ਕਾਰਨ ਮੌਤ ਦੇ ਮੂੰਹ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਕੀਤੇ ਵਾਅਦੇ ਅਨੁਸਾਰ ਚਿੱਟੇ ਕਾਰਨ ਹੋ ਰਹੀਆਂ ਮੌਤਾਂ ਲਈ ਸਥਾਨਕ ਪੁਲਸ ਅਧਿਕਾਰੀ ਦੀ ਜ਼ਿੰਮੇਵਾਰੀ ਨਿਸਚਿਤ ਕਰੇ। ਗੁਰਸੇਵਕ ਸਿੰਘ ਜਵਾਰਹਕੇ ਨੇ ਕਿਹਾ ਕਿ ਪਰਮਿੰਦਰ ਸਿੰਘ ਸ਼ਹਿਰ ਦੀ ਸੰਘਣੀ ਅਬਾਦੀ ਦਾ ਨਾਗਰਿਕ ਸੀ, ਉਸਦੀ ਮੌਤ ਦਸਦੀ ਹੈ ਕਿ ਪੁਲਸ ਦੀ ਨੱਕ ਹੇਠ ਨਸ਼ਿਆਂ ਦੀ ਵਿਕਰੀ ਜਾਰੀ ਹੈ।

# ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਬੱਚਿਆਂ ਦਾ ਮੁਫ਼ਤ ਇਲਾਜ ਕਰਾਇਆ



**ਦੇਵੀਗੜ੍ਹ/ਪਟਿਆਲਾ (ਵਿਜੈ ਕੁਮਾਰ ਸ਼ਰਮਾ)**

ਸਿਵਲ ਸਰਜਨ ਪਟਿਆਲਾ ਡਾ ਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਅਨੁਜ ਬਾਂਸਲ ਦੀ ਅਗਵਾਈ ਵਿੱਚ ਸਿਹਤ ਬਲਾਕ ਦੁਧਨ ਸਾਧਾਂ ਦੀ ਰਾਸ਼ਟਰੀ ਬਾਲ ਸਵਾਸਥ ਪ੍ਰੋਗਰਾਮ ਟੀਮ ਵੱਲੋਂ ਸਰਕਾਰੀ ਸਕੂਲਾਂ ਤੇ ਆਂਗਣਵਾੜੀ ਸੈਂਟਰਾਂ ਵਿੱਚ ਜਮਾਂਦਰੂ ਦਿਲ ਦੀ ਬਿਮਾਰੀ (ਦਿਲ 'ਚ ਸੁਰਾਖ) ਤੋਂ ਪੀੜਤ ਬੱਚਿਆਂ ਦੀ ਪਛਾਣ ਕੀਤੀ ਗਈ ਹੈ।

ਰਾਸ਼ਟਰੀ ਬਾਲ ਸਵਸਥ ਟੀਮ ਦੇ ਡਾਕਟਰ ਪਾਵਨ ਰਿਸ਼ੀ, ਇਕਬਾਲ ਸਿੰਘ ਤੇ ਨੇਹਾ ਕਾਲੀਆ ਨੇ ਦੱਸਿਆ ਕਿ ਆਂਗਣਵਾੜੀ ਵਿੱਚ ਰਜਿਸਟਰਡ ਬੱਚਿਆਂ, ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਪਹਿਲੀ ਤੋਂ ਬਾਰ੍ਹਵੀਂ ਜਮਾਤ (18 ਸਾਲ ਤੱਕ) ਦੇ ਬੱਚਿਆਂ ਦਾ ਟੀਮ ਦੁਆਰਾ ਮੁਆਇਨਾ ਕੀਤਾ ਜਾਂਦਾ ਹੈ ਤੇ ਰੈਫਰ ਕੀਤੇ ਗਏ ਬੱਚਿਆਂ ਦੀ 38 ਬਿਮਾਰੀਆਂ ਦਾ ਇਲਾਜ ਸੂਚੀਬੱਧ ਪੀ.ਜੀ.ਆਈ. ਚੰਡੀਗੜ੍ਹ, ਡੀ.ਐਮ.ਸੀ/ ਸੀ.ਐਮ.ਸੀ. ਲੁਧਿਆਣਾ, ਫੋਰਟਿਸ, ਮਾਤਾ ਕੁਸ਼ੱਲਿਆ ਹਸਪਤਾਲ, ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਦਿਲ ਦੀ ਬਿਮਾਰੀ ਤੋਂ ਪੀੜਤ ਬੱਚੇ, ਜਿਨ੍ਹਾਂ ਦੇ ਦਿਲ 'ਚ ਸੁਰਾਖ ਸੀ ਵਿਸ਼ਾਲ ਸਪੁੱਤਰ ਮੋਨੂੰ, ਨੂਰਪਰੀਤ ਕੌਰ ਸਪੁੱਤਰੀ ਸੁਰਜੀਤ ਸਿੰਘ ਸਰਕਾਰੀ ਸਕੂਲ ਸਨੌਰ ਤੋਂ ਲਵਪ੍ਰੀਤ ਸਿੰਘ ਸਪੁੱਤਰ ਅਮਰੀਕ ਸਿੰਘ ਆਂਗਣਵਾੜੀ ਪਿੰਡ ਰਾਠੀਆ ਤੇ ਮਨਰੀਤ ਕੌਰ ਸਪੁੱਤਰੀ ਸੰਦੀਪ ਸਿੰਘ ਆਂਗਣਵਾੜੀ ਪਿੰਡ ਅਮਾਮਨਗਰ ਤੋਂ ਪੀ.ਜੀ.ਆਈ ਚੰਡੀਗੜ੍ਹ ਤੇ ਰਾਜਿੰਦਰਾ ਹਸਪਤਾਲ ਪਟਿਆਲਾ ਤੋਂ ਮੁਫ਼ਤ ਅਪ੍ਰੇਸ਼ਨ ਕਰਾਇਆ।

ਬਲਾਕ ਐਜੂਕੇਟਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਇਸ ਸਕੀਮ ਅਧੀਨ ਬੱਚਿਆਂ ਦੇ ਕੀਤੇ ਜਾਂਦੇ ਚੈੱਕਅਪ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ, ਸਿੱਖਿਆ ਵਿਭਾਗ, ਆਂਗਣਵਾੜੀ ਵਿਭਾਗ ਨਾਲ ਤਾਲਮੇਲ ਕੀਤਾ ਜਾਂਦਾ ਹੈ ਤਾਂ ਜੁ ਵੱਧ ਤੋਂ ਵੱਧ ਲੋੜਵੰਦ ਬੱਚਿਆਂ ਦਾ ਇਲਾਜ ਕੀਤਾ ਜਾ ਸਕੇ।

# ਸਮਾਰਟ ਚਿੱਪ ਮੀਟਰ ਲਗਾਉਣ ਦਾ ਕਿਰਤੀ ਕਿਸਾਨ ਯੂਨੀਅਨ ਵੱਲੋਂ ਵਿਰੋਧ

## ਚੋਟੀਆਂ 'ਚੋਂ ਸਮਾਰਟ ਮੀਟਰ ਪੁੱਟ ਕੇ ਐੱਸ ਡੀ ਓ ਦਫਤਰ ਜਮ੍ਹਾਂ ਕਰਵਾਏ



**ਗਿੱਦੜਬਾਹ (ਸ਼ਮਿੰਦਰਪਾਲ/ਪੂਜਾ)**

ਕਿਰਤੀ ਕਿਸਾਨ ਯੂਨੀਅਨ ਨੇ ਸਮਾਰਟ ਚਿੱਪ ਮੀਟਰ ਲਾਉਣ ਵਿਰੁੱਧ ਗਿੱਦੜਬਾਹਾ ਦਫਤਰ ਸਾਹਮਣੇ ਰੋਹ ਭਰਪੂਰ ਧਰਨਾ ਦਿੱਤਾ। ਯੂਨੀਅਨ ਨੇ ਚੋਟੀਆਂ ਪਿੰਡ ਵਿੱਚ ਲਗਾਏ ਸਮਾਰਟ ਮੀਟਰ ਨੂੰ ਪੁੱਟ ਕੇ ਧਰਨੇ ਦੌਰਾਨ ਐੱਸ ਡੀ ਓ ਦਫਤਰ ਵਿਖੇ ਜਮ੍ਹਾਂ ਕਰਵਾ ਕੇ ਪੁਰਾਣੇ ਇਲੈਕਟ੍ਰਾਨਕ ਮੀਟਰ ਲਗਾਉਣ ਦੀ ਮੰਗ ਕੀਤੀ। ਯੂਨੀਅਨ ਨੇ ਮਹਿਕਮੇ ਵੱਲੋਂ ਮੀਟਰਾਂ ਨੂੰ ਡੀ-ਕੋਡ ਦਿਖਾ ਕੇ ਲੋਕਾਂ ਨੂੰ ਹਜ਼ਾਰਾਂ ਰੁਪਏ ਦੇ ਜੁਰਮਾਨੇ ਕਰਨ ਦਾ ਵੀ ਜ਼ੋਰਦਾਰ ਵਿਰੋਧ ਕੀਤਾ।

ਧਰਨੇ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਦੇ ਪ੍ਰਧਾਨ ਬਲਜੀਤ ਰੋਡੇ ਤੇ ਬਲਾਕ ਗਿੱਦੜਬਾਹ ਪ੍ਰਧਾਨ ਜਗਮੀਤ ਸਿੰਘ ਕੋਟਲੀ ਅਬਲੂ ਨੇ ਕਿਹਾ ਕਿ ਅਸਲ ਵਿੱਚ ਸਰਕਾਰ ਬਿਜਲੀ ਦੇ ਵੰਡ ਖੇਤਰ ਨੂੰ ਕਾਰਪੋਰੇਟ ਦੇ ਹਵਾਲੇ ਕਰਨ ਦੀ ਨੀਤੀ ਤਹਿਤ ਸਮਾਰਟ ਚਿੱਪ ਮੀਟਰ ਲਗਾਉਣ ਦੇ ਰਾਹ ਤੁਰੀ ਹੈ। ਇਸ ਨੀਤੀ ਨਾਲ ਬਿਜਲੀ ਖੇਤਰ ਦਾ ਮੁਕੰਮਲ ਨਿੱਜੀਕਰਨ ਹੋ ਜਾਵੇਗਾ, ਸਿੱਟੇ ਵਜੋਂ ਲੋਕਾਂ ਨੂੰ ਮਿਲਦੀਆਂ ਸਬਸਿਡੀਆਂ ਤੇ ਰਾਹਤਾਂ ਦਾ ਭੋਗ ਪੈ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਉਂਝ ਤਾਂ ਬਿਜਲੀ ਸੰਵਿਧਾਨ ਵਿੱਚ ਸੂਬਿਆਂ ਦਾ ਅਧਿਕਾਰ ਖੇਤਰ ਹੈ, ਪ੍ਰੰਤੂ ਕੇਂਦਰ ਦੀ ਭਾਜਪਾ ਸਰਕਾਰ ਕਾਰਪੋਰੇਟ ਦੀ ਸੇਵਾ ਵਿੱਚ ਸੰਵਿਧਾਨਕ ਨਿਯਮਾਂ ਨੂੰ ਛਿੱਕੇ ਟੰਗ ਕੇ ਬਿਜਲੀ ਐਕਟ ਵਿੱਚ ਸੋਧ ਕਰਕੇ ਮੁਕੰਮਲ ਨਿੱਜੀਕਰਨ ਦੇ ਰਾਹ ਤੁਰੀ ਹੋਈ ਹੈ। ਕਿਸਾਨਾਂ-ਮਜ਼ਦੂਰਾਂ ਦੇ ਸੰਘਰਸ਼ ਦੇ ਚੱਲਦਿਆਂ ਭਾਵੇਂ ਸੋਧ ਬਿੱਲ ਸੰਸਦੀ ਕਮੇਟੀ ਨੂੰ ਭੇਜ ਦਿੱਤਾ ਗਿਆ ਹੈ, ਪਰ ਸਰਕਾਰ ਨੇ ਸਮਾਰਟ ਚਿੱਪ ਮੀਟਰ ਲਾਉਣ ਦੀ ਲੋਕ ਵਿਰੋਧੀ ਮੁਹਿੰਮ ਵਿੱਢ ਦਿੱਤੀ ਹੈ। ਪੰਜਾਬ ਸਰਕਾਰ ਇਸ ਮੁਹਿੰਮ ਵਿੱਚ ਮੋਦੀ ਸਰਕਾਰ ਦੀ ਹੱਥ ਠੋਕਾ ਬਣ ਕੇ ਲੋਕਾਂ ਵਿਰੁੱਧ ਭੁਗਤ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਸਮਾਰਟ ਚਿੱਪ ਮੀਟਰਾਂ ਦਾ ਵਿਰੋਧ ਕਰਨ ਦਾ ਫੈਸਲਾ ਹੈ।

ਇਕੱਠ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਮਹਿਕਮੇ ਦੇ ਉੱਚ ਅਧਿਕਾਰੀਆਂ ਦੇ ਦਬਾਉ ਥੱਲੇ ਲੋਕਾਂ ਦੇ ਠੀਕ ਠਾਕ ਚੱਲਦੇ ਮੀਟਰਾਂ ਨੂੰ ਡੀ-ਕੋਡ ਦਿਖਾ ਕੇ ਸਮਾਰਟ ਚਿੱਪ ਮੀਟਰਾਂ ਦੇ ਰੂਪ ਵਿੱਚ ਬਦਲਣ ਤੇ ਜੁਰਮਾਨੇ ਕਰਨ ਦੀ ਮੁਹਿੰਮ ਛੇੜੀ ਜਾ ਰਹੀ, ਜਿਸ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਮਹਿਕਮੇ ਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਪਿੰਡ 'ਚ ਜਬਰੀ ਚਿੱਪ ਵਾਲੇ ਮੀਟਰ ਲਗਾਉਣ ਦੀ ਕੋਸ਼ਿਸ਼ ਕੀਤੀ ਤਾਂ ਜਥੇਬੰਦੀ ਵੱਲੋਂ ਅਧਿਕਾਰੀਆਂ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਦਵਿੰਦਰ ਸਿੰਘ ਲਬਾਣੇ ਵਾਲੀ, ਗੁਰਜੀਤ ਸਿੰਘ ਲਬਾਣੇ ਵਾਲੀ, ਤਰਸੇਮ ਸਿੰਘ ਚੋਟੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਮੌਜੂਦ ਸਨ।

# ਮੁਕਤਸਰ ਸਾਹਿਬ ਵਿਖੇ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਅੱਜ ਤੋਂ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਖੇਡਾਂ ਵਤਨ ਪੰਜਾਬ ਦੀਆਂ 2023 ਸੀਜ਼ਨ-2 ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀਆਂ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦੀ ਸ਼ੁਰੂਆਤ 26 ਸਤੰਬਰ ਨੂੰ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਹੋਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਰੂਹੀ ਦੁੱਗ, ਆਈ.ਏ.ਐਸ. ਡਿਪਟੀ ਕਮਿਸ਼ਨਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2023 ਸੀਜ਼ਨ-2 ਦਾ ਆਯੋਜਨ ਖੇਡਾਂ ਦੇ ਪੱਧਰ ਨੂੰ ਉੱਚਾ ਚੁੱਕਣ, ਪ੍ਰਤਿਭਾ ਤੇ ਹੁਨਰ ਦੀ ਭਾਲ ਕਰਨਾ, ਭਾਈਚਾਰਾ ਤੇ ਸਦਭਾਵਨਾ ਪੈਦਾ ਕਰਨ, ਵੱਧ ਤੋਂ ਵੱਧ ਵਸਨੀਕਾਂ/ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪੱਧਰੀ ਖੇਡਾਂ 26 ਸਤੰਬਰ ਤੋਂ 02 ਅਕਤੂਬਰ ਤੱਕ ਕਰਾਈਆਂ ਜਾ ਰਹੀਆਂ ਹਨ ਤੇ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਨਾਂਅ ਰਜਿਸਟਰਡ ਕਰ ਸਕਦੇ ਹਨ। ਇਸ ਮੌਕੇ ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੇ ਵਿਭਾਗ ਨਾਲ ਸਬੰਧਤ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਣ ਤੇ ਖੇਡਾਂ ਦੌਰਾਨ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ, ਐਂਬੂਲੈਂਸ ਸਮੇਤ ਮੈਡੀਕਲ ਟੀਮ, ਖਿਡਾਰੀਆਂ ਦੀ ਰਜਿਸਟ੍ਰੇਸ਼ਨ, ਸਾਫ਼-ਸਫਾਈ ਦੇ ਪ੍ਰਬੰਧ, ਪੀਣ ਵਾਲੇ ਪਾਣੀ, ਫਾਇਰ ਬਰੀਗੇਡ, ਬਿਜਲੀ ਦੀ ਨਿਰਵਿਘਨ ਸਪਲਾਈ ਆਦਿ ਹੋਰ ਲੋੜੀਂਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਕੀਤੀਆਂ।

# ਬਰੇ ਸਾਹਿਬ ਦੀ ਟੀਮ ਨੇ ਚੀਮਾ ਕਬੱਡੀ ਕੱਪ 'ਚ ਜਿੱਤਿਆ

**ਚੀਮਾ ਮੰਡੀ (ਰਵਿੰਦਰ ਚੀਮਾ)**-ਬਾਬਾ ਭੋਲਾ ਗਿਰ ਸਪੋਰਟਸ ਕਲੱਬ ਵੱਲੋਂ ਕਰਵਾਏ ਗਏ ਕਬੱਡੀ ਕੱਪ ਵਿੱਚ ਓਪਨ ਦੀ ਬਰੇ ਸਾਹਿਬ ਦੀ ਟੀਮ ਨੇ ਪਹਿਲਾ ਇੱਕ ਲੱਖ ਰੁਪਏ ਦਾ ਇਨਾਮ ਜਿੱਤਿਆ ਅਤੇ ਪਿੰਡ ਖੀਵਾ ਦੀ ਓਪਨ ਦੀ ਟੀਮ ਨੇ ਪਚੱਤਰ ਹਜ਼ਾਰ ਰੁਪਏ ਦਾ ਇਨਾਮ ਜਿੱਤ ਕੇ ਦੂਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਕਲੱਬ ਪ੍ਰਧਾਨ ਕਾਕਾ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਸ ਕੱਪ ਵਿੱਚ ਓਪਨ ਦੀਆਂ 42 ਟੀਮਾਂ ਨੇ ਭਾਗ ਲਿਆ। ਇਸ ਮੌਕੇ ਉਨ੍ਹਾ ਦੱਸਿਆ ਕਿ ਵੈਸਟ ਰੇਡਰ ਦਾ ਇਨਾਮ 15 ਹਜ਼ਾਰ ਰੁਪਏ ਗੁਰਪ੍ਰੀਤ ਬਰੇ ਸਾਹਿਬ ਨੇ ਅਤੇ ਬੈਸਟ ਜਾਫੀ ਦਾ ਇਨਾਮ 15000 ਰੁਪਏ ਥੋਰੀ ਬਾਸੋਆਣ ਨੇ ਜਿੱਤਿਆ। ਉਨ੍ਹਾ ਕਿਹਾ ਕਿ ਇਹ ਕੱਪ ਹਰ ਸਾਲ ਕਰਵਾਇਆ ਜਾਂਦਾ ਹੈ, ਤਾਂ ਕਿ ਨੌਜਵਾਨ ਨਸ਼ਿਆਂ ਤੋਂ ਬਚੇ ਰਹਿਣ ਤੇ ਪਿੰਡ ਦਾ ਸਹਿਯੋਗ ਦੇਣ ਲਈ ਖਾਸ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਜਗਜੀਤ ਸਿੰਘ ਕਾਕਾ ਵੀਰ ਜੀ ਜਨਮ ਸਥਾਨ ਸਤਿਗੁਰੂ ਵਾਲੀਆ ਜਗਤ ਜੀਤ ਸਿੰਘ ਜਗਤਜੀਤ ਇੰਡਸਟਰੀ, ਰਵਿੰਦਰ ਬਾਂਸਲ ਚੇਅਰਮੈਨ ਮਾਡਰਨ ਕਾਲਜ ਬੀਰ ਕਲਾਂ, ਜਸਵੀਰ ਸਿੰਘ ਚੇਅਰਮੈਨ ਪੀ.ਪੀ.ਐੱਸ. ਸਕੂਲ, ਦਰਸ਼ਨ ਸਿੰਘ ਮਾਨ ਚੇਅਰਮੈਨ ਮਾਰਕੀਟ ਕਮੇਟੀ, ਕੁਲਦੀਪ ਸਿੰਘ ਸਿੱਧੂ, ਗੁਰਪ੍ਰੀਤ ਸਿੰਘ, ਬਹਾਦਰ ਸਿੰਘ, ਲਖਵਿੰਦਰ ਲੱਖੀ, ਨਿਰਭੈ ਸਿੰਘ, ਬੀਰਬਲ ਸਿੰਘ, ਬਾਬਾ ਹਰਬੰਸ ਸਿੰਘ ਪੱਕਾ ਡੇਰਾ ਗੋਲੂ ਪਹਿਲਵਾਨ, ਲਖਬੀਰ ਸਿੰਘ ਐੱਸ ਐੱਚ ਓ ਥਾਣਾ ਚੀਮਾ, ਫਿਲਮੀ ਲੇਖਕ ਰਾਜੂ ਵਰਮਾ, ਅਨਮੋਲ ਵਰਮਾ, ਅਮਰੀਕ ਸਿੰਘ, ਕੁਲਵਿੰਦਰ ਸਿੰਘ ਕਾਲਾ ਮੋਤੇਕ, ਜਗਤਾਰ ਸਿੰਘ, ਮੀਤ ਸਿੰਘ, ਕੁਲਵਿੰਦਰ ਵਪਾਰੀ, ਗੁਰਦੀਪ ਔਲਖ, ਜਗਰਾਜ ਗਾਜੀ, ਭੋਲਾ ਸਿੰਘ, ਮਿੱਠਾ ਸਿੰਘ ਆਦਿ ਹਾਜ਼ਰ ਸਨ।



# ਤੰਧਾ ਬੱਧਾ ਕੁਸ਼ਤੀ ਦੰਗਲ ਦੇ ਜੇਤੂਆਂ ਦਾ ਲਿਬੜਾ ਤੇ ਮਨੀ ਬੜਿੰਗ ਵੱਲੋਂ ਸਨਮਾਨ



ਚੇਅਰਮੈਨ ਅਜੇ ਲਿਬੜਾ ਤੇ ਆਪ ਦੇ ਆਗੂ ਮਨਿੰਦਰ ਸਿੰਘ ਮਨੀ ਬੜਿੰਗ ਮੋਹਤਬਰ ਵਿਅਕਤੀਆਂ ਦਾ ਸਨਮਾਨ ਕਰਦੇ ਹੋਏ।

**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਬਾਬਾ ਯਾਮੀ ਸ਼ਾਹ ਸਾਬਰੀ ਜੀ ਦੀ ਯਾਦ ਵਿੱਚ ਨਗਰ ਨਿਵਾਸੀਆਂ ਤੇ ਗ੍ਰਾਮ ਪੰਚਾਇਤ ਪਿੰਡ ਤੰਧਾ ਬੱਧਾ ਵੱਲੋਂ ਗੁੱਗਾ ਜਾਹਰ ਪੀਰ ਦੇ ਸਥਾਨ 'ਤੇ 26ਵਾਂ ਕੁਸ਼ਤੀ ਦੰਗਲ ਕਰਵਾਇਆ ਗਿਆ, ਜਿਸ ਦਾ ਉਦਘਾਟਨ ਚੇਅਰਮੈਨ ਅਜੈ ਸਿੰਘ ਲਿਬੜਾ ਨੇ ਪਹਿਲਵਾਨਾਂ ਦੀ ਹੱਥ ਮਲਾਈ ਕਰਕੇ ਕੀਤਾ, ਜਦੋਂਕਿ ਜੇਤੂ ਪਹਿਲਵਾਨਾਂ ਨੂੰ ਐੱਮ ਐੱਲ ਏ ਗੁਰਿੰਦਰ ਸਿੰਘ ਗੈਰੀ ਬੜਿੰਗ ਦੇ ਭਰਾ ਮਨਿੰਦਰ ਸਿੰਘ ਮਨੀ ਵੱਲੋਂ ਇਨਾਮ ਵੰਡੇ ਗਏ ਤੇ ਉਨ੍ਹਾਂ ਵੱਲੋਂ ਹਰ ਸੰਭਵ ਮਦਦ ਦੇਣ ਦਾ ਵਾਅਦਾ ਕੀਤਾ। ਝੰਡੀ ਦੀ ਕੁਸ਼ਤੀ ਸੋਨੂੰ ਰਾਈਏਵਾਲ ਨੇ ਗੋਰਾ ਰੌਣੀ ਨੂੰ ਚਿੱਤ ਕਰਕੇ ਜਿੱਤੀ। ਦੂਸਰੀ ਝੰਡੀ ਦੀ ਕੁਸ਼ਤੀ ਤਾਜ ਰੌਣੀ ਨੇ ਜੱਸਾ ਬੱਧਵਾਲ ਦੀ ਪਿੱਠ ਲਾ ਕੇ ਜਿੱਤ ਪ੍ਰਾਪਤ ਕੀਤੀ, ਉਥੇ ਹੀ ਕੁਸ਼ਤੀ ਦੰਗਲ 'ਚ ਨਾਮਵਰ ਅਖਾੜਿਆਂ ਦੇ ਪਹਿਲਵਾਨਾਂ ਨੇ ਭਾਗ ਲਿਆ। ਇਸ ਮੌਕੇ ਆਪ ਦੇ ਆਗੂ ਨਿਰਮਲ ਸਿੰਘ ਤੰਧਾ ਬੱਧਾ, ਰਣਜੀਤ ਸਿੰਘ ਕੋਟਲੀ, ਲਾਲ ਚੰਦ ਤੰਧਾ ਬੱਧਾ, ਕਰਮ ਸਿੰਘ ਤੰਧਾ ਬੱਧਾ ਨੇ ਆਏ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਸਨਮਾਨਤ ਵੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਿੰਦਰ ਸਿੰਘ ਭੱਟੋਂ, ਪ੍ਰਧਾਨ ਗੁਰਮੀਤ ਸਿੰਘ ਛੰਨਾ, ਰਣਜੀਤ ਕੋਟਲੀ, ਅਮਰ ਸਿੰਘ, ਬਲਵਿੰਦਰ ਸਿੰਘ ਰੁੜਕੀ, ਬਲਵੀਰ ਸਿੰਘ ਮਾਲੋਵਾਲ, ਗੁਰਮੀਤ ਸਿੰਘ ਪਹੇੜੀ, ਹਰਵਿੰਦਰ ਸਿੰਘ ਸ਼ੇਰਗੜ੍ਹ, ਅਮਰੀਕ ਸਿੰਘ ਰੌਣੀ, ਜਿੰਮੀ ਲਾਡਪੁਰ, ਅਮਨਦੀਪ ਧਰਮਗੜ੍ਹ, ਜਰਨੈਲ ਸਿੰਘ ਰਾਈਏਵਾਲ, ਰਾਜਿੰਦਰ ਸਿੰਘ ਟਿੱਬੀ ਆਦਿ ਹਾਜ਼ਰ ਸਨ।

# ਬਠਿੰਡਾ 'ਚ 'ਆਪ' ਦੀ ਵਲੰਟੀਅਰ ਮੀਟਿੰਗ ਮੁਹਿੰਮ ਨੇ ਧਾਰਿਆ ਰੈਲੀ ਦਾ ਰੂਪ




**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ, ਪਰਵਿੰਦਰਜੀਤ ਸਿੰਘ)**

ਆਮ ਆਦਮੀ ਪਾਰਟੀ ਵੱਲੋਂ ਆਉਣ ਵਾਲੀਆਂ ਲੋਕ ਸਭਾ, ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਪੂਰੇ ਪੰਜਾਬ ਵਿੱਚ ਵਲੰਟੀਅਰਜ ਮੀਟਿੰਗ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਸੁਰਿੰਦਰ ਸਿੰਘ ਬਿੱਟੂ ਜ਼ਿਲ੍ਹਾ ਪ੍ਰਧਾਨ ਬਠਿੰਡਾ ਸ਼ਹਿਰੀ ਅਤੇ ਜਤਿੰਦਰ ਸਿੰਘ ਭੱਲਾ ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਚੇਅਰਮੈਨ ਇੰਪਰੂਵਮੈਂਟ ਟਰੱਸਟ ਬਠਿੰਡਾ ਦੀ ਯੋਗ ਅਗਵਾਈ ਵਿੱਚ ਬਠਿੰਡਾ ਜ਼ਿਲ੍ਹੇ ਦੇ ਵਲੰਟੀਅਰਜ ਨਾਲ ਮੀਟਿੰਗ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪ੍ਰਿੰਸੀਪਲ ਬੁੱਧ ਰਾਮ ਕਾਰਜਕਾਰੀ ਪ੍ਰਧਾਨ ਪੰਜਾਬ ਵਿਧਾਇਕ ਬੁਢਲਾਡਾ, ਜਗਦੀਪ ਸਿੰਘ ਕਾਕਾ ਬਰਾੜ (ਉਪ ਪ੍ਰਧਾਨ ਪੰਜਾਬ )ਵਿਧਾਇਕ ਸ੍ਰੀ ਮੁਕਤਸਰ ਸਾਹਿਬ, ਬਲਜਿੰਦਰ ਕੌਰ ਵਿਧਾਇਕ ਤਲਵੰਡੀ ਸਾਬੋ (ਚੀਫ ਵਿਪ ਕੈਬਨਿਟ ਰੈਂਕ) ਸ਼ਮਿੰਦਰ ਸਿੰਘ ਖਿੰਡਾ ਸੂਬਾ ਸਕੱਤਰ ਪੰਜਾਬ, ਜਗਰੂਪ ਸਿੰਘ ਗਿੱਲ ਵਿਧਾਇਕ ਬਠਿੰਡਾ ਸ਼ਹਿਰੀ, ਬਲਕਾਰ ਸਿੱਧੂ ਵਿਧਾਇਕ ਰਾਮਪੁਰਾ ਫੂਲ, ਜਗਸੀਰ ਸਿੰਘ ਵਿਧਾਇਕ ਭੁੱਚੋ, ਅਮਿਤ ਰਤਨਉ ਵਿਧਾਇਕ ਬਠਿੰਡਾ ਦਿਹਾਤੀ, ਰਕੇਸ਼ ਪੁਰੀ ਲੋਕ ਸਭਾ ਇੰਚਾਰਜ ਚੇਅਰਮੈਨ ਵਣ ਵਿਭਾਗ ਪੰਜਾਬ, ਨੀਲ ਗਰਗ ਚੇਅਰਮੈਨ ਮੱਧਮ ਇੰਡਸਟਰੀ ਪੰਜਾਬ, ਨਵਦੀਪ ਜੀਦਾ ਚੇਅਰਮੈਨ ਸ਼ੂਗਰਫੈੱਡ ਪੰਜਾਬ, ਅਨਿਲ ਠਾਕੁਰ ਚੇਅਰਮੈਨ ਟ੍ਰਾਂਸਪੋਰਟ ਵਿਭਾਗ ਪੰਜਾਬ, ਬਲਜਿੰਦਰ ਕੌਰ ਪੰਜਾਬ ਪ੍ਰਧਾਨ ਮਹਿਲਾ ਵਿੰਗ, ਅੰਮ੍ਰਿਤ ਅਗਰਵਾਲ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਬਠਿੰਡਾ, ਟੇਕ ਸਿੰਘ ਬੰਗੀ ਚੇਅਰਮੈਨ ਮਾਰਕੀਟ ਕਮੇਟੀ ਤਲਵੰਡੀ, ਗੁਰਪ੍ਰੀਤ ਕੌਰ ਚੇਅਰਮੈਨ ਮਾਰਕੀਟ ਕਮੇਟੀ ਰਾਮਾ ਵਿਸ਼ੇਸ਼ ਤੌਰ 'ਤੇ ਪਹੁੰਚੇ।

ਮੀਟਿੰਗ ਵਿੱਚ ਜਤਿੰਦਰ ਸਿੰਘ ਭੱਲਾ ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ (ਚੇਅਰਮੈਨ ਇੰਪਰੂਵਮੈਂਟ ਟਰੱਸਟ ਬਠਿੰਡਾ) ਤੇ ਸੁਰਿੰਦਰ ਸਿੰਘ ਬਿੱਟੂ ਜ਼ਿਲ੍ਹਾ ਪ੍ਰਧਾਨ ਬਠਿੰਡਾ ਸ਼ਹਿਰੀ ਨੇ ਆਏ ਹੋਏ ਮਹਿਮਾਨਾਂ ਅਤੇ ਵਲੰਟੀਅਰਜ ਦਾ ਸਵਾਗਤ ਕੀਤਾ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਨੇ ਬਠਿੰਡਾ ਜ਼ਿਲ੍ਹੇ ਲਈ ਨਵ ਨਿਯੁਕਤ ਕੀਤੇ ਜ਼ਿਲ੍ਹਾ ਯੋਜਨਾ ਨੂੰ ਮੁਬਾਰਕਾਂ ਦਿੱਤੀਆਂ ਤੇ ਪਾਰਟੀ ਵਲੰਟੀਅਰਜ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਲਈ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਾਰਜਕਾਲ ਦੇ ਕੰਮਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿਰਫ਼ ਡੇਢ ਸਾਲ ਵਿੱਚ ਪੰਜਾਬ ਦੇ ਲੋਕਾਂ ਨਾਲ ਕੀਤੇ ਹੋਏ ਆਪਣੇ ਬਹੁਤ ਸਾਰੇ ਵਾਅਦੇ ਪੂਰੇ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨਹੀਂ ਚਾਹੁੰਦੀ ਕਿ ਆਮ ਘਰਾਂ ਦੇ ਬੱਚਿਆਂ ਨੂੰ ਚੰਗੀ ਵਿੱਦਿਆ ਅਤੇ ਬਜ਼ੁਰਗਾਂ ਨੂੰ ਸਿਹਤ ਸਹੂਲਤ ਹਾਸਲ ਹੋਵੇ। ਇਸੇ ਕਰਕੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਸਤਿੰਦਰ ਜੈਨ ਨੂੰ ਜਾਣ-ਬੁੱਝ ਕੇ ਸਰਾਬ ਘੋਟਾਲੇ ਦੇ ਨਾਂਅ ਜੇਲ੍ਹ ਵਿੱਚ ਬੰਦ ਕਰ ਰੱਖਿਆ ਹੈ।

ਇਸ ਮੌਕੇ ਪ੍ਰੋ. ਬਲਜਿੰਦਰ ਕੌਰ, ਜਗਦੀਪ ਸਿੰਘ ਕਾਕਾ ਬਰਾੜ, ਸਮਿੰਦਰ ਸਿੰਘ ਖਿੰਡਾ, ਜਗਰੂਪ ਸਿੰਘ ਗਿੱਲ, ਬਲਕਾਰ ਸਿੱਧੂ ਨੇ ਕਿਹਾ ਕਿ ਪਿਛਲੇ 70 ਸਾਲਾਂ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਹਿਲੇ ਸਾਲ ਵਿੱਚ ਹੀ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਸ਼ੁਰੂ ਕਰ ਦਿੱਤਾ ਤੇ ਨਿਯੁਕਤੀ ਪੱਤਰ ਮਿਲਣੇ ਸ਼ੁਰੂ ਹੋ ਗਏ। ਪਹਿਲੇ ਸਾਲ ਹੀ ਆਮ ਘਰਾਂ ਦੇ ਬਿਜਲੀ ਦੇ ਬਿੱਲ ਜ਼ੀਰੋ ਆਉਣ ਲੱਗ ਪਏ। ਉਨ੍ਹਾਂ ਕਿਹਾ ਕਿ ਅੱਜ ਤੱਕ ਕਦੇ ਸੁਣਿਆ ਸੀ ਕਿ ਆਮ ਘਰਾਂ ਦੇ ਧੀਆਂ ਪੁੱਤਰ ਮਾਰਕਿਟ ਕਮੇਟੀ ਜਾਂ ਪੰਜਾਬ ਅਦਾਰਿਆਂ ਦੇ ਚੇਅਰਮੈਨ ਬਣੇ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਆਮ ਘਰਾਂ ਦੇ ਧੀਆਂ-ਪੁੱਤਰਾਂ ਨੂੰ ਚੇਅਰਮੈਨ ਲਾਇਆ ਗਿਆ ਹੈ।

# ਸ਼ੇਖ਼ ਫ਼ਰੀਦ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਗੁਰਮਤਿ ਸਮਾਗਮ ਹੋਇਆ



**ਸੰਗਰੂਰ (ਪ੍ਰਵੀਨ ਸਿੰਘ)**-ਗੁਰਦੁਆਰਾ ਸਾਹਿਬ ਹਰਿਗੋਬਿੰਦ ਪੁਰਾ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਪ੍ਰਚਾਰਕ, ਰਾਗੀ, ਗ੍ਰੰਥੀ ਸਭਾ ਦੇ ਸਹਿਯੋਗ ਨਾਲ ਸ਼ੇਖ਼ ਫਰੀਦ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਵਿਸ਼ੇਸ਼ ਗੁਰਮਤਿ ਸਮਾਗਮ ਜਗਤਾਰ ਸਿੰਘ ਪ੍ਰਧਾਨ, ਹਰਪ੍ਰੀਤ ਸਿੰਘ ਪ੍ਰੀਤ, ਕੁਲਬੀਰ ਸਿੰਘ ਦੀ ਦੇਖ-ਰੇਖ ਹੇਠ ਆਯੋਜਤ ਕੀਤਾ ਗਿਆ। ਇਸ ਮੌਕੇ ਭਾਈ ਭੋਲਾ ਸਿੰਘ ਹੈੱਡ ਗ੍ਰੰਥੀ ਤੇ ਇਸਤਰੀ ਸਤਿਸੰਗ ਸਭਾ ਵੱਲੋਂ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਹੋਏ ਕੀਰਤਨ ਦਰਬਾਰ ਵਿੱਚ ਭਾਈ ਸਵਰਨ ਸਿੰਘ ਜੋਸ਼ ਤੇ ਭਾਈ ਗੁਰਧਿਆਨ ਸਿੰਘ, ਤਰਨਜੀਤ ਸਿੰਘ ਦੇ ਜਥਿਆਂ ਨੇ ਭਗਤ ਫ਼ਰੀਦ ਜੀ ਦੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਸੁਰਿੰਦਰ ਪਾਲ ਸਿੰਘ ਸਿਦਕੀ ਐਡੀਸਨਲ ਚੀਫ ਸਕੱਤਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਭਗਤ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਫ਼ਰੀਦ ਜੀ ਦੇ ਸਲੋਕਾਂ ਵਿੱਚੋਂ ਮਨੁੱਖਾ ਜਨਮ, ਆਦਰਸ਼, ਪ੍ਰਭੂ ਮਿਲਾਪ ਆਦਿ ਦੀਆਂ ਮਿਲਦੀਆਂ ਪ੍ਰੇਰਨਾਵਾਂ ਦਾ ਜ਼ਿਕਰ ਕੀਤਾ। ਸਮਾਗਮ ਲਈ ਗੁਰਮਤਿ ਰਾਗੀ ਗ੍ਰੰਥੀ ਸਭਾ ਵੱਲੋਂ ਗੁਰਪ੍ਰੀਤ ਸਿੰਘ ਰਾਮਪੁਰਾ, ਕੁਲਵੰਤ ਸਿੰਘ ਬੁਰਜ, ਮਲਕੀਤ ਸਿੰਘ, ਪਰਮਿੰਦਰ ਸਿੰਘ, ਪਲਵਿੰਦਰ ਸਿੰਘ ਤੋਂ ਇਲਾਵਾ ਸੁਖਪਾਲ ਸਿੰਘ ਗਰੇਵਾਲ, ਹਰਮਨਜੋਤ ਸਿੰਘ ਹੈਰੀ, ਭਰਪੂਰ ਸਿੰਘ ਗੋਲਡੀ, ਗੁਰਪ੍ਰੀਤ ਸਿੰਘ ਗੋਪੀ, ਚਰਨਕਮਲ ਸਿੰਘ ਸੇਖੋਂ, ਜਤਿੰਦਰ ਪਾਲ ਸਿੰਘ ਟੀਟੂ, ਸਮਰਪ੍ਰੀਤ ਸਿੰਘ, ਰਾਜ ਕੁਮਾਰ ਰਾਜੂ ਆਦਿ ਨੇ ਵੱਖ-ਵੱਖ ਸੇਵਾਵਾਂ ਨਿਭਾਈਆਂ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਭੈਣੀ ਸਾਹਿਬ 'ਚ ਜੁੜ ਬੈਠੇ ਲੇਖਕਾਂ ਨੇ ਪੇਸ਼ ਕੀਤੀਆਂ ਦਿਲਚਸਪ ਵੰਨਗੀਆਂ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਦੀ ਮਹੀਨਾਵਾਰ ਮੀਟਿੰਗ ਨਿਊ ਹਾਲ ਲਾਟੋਂ ਰੋਡ ਵਿਖੇ ਹੋਈ, ਜਿੱਥੇ ਲੇਖਕ, ਸਾਹਿਤਕਾਰ ਤੇ ਸਾਹਿਤ ਰਸੀਏ ਜੁੜ ਬੈਠੇ। ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਨੇ ਆਏ ਲੇਖਕਾਂ ਦਾ ਬਹੁਤ ਹੀ ਨਿਮਰਤਾ ਨਾਲ ਸਵਾਗਤ ਕੀਤਾ। ਆਪਣੇ ਸਵਾਗਤੀ ਸ਼ਬਦਾਂ ਅਤੇ ਉਨ੍ਹਾਂ ਦੇ ਨਿਮਰ ਸੁਭਾਅ ਨੇ ਸਾਰੀਆਂ ਦਾ ਮਨ ਮੋਹ ਲਿਆ। ਰਚਨਾਵਾਂ ਦਾ ਦੌਰ ਸ਼ੁਰੂ ਹੋਇਆ, ਤਾਂ ਵਾਰੀ ਵਾਰੀ ਸਿਰ ਸਾਰੀਆਂ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਕੁਝ ਨੇ ਰਚਨਾਵਾਂ ਦੀ ਸ਼ਲਾਘਾ ਕੀਤੀ ਤੇ ਕੁਝ ਰਚਨਾਵਾਂ ਵਿੱਚ ਸੋਧ ਦੀਆਂ ਸਿਫ਼ਾਰਸ਼ਾਂ ਹੋਈਆਂ। ਗ਼ਜ਼ਲਾਂ, ਗੀਤਾਂ ਤੇ ਨਜ਼ਮਾਂ ਦਾ ਦਿਲਚਸਪ ਦੌਰ ਲੰਮਾਂ ਸਮਾਂ ਚੱਲਦਾ ਰਿਹਾ ਅਤੇ ਹਾਜ਼ਰੀਨ ਪੇਸ਼ਕਾਰੀਆਂ ਦਾ ਲੁਤਫ਼ ਉਠਾਉਂਦੇ ਰਹੇ। ਸ਼ੁਰੂਆਤੀ ਦੌਰ ਵਿੱਚ ਗ਼ਜ਼ਲਗੋ ਹਰਜਿੰਦਰ ਬੱਲ, ਉਭਰਦੇ ਗਾਇਕ ਅਰਮਾਨ ਸਿੱਧੂ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਸਭਾ ਵੱਲੋਂ ਸ਼ੋਕ ਮਤਾ ਪਾਇਆ ਗਿਆ। ਗੀਤਕਾਰ ਬਾਪੂ ਦੇਵ ਥਰੀਕੇ ਵਾਲੇ ਨੂੰ ਉਨ੍ਹਾਂ ਦੇ 85ਵੇਂ ਜਨਮ ਦਿਨ 'ਤੇ ਯਾਦ ਕੀਤਾ ਗਿਆ। ਰਚਨਾਵਾਂ ਦੇ ਦੌਰ ਵਿੱਚ ਅਨਿਲ ਫ਼ਤਿਹਗੜ੍ਹ ਜੱਟਾਂ ਨੇ, ਸੋਚ ਲਿਓ (ਗ਼ਜ਼ਲ) ਜਸਵੀਰ ਝੱਜ ਨੇ 'ਹਰਿਆ ਬੂਟ' (ਗੀਤ), ਗ਼ਜ਼ਲਗੋ ਸਰਦਾਰ ਪੰਛੀ ਨੇ, ਭਾਈ ਘਨ੍ਹਈਆ (ਗ਼ਜ਼ਲ) ਜੋਰਾਵਰ ਪੰਛੀ ਨੇ, ਨਦੀ ਮਿਲ ਕੇ ਸਮੰਦਰ ਹੋ ਗਈ (ਗ਼ਜ਼ਲ) ਕਰਨੈਲ ਸਿਵੀਆਂ ਨੇ 'ਰੱਬ ਦਾ ਸ਼ੁਕਰ' (ਗੀਤ) ਸ੍ਰੀ ਸੋਮਨਾਥ ਸਿੰਘ ਨੇ, ਮਾਂ ਬੋਲੀ (ਗੀਤ) ਬਲਵੰਤ ਸਿੰਘ ਵਿਰਕ ਨੇ, ਮਾਂ (ਗੀਤ) ਦਲਵੀਰ ਸਿੰਘ ਕਲੇਰ ਨੇ, ਮੈਂ ਸੰਨ ਸੰਤਾਲੀ ਹਾਂ, (ਗੀਤ) ਮਨਜੀਤ ਘਣਗਸ ਨੇ ਵਹਿਮ ਭਰਮ (ਗੀਤ) ਹਰਬੰਸ ਸਿੰਘ ਰਾਏ ਨੇ, ਅਵਾਰਾ ਕੁੱਤੇ (ਗੀਤ) ਗੁਰਸੇਵਕ ਸਿੰਘ ਢਿੱਲੋਂ ਨੇ, ਦੇਵ ਥਰੀਕੇ ਵਾਲਾ (ਗੀਤ) ਨੇਤਰ ਸਿੰਘ ਮੁੱਤੋ ਨੇ, ਸ਼ੈਤਾਨ ਮਨ (ਕਵਿਤਾ), ਜਗਵੀਰ ਸਿੰਘ ਵਿੱਕੀ ਨੇ, ਪਸੰਦ (ਗੀਤ) ਜਗਦੇਵ ਮਕਸੂਦੜਾ ਨੇ, ਕਾਸ਼ (ਗ਼ਜ਼ਲ) ਸ਼ਿੰਦਰ ਕੌਰ ਦਿੱਲੀ ਨੇ, ਢੱਠਾ ਖੂਹ (ਕਵਿਤਾ) ਪੰਮੀ ਹਬੀਬ ਨੇ, ਦਾਲ ਕਰਾਰੀ (ਮਿੰਨੀ ਕਹਾਣੀ ) ਹਜ਼ਾਰਾ ਸਿੰਘ ਗਿੱਲ ਨੇ ਗੜ੍ਹੀ ਚਮਕੌਰ (ਕਵਿਤਾ), ਜਗਜੀਤ ਸਿੰਘ ਕਮਾਂਡੋ ਨੇ, ਅਹਿਸਾਸ (ਕਵਿਤਾ) ਦਲਜੀਤ ਸਿੰਘ ਬਿਲੇ ਨੇ, ਮਾਂ (ਗੀਤ) ਤਰਨ ਬੱਲ ਨੇ (ਕਹਾਣੀ) ਆਦਿਕ ਰਚਨਾਵਾਂ ਪੇਸ਼ ਕੀਤੀਆਂ। ਪੜ੍ਹੀਆਂ-ਸੁਣੀਆਂ ਰਚਨਾਵਾਂ 'ਤੇ ਗ਼ਜ਼ਲਗੋ ਸਰਦਾਰ ਪੰਛੀ, ਸ੍ਰੀ ਜਸਵੀਰ ਝੱਜ, ਗੀਤਕਾਰ ਕਰਨੈਲ ਸਿਵੀਆ, ਰਾਮਪੁਰ ਲਿਖਾਰੀ ਸਭਾ ਦੇ ਪ੍ਰਧਾਨ ਅਨਿਲ ਫਤਿਹਗੜ੍ਹ ਜੱਟਾਂ, ਗੁਰਸੇਵਕ ਸਿੰਘ ਢਿੱਲੋਂ, ਹਰਬੰਸ ਸਿੰਘ ਰਾਏ ਆਦਿਕ ਨੇ ਉਸਾਰੂ ਵਿਚਾਰ ਚਰਚਾ ਕੀਤੀ। ਕਹਾਣੀਕਾਰ ਤਰਨ ਬੱਲ ਤੇ ਜਗਵੀਰ ਸਿੰਘ ਵਿੱਕੀ ਨੇ ਸਭਾ ਦੀ ਕਾਰਵਾਈ ਨੂੰ ਬਹੁਤ ਖੂਬਸੂਰਤ ਤਰੀਕੇ ਨਾਲ ਚਲਾਇਆ। ਗੁਰਸੇਵਕ ਸਿੰਘ ਢਿੱਲੋਂ ਨੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

**UJJIVAN SMALL FINANCE BANK** ਦੂਜੀ ਮੰਜ਼ਲ, ਜੀ ਐੱਮ ਟੀ ਟੀ ਬਿਲਡਿੰਗ, ਡੀ-7, ਸੈਕਟਰ 3 ਨੋਇਡਾ ਯੂ ਪੀ -201301

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ) ਰੂਲ 8 (1)**

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਤਹਿਤ ਉਜੀਵਨ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ/ ਗਰੰਟਰ ਨੂੰ ਹੇਠਾਂ ਦਰਸਾਈਆਂ ਮਿਤੀਆਂ 'ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਕਰਜ਼ਦਾਰਾਂ/ਗਰੰਟਰਾਂ ਨੂੰ ਸੰਬੰਧਤ ਡਿਮਾਂਡ ਨੋਟਿਸ ਦੀ ਦਰਸਾਈ ਰਕਮ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ। ਕਰਜ਼ਦਾਰ/ਸਹਿ-ਕਰਜ਼ਦਾਰਾਂ/ ਰਹਿਣਕਾਰਾਂ ਰਕਮ ਵਾਪਸ ਮੋੜਨ 'ਚ ਨਾਕਾਮ ਰਹੇ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਿਟੀ ਇੰਟਰੈਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4, ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਮਿਤੀਆਂ 'ਤੇ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ। ਉਪਲੱਬਧ ਸਮੇਂ 'ਚ ਸਕਿਉਰਡ ਅਸੈੱਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕੀਤੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਉਜੀਵਨ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਹੇਠਾਂ ਦਰਸਾਈਆਂ ਰਕਮਾਂ, ਵਿਆਜ ਦੇ ਨਾਲ-ਨਾਲ ਹਰੇਕ ਖਾਤੇ ਵਿਰੁੱਧ ਚਾਰਜਿਜ/ਖਰਚਿਆਂ ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ/ ਰਹਿਣਕਾਰ ਦਾ ਨਾਂਅ ਤੇ ਪਤਾ | ਅਚੱਲ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ ਅਤੇ ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ ਅਨੁਸਾਰ ਰਕਮ |
|---|---|---|---|
| (1) ਰਾਮ ਅਧਾਰ ਪੁੱਤਰ ਨੰਦੂ ਚੌਹਾਨ, ਵਾਸੀ ਮਕਾਨ ਨੰਬਰ 947, ਵਾਰਡ ਨੰਬਰ 10, ਤਾਜਪੁਰ ਰੋਡ, ਪੁਨੀਤ ਨਗਰ, ਲੁਧਿਆਣਾ, ਪੰਜਾਬ-141010, ਨਾਲ ਹੀ ਮੈਸ: ਊਸ਼ਾ ਗਾਰਮੈਂਟਸ, ਮਕਾਨ ਨੰਬਰ 947, ਵਾਰਡ ਨੰਬਰ 10, ਤਾਜਪੁਰ ਰੋਡ, ਪੁਨੀਤ ਨਗਰ, ਲੁਧਿਆਣਾ, ਪੰਜਾਬ-141010, (2) ਊਸ਼ਾ ਦੇਵੀ ਪਤਨੀ ਰਾਮ ਅਧਾਰ, ਵਾਸੀ ਮਕਾਨ ਨੰਬਰ 947, ਵਾਰਡ ਨੰਬਰ 10, ਤਾਜਪੁਰ ਰੋਡ, ਪੁਨੀਤ ਨਗਰ, ਲੁਧਿਆਣਾ, ਪੰਜਾਬ-141010, ਨਾਲ ਹੀ -ਮਕਾਨ ਨੰਬਰ 947, ਗਲੀ ਨੰਬਰ 1, ਵਾਰਡ ਨੰਬਰ 7, ਨਿਊ ਪੁਨੀਤ ਨਗਰ, ਲੁਧਿਆਣਾ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007, ਨਾਲ ਹੀ ਮਕਾਨ ਨੰਬਰ 947, ਪੁਨੀਤ ਨਗਰ, ਵਾਰਡ ਨੰਬਰ 12, ਲੁਧਿਆਣਾ, ਪੰਜਾਬ-141007, ਕਰਜ਼ਾ ਖਾਤਾ ਨੰਬਰ 2275210180000001 | ਪਲਾਟ ਰਕਬਾ 51-1/2 ਵਰਗ ਗਜ਼, ਖੱਤਾ ਨੰਬਰ 424/460, ਖਸਰਾ ਨੰਬਰ 39//22/2, 23/2, 24/2, 25/2, 40//21/2, 22/2, 41//1/1, 2/1, 42//2/1, 1/1, 3/1, 4/1, 5/1, ਜਮ੍ਹਾਂਬੰਦੀ ਸਾਲ 1996-1997 ਪਿੰਡ ਕੁਲੀਏਵਾਲ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁੱਝ । ਹੱਦਾਂ : ਪੂਰਬ-ਗੁਆਂਢੀ, ਪੱਛਮ : ਗਲੀ, ਉੱਤਰ : ਗੁਆਂਢ, ਦੱਖਣ : ਗੁਆਂਢ। | ਡਿਮਾਂਡ ਨੋਟਿਸ ਦੀ ਮਿਤੀ : 26-06-2023 ਕਬਜ਼ੇ ਦੀ ਮਿਤੀ : 21-09-2023 | 20-06-2023 ਨੂੰ ਰੁਪਏ 11,02,015/- ਅਤੇ ਇਸ ਉੱਪਰ ਵਿਆਜ |

ਮਿਤੀ : 26/09/2023 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

# ਪੁਲਸ ਅੱਤਿਆਚਾਰ ਖਿਲਾਫ 9 ਨੂੰ ਕਰਾਂਗੇ ਰੋਸ ਮੁਜ਼ਾਹਰਾ : ਝੋਰੜਾਂ/ਤਲਵੰਡੀ/ਧਾਲੀਵਾਲ

■ ਅਧਿਕਾਰੀ ਕਰ ਰਹੇ ਨੇ ਕੌਮੀ ਕਮਿਸ਼ਨ ਦੀ ਤੌਹੀਨ : ਰਸੂਲਪੁਰ



**ਜਗਰਾਉਂ (ਨਛੱਤਰ ਸੰਧੂ, ਅਮਿਤ ਖੰਨਾ)**-ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਸੀਟੂ ਆਗੂ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਬੀਤੇ ਦਿਨ ਥਾਣਾ ਸਿਟੀ ਜਗਰਾਉਂ ਮੂਹਰੇ ਪੱਕੇ ਮੋਰਚੇ ਵਿੱਚ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਵੱਲੋਂ ਜਾਰੀ ਅਦੇਸ਼ਾਂ ਨੂੰ ਜਾਣਬੁੱਝ ਕੇ ਅਣਗੌਲਿਆ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਕ ਕਮਿਸ਼ਨ ਦੀ ਜਾਣਬੁੱਝ ਕੇ ਕੀਤੀ ਜਾ ਰਹੀ ਤੌਹੀਨ ਖਿਲਾਫ 9 ਅਕਤੂਬਰ ਨੂੰ ਜ਼ਿਲ੍ਹਾ ਪੁਲਸ ਮੁਖੀ ਦੇ ਦਫਤਰ ਵੱਲ ਰੋਸ-ਮੁਜ਼ਾਹਰਾ ਕੀਤਾ ਜਾਵੇਗਾ, ਜਿਸ ਦੀ ਤਿਆਰੀ ਵਜੋਂ 1 ਅਕਤੂਬਰ ਨੂੰ ਪੱਕੇ ਮੋਰਚੇ ਵਿੱਚ ਧਰਨਾਕਾਰੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਬੁਲਾਈ ਗਈ ਹੈ। ਤਰਲੋਚਨ ਸਿੰਘ ਝੋਰੜਾਂ ਨੇ ਇਹ ਵੀ ਦੱਸਿਆ ਕਿ ਧਰਨਾਕਾਰੀ ਜਮਹੂਰੀ ਲੋਕ 9 ਅਕਤੂਬਰ ਨੂੰ ਹਲਕਾ ਵਿਧਾਇਕ ਖਿਲਾਫ ਐੱਨ ਆਰ ਆਈ ਕੋਠੀ ਦੇ ਮਾਮਲੇ ਵਿੱਚ ਬਣਦੀ ਕਾਰਵਾਈ ਦੀ ਮੰਗ ਵੀ ਕਰਨਗੇ। ਇਸ ਸਮੇਂ ਮੁਦਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ ਵੱਲੋਂ ਮ੍ਰਿਤਕਾ ਕੁਲਵੰਤ ਕੌਰ ਦੀ ਮੌਤ ਲਈ ਜ਼ਿੰਮੇਵਾਰ ਦੋਸ਼ੀਆਂ ਦੀ ਗ੍ਰਿਫਤਾਰੀ ਸਬੰਧੀ ਕੌਮੀ ਕਮਿਸ਼ਨ ਦੇ ਅਦੇਸ਼ਾਂ ਨੂੰ ਤੁਰੰਤ ਲਾਗੂ ਕਰਨ ਦੀ ਜ਼ੋਰਦਾਰ ਮੰਗ ਵੀ ਕੀਤੀ ਗਈ। ਮੁਦਈ ਮੁਕੱਦਮਾ ਅਨੁਸਾਰ ਕੌਮੀ ਕਮਿਸ਼ਨ ਨੇ ਹੁਣ ਡੀਜੀਪੀ ਪੰਜਾਬ ਨੂੰ ਦਿੱਲੀ ਤਲਬ ਕੀਤਾ ਹੋਇਆ ਹੈ। ਧਰਨਾਕਾਰੀ ਆਗੂਆਂ ਨੇ ਗਲ਼ਤ ਰਿਪੋਰਟਾਂ ਭੇਜਣ ਵਾਲੇ ਏ.ਆਈ.ਜੀ. ਬਲਵੀਰ ਸਿੰਘ ਭੱਟੀ ਸਮੇਤ ਸਮੂਹ ਅਧਿਕਾਰੀਆਂ ਖਿਲਾਫ ਐੱਸ.ਸੀ., ਐੱਸ.ਟੀ. ਐਕਟ 1989 ਦੀ ਧਾਰਾ 4 ਤੇ 166/ਏ ਅਧੀਨ ਕਾਰਵਾਈ ਕਰਨ ਦੀ ਮੰਗ ਵੀ ਕੀਤੀ ਹੈ। ਦੱਸਣਯੋਗ ਹੈ ਕਿ ਕੌਮੀ ਕਮਿਸ਼ਨ ਨੇ ਪੀੜਤ ਮਾਤਾ ਸੁਰਿੰਦਰ ਕੌਰ ਨੂੰ ਪੈਨਸ਼ਨ ਦੇਣ, ਮ੍ਰਿਤਕ ਕੁਲਵੰਤ ਕੌਰ, ਮੁਦਈ ਇਕਬਾਲ ਸਿੰਘ ਤੇ ਉਸ ਦੀ ਭਰਜਾਈ 'ਤੇ ਜ਼ੁਲਮਾਂ ਖਿਲਾਫ ਬਣਦਾ ਮੁਆਵਜ਼ਾ ਦੇਣ ਦੀ ਮੰਗ ਵੀ ਉਠਾਈ ਹੈ। ਇਸ ਸਮੇਂ ਹਰੀ ਸਿੰਘ, ਮਹਿੰਦਰ ਸਿੰਘ, ਬਲਜੀਤ ਸਿੰਘ, ਅਵਤਾਰ ਸਿੰਘ, ਬਲਵੀਰ ਸਿੰਘ ਆਦਿ ਹਾਜ਼ਰ ਸਨ।

# ਦਿਹਾੜੀ ਸਮਾਂ 12 ਘੰਟੇ ਹੋਣ ਨਾਲ ਮਜ਼ਦੂਰਾਂ ਦਾ ਵਧੇਗਾ ਸ਼ੋਸ਼ਣ : ਚੌਹਾਨ/ਉੱਡਤ

■ ਏਟਕ ਨੂੰ ਮਜ਼ਬੂਤ ਕਰਕੇ ਲੇਬਰ ਕਲਾਸ ਨੂੰ ਤਿੱਖੇ ਸੰਘਰਸ਼ ਦਾ ਸੱਦਾ

■ ਏਟਕ ਦੀ ਜ਼ਿਲ੍ਹਾ ਜਥੇਬੰਦਕ ਕਾਨਫਰੰਸ 28 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**

ਸੂਬੇ ਦੀ ਮਾਨ ਸਰਕਾਰ ਵੀ ਕੇਂਦਰ ਦੀ ਭਾਜਪਾ ਸਰਕਾਰ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ ਮਜ਼ਦੂਰ ਵਿਰੋਧੀ ਫੈਸਲੇ ਲੈਣ ਵੱਲ ਤੁਰੀ, ਜਿਸ ਤੋਂ ਸਾਫ ਜ਼ਾਹਰ ਹੋ ਰਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਇਮਾਨਦਾਰੀ ਵਾਲਾ ਮਖੌਟਾ ਚਿੱਟੇ ਦਿਨ ਵਾਂਗ ਸਾਫ ਵਿਖਾਈ ਦੇ ਰਿਹਾ ਹੈ, ਕਿਉਂਕਿ ਪੰਜਾਬ ਦੇ ਕਾਰਖਾਨੇਦਾਰਾਂ ਤੇ ਵੱਡੇ ਪੂੰਜੀਪਤੀਆਂ ਅਤੇ ਵੱਡੇ ਕਾਰੋਬਾਰੀਆਂ ਨਾਲ ਅੰਦਰ ਖਾਤੇ ਸਮਝੌਤੇ ਕਰਕੇ ਦਿਹਾੜੀ ਸਮਾਂ 8 ਤੋਂ 12 ਘੰਟੇ ਦਾ ਨੋਟਿਸ ਜਾਰੀ ਕਰਕੇ ਦੋਸਤੀ ਨਿਭਾਈ ਜਾ ਰਹੀ ਹੈ, ਜਿਸ ਨੂੰ ਮਜ਼ਦੂਰ ਜਮਾਤ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।

ਏਟਕ ਆਗੂਆਂ ਐਡਵੋਕੇਟ ਕੁਲਵਿੰਦਰ ਉੱਡਤ, ਕ੍ਰਿਸ਼ਨ ਚੌਹਾਨ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਫੈਸਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸੂਬੇ ਦੀ ਮਜ਼ਦੂਰ ਜਮਾਤ ਨੂੰ ਪੰਜਾਬ ਏਟਕ ਨੂੰ ਮਜ਼ਬੂਤ ਕਰਕੇ ਤਿੱਖੇ ਸੰਘਰਸ਼ ਦਾ ਸੱਦਾ ਦਿੱਤਾ। ਆਗੂਆਂ ਨੇ ਕਿਹਾ ਕਿ 28 ਸਤੰਬਰ ਨੂੰ ਸ਼ਹੀਦ ਏ ਆਜ਼ਮ ਸ੍ਰ. ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਏਟਕ ਦਾ ਜ਼ਿਲ੍ਹਾ ਜਥੇਬੰਦਕ ਅਜਲਾਸ ਕੀਤਾ ਜਾਵੇਗਾ। ਇਸ ਮੌਕੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਤੋਂ ਇਲਾਵਾ ਪੰਜਾਬ ਏਟਕ ਦੇ ਆਗੂ ਵੀ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਨਗੇ।

ਅਜਲਾਸ ਦੌਰਾਨ ਕਿਰਤੀਆਂ ਦੀਆਂ ਮੰਗਾਂ ਘੱਟੋ ਘੱਟ ਉਜਰਤਾਂ ਦੇ ਵਾਧੇ, ਉਸਾਰੀ ਕਾਮਿਆਂ, ਮਨਰੇਗਾ, ਜੰਗਲਾਤ, ਆਸ਼ਾ ਵਰਕਰਾਂ, ਆਂਗਨਵਾੜੀ ਵਰਕਰਾਂ ਦੇ ਪੱਕੇ ਰੁਜ਼ਗਾਰ ਦੇ ਹੱਲ ਸਬੰਧੀ, ਸਰਕਾਰ ਵੱਲੋਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ ਆਦਿ ਗਰੰਟੀਆਂ ਨੂੰ ਲਾਗੂ ਕਰਵਾਉਣ ਤੇ ਸੰਘਰਸ਼ ਲਈ ਪ੍ਰੇਰਤ ਕੀਤਾ ਜਾਵੇਗਾ। ਅਜਲਾਸ ਦੀ ਕਾਮਯਾਬੀ ਤੇ ਸਫਲਤਾ ਲਈ ਸਰਵਸ੍ਰੀ ਸੀਤਾ ਰਾਮ ਗੋਬਿੰਦਪੁਰਾ, ਰਤਨ ਭੋਲਾ, ਨਰੇਸ਼ ਬੁਰਜ ਹਰੀ, ਕਰਨੈਲ ਭੀਖੀ, ਚਿਮਨ ਲਾਲ ਕਾਕਾ, ਲੀਲਾ ਸਿੰਘ, ਸੁਖਦੇਵ ਪੰਧੇਰ, ਸੁਖਦੇਵ ਮਾਨਸਾ, ਬਲਵੰਤ ਭੈਣੀ ਬਾਘਾ, ਲਾਭ ਸਿੰਘ ਮੰਢਾਲੀ, ਕਪੂਰ ਸਿੰਘ ਕੋਟ ਲੱਲੂ, ਚਰਨਜੀਤ ਕੌਰ, ਕਾਲਾ ਖਾਂ ਭੰਮੇ, ਨਿਰਮਲ ਬੱਪੀਆਣਾ, ਜਰਨੈਲ ਸਿੰਘ, ਰਾਜ ਕੌਰ ਆਦਿ ਸਾਥੀ ਤਿਆਰੀ ਵਜੋਂ ਲੱਗੇ ਹੋਏ ਹਨ।

# ਨਗਰ ਕੌਂਸਲ ਦੀ ਨਲਾਇਕੀ ਕਾਰਨ ਸ਼ਹਿਰ ਬਣਿਆ ਨਰਕ

**ਜੈਤੋ (ਸਤੀਸ਼ ਕੁਮਾਰ ਭੀਰੀ)**-ਨਗਰ ਕੌਂਸਲ ਜੈਤੋ ਵੱਲੋਂ ਸ਼ਹਿਰ ਦੀ ਸਾਫ ਸਫਾਈ, ਪੀਣ ਲਈ ਸਾਫ ਪਾਣੀ, ਸਟਰੀਟ ਲਾਈਟਾਂ ਸਮੇਤ ਸ਼ਹਿਰ ਵਾਸੀਆਂ ਨੂੰ ਆ ਰਹੀਆਂ ਤਮਾਮ ਸਮੱਸਿਆਵਾਂ ਤੋਂ ਮੂੰਹ ਮੋੜ ਲਿਆ ਗਿਆ ਹੈ। ਇੱਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਥੋੜ੍ਹੀ ਜਿਹੀ ਕਿਣਮਿਣ ਹੋਣ 'ਤੇ ਹੀ ਤੇਲੀ ਮੁਹੱਲਾ, ਪਾਰਕ ਰੋਡ, ਬਾਜਾ ਰੋਡ, ਹਸਪਤਾਲ ਰੋਡ, ਪੋਸਟ ਆਫਿਸ ਰੋਡ, ਬੱਸ ਅੱਡਾ ਸਮੇਤ ਸ਼ਹਿਰ ਦੀਆਂ ਜ਼ਿਆਦਾਤਰ ਗਲੀਆਂ ਤੇ ਬਾਜ਼ਾਰਾਂ ਵਿੱਚ ਚਿੱਕੜ ਹੀ ਚਿੱਕੜ ਨਜ਼ਰ ਆਉਂਦਾ ਹੈ ਤੇ ਟੂਟੀਆਂ ਵਿੱਚੋਂ ਸੀਵਰੇਜ ਦਾ ਬਦਬੂਦਾਰ ਪਾਣੀ ਪੀਣ ਲਈ ਸਪਲਾਈ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਲਗਾਤਾਰ ਦੋ ਸਾਲਾਂ ਤੋਂ ਗਲੀ ਵਿੱਚ ਖੜੇ ਸੀਵਰੇਜ ਦੇ ਪਾਣੀ ਕਰਕੇ ਪਟਵਾਰੀਆਂ ਵਾਲੀ ਗਲੀ ਦੇ ਵਾਸਿੰਦੇ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ, ਪ੍ਰੰਤੂ ਕੋਈ ਸੁਣਵਾਈ ਕਰਨ ਲਈ ਅੱਗੇ ਨਹੀਂ ਆਇਆ, ਜਿਸ 'ਤੇ ਗਲੀ ਨਿਵਾਸੀਆਂ ਵੱਲੋਂ ਇਸ ਵੱਡੀ ਪ੍ਰੇਸ਼ਾਨੀ ਤੋਂ ਨਿਜਾਤ ਦਿਵਾਉਣ ਲਈ ਸੰਘਰਸ਼ ਵਿੱਢਣ ਦੀ ਚਿਤਾਵਨੀ ਦੇਣ 'ਤੇ ਹਰਕਤ ਵਿੱਚ ਆਈ ਨਗਰ ਕੌਂਸਲ ਨੇ ਭ੍ਰਿਸ਼ਟਾਚਾਰ ਅਤੇ ਬੇਈਮਾਨੀ ਨੂੰ ਮੂਹਰੇ ਰੱਖਦੇ ਹੋਏ ਅੱਧੀ ਗਲੀ ਵਿੱਚ ਬਿਨਾਂ ਘੱਗਰਸੋਡ ਤੇ ਮਟੀਰੀਅਲ ਦੇ ਸਿਰਫ ਮਿੱਟੀ ਵਿਛਾ ਕੇ ਇੰਟਰਲਾਕ ਟਾਇਲਾਂ ਚਿਣ ਦਿੱਤੀਆਂ ਗਈਆਂ, ਜੋ ਕਿ ਵਿਛਾਏ ਜਾਣ ਦੇ ਹਫਤੇ ਬਾਅਦ ਹੀ ਥਾਂ ਥਾਂ ਤੋਂ ਉੱਚੀ ਨੀਵੀਂ ਹੁੰਦੀ ਹੋਈ ਖਿਲਰ ਖਿਲਰ ਕੇ ਨਗਰ ਕੌਂਸਲ ਦੇ ਭ੍ਰਿਸ਼ਟ ਟੋਲੇ ਅੱਗੇ ਆਪਣੇ ਵਜੂਦ ਨੂੰ ਬਚਾਉਣ ਲਈ ਲੇਲੜੀਆਂ ਕੱਢ ਰਹੀ ਹੈ। ਇਸ ਪੂਰੇ ਮਾਮਲੇ ਸਬੰਧੀ ਪੱਖ ਲੈਣ ਲਈ ਨਗਰ ਕੌਂਸਲ ਜੈਤੋ ਦੇ ਕਾਰਜ ਸਾਧਕ ਅਫਸਰ ਨਰਿੰਦਰ ਕੁਮਾਰ ਨੂੰ ਫੋਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਨਾ ਤਾਂ ਪਟਵਾਰੀਆਂ ਵਾਲੀ ਗਲੀ ਦਾ ਟੈਂਡਰ ਉਨ੍ਹਾਂ ਦੇ ਕਾਰਜਕਾਲ ਵਿੱਚ ਹੋਇਆ ਹੈ ਅਤੇ ਨਾ ਹੀ ਉਨ੍ਹਾਂ ਨੂੰ ਗਲੀ ਬਣਾਏ ਜਾਣ ਬਾਰੇ ਕੁੱਝ ਪਤਾ ਹੈ, ਤੁਸੀਂ ਇਸ ਸਬੰਧੀ ਦੋ ਦਿਨ ਪਹਿਲਾਂ ਡਿਊਟੀ ਜਵਾਇਨ ਕਰਨ ਵਾਲੇ ਜੇ ਈ ਕੰਬੋਜ ਤੋਂ ਜਾਣਕਾਰੀ ਲੈ ਲਵੋ। ਇਨ੍ਹਾਂ ਸਾਰੀਆਂ ਗੱਲਾਂ ਨੂੰ ਵੇਖਦਿਆਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ 20 ਦਿਨ ਪਹਿਲਾਂ ਡਿਊਟੀ ਜਵਾਇਨ ਕਰਨ ਵਾਲੇ ਕਾਰਜ ਸਾਧਕ ਅਫਸਰ ਨੂੰ ਤਾਂ ਕੋਈ ਜਾਣਕਾਰੀ ਨਹੀਂ ਹੈ, ਪ੍ਰੰਤੂ ਦੋ ਦਿਨ ਪਹਿਲਾਂ ਡਿਊਟੀ ਜਵਾਇਨ ਕਰਨ ਵਾਲੇ ਜੇ ਈ ਕੰਬੋਜ ਨੂੰ ਪੁੱਛ ਸਕਦੇ ਹੋ ਕਹਿਣਾ ਨਗਰ ਕੌਂਸਲ ਵਿੱਚ ਵੱਡੀ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਨ ਲਈ ਕਾਫੀ ਹੈ।



ਆਪਣੀ ਬੇਵੱਸੀ 'ਤੇ ਹੰਝੂ ਕੇਰਦੀ ਹੋਈ ਗਲੀ ਪਟਵਾਰੀਆਂ ਵਾਲੀ।

## ਕਾਤਰਾਂ

### ਡੇਰਾ ਭਾਈ ਭਗਤੂ ਵਿਖੇ ਮੁਫਤ ਮੈਡੀਕਲ ਕੈਂਪ ਪਹਿਲੀ ਨੂੰ : ਬਾਬਾ ਸੱਤ ਮੁਨੀ



**ਜੈਤੋ (ਸਤੀਸ਼ ਕੁਮਾਰ ਭੀਰੀ)**-ਇਲਾਕੇ ਦੀ ਸਜਾਮਸੇਵੀ ਤੇ ਧਾਰਮਿਕ ਕੰਮਾਂ ਦੀ ਮਿਸਾਲ ਪੇਸ਼ ਕਰਦੀ ਹੋਈ ਸੰਸਥਾ ਡੇਰਾ ਬਾਬਾ ਭਾਈ ਭਗਤੂ ਜੀ ਵੱਲੋਂ ਅਰੰਭੇ ਸ਼ੁਭ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਣ ਦਾ ਫੈਸਲਾ ਲੈਂਦਿਆਂ ਸ੍ਰੀ 1008 ਬ੍ਰਹਮਲੀਨ ਅਚਾਰੀਆ ਰਿਸ਼ੀ ਕ੍ਰਿਸ਼ਨਾ ਨੰਦ ਸ਼ਾਸਤਰੀ ਦੀ ਨਿੱਘੀ ਯਾਦ ਨੂੰ ਸਮਰਪਤ ਡੇਰਾ ਭਾਈ ਭਗਤੂ ਦੇ ਪਵਿੱਤਰ ਵਿਹੜੇ ਵਿੱਚ ਬਾਬਾ ਸੱਤ ਮੁਨੀ ਜੀ ਦੇ ਸਹਿਯੋਗ ਨਾਲ ਹੱਡੀਆਂ, ਜੋੜਾਂ ਤੇ ਬਾਂਝਪਨ ਔਰਤ ਰੋਗਾਂ ਦਾ ਮੁਫ਼ਤ ਮੈਡੀਕਲ ਕੈਂਪ 1 ਅਕਤੂਬਰ ਨੂੰ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਡੇਰੇ ਦੇ ਮੁਖੀ ਬਾਬਾ ਸੱਤ ਮੁਨੀ ਜੀ ਨੇ ਦੱਸਿਆ ਕਿ ਬਠਿੰਡਾ ਤੋਂ ਡਾਕਟਰ ਮੀਤ ਕਮਲ ਸਿੰਘ ਐੱਮ ਐੱਸ ਆਰਥੋ ਤੇ ਡਾਕਟਰ ਸੋਨੀਆ ਗਰਗ ਐੱਮ ਡੀ ਗਾਇਨੀ ਦੁਆਰਾ ਆਏ ਹੋਏ ਮਰੀਜ਼ਾਂ ਦਾ ਚੈੱਕਅੱਪ ਕੀਤਾ ਜਾਵੇਗਾ, ਬਾਬਾ ਸੱਤ ਮੁਨੀ ਜੀ ਨੇ ਅੱਗੇ ਕਿਹਾ ਕਿ ਇਸ ਕੈਂਪ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਆ ਕੇ ਫਾਇਦਾ ਲੈਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ।

### ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਵਾਂਗੀ : ਸਿਮਰਨਜੀਤ ਕੌਰ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਨਜ਼ਦੀਕ ਪਿੰਡ ਅੰਨੀਆਂ ਦੀ ਸਿਮਰਨਜੀਤ ਕੌਰ ਨੂੰ ਪੰਜਾਬ ਪੁਲਸ ਵਿੱਚ ਸਬ ਇੰਸਪੈਕਟਰ ਨਿਯੁਕਤ ਹੋਣ 'ਤੇ ਉਸ ਦੀ ਮਾਤਾ ਹਰਜੀਤ ਕੌਰ ਤੇ ਮਾਸੀ ਰਣਧੀਰ ਕੌਰ ਵੱਲੋਂ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਹਰਜੀਤ ਕੌਰ ਨੇ ਕਿਹਾ ਕਿ ਮੈਨੂੰ ਤੇ ਮੇਰੇ ਪਰਵਾਰ ਨੂੰ ਆਪਣੀ ਬੇਟੀ ਸਿਮਰਨਜੀਤ ਕੌਰ ਉਪਰ ਹਮੇਸ਼ਾ ਮਾਣ ਰਹੇਗਾ, ਜਿਸ ਨੇ ਪਰਵਾਰ ਦਾ ਮਾਣ ਵਧਾਇਆ ਹੈ ਅਤੇ ਬੇਟੀ ਦੀ ਮਿਹਨਤ ਰੰਗ ਲਿਆਈ ਹੈ ਅਤੇ ਪੂਰੇ ਪਰਵਾਰ 'ਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਗੱਲਬਾਤ ਕਰਦਿਆਂ ਸਬ ਇੰਸਪੈਕਟਰ ਸਿਮਰਨਜੀਤ ਕੌਰ ਨੇ ਕਿਹਾ ਕਿ ਹਰ ਲੜਕੀ ਨੂੰ ਅੱਗੇ ਵਧਣ ਲਈ ਮਿਹਨਤ ਜਾਰੀ ਰੱਖਣੀ ਚਾਹੀਦੀ ਹੈ, ਕਿਉਂਕਿ ਮਿਹਨਤ ਦਾ ਫਲ ਸਮਾਂ ਆਉਣ 'ਤੇ ਜ਼ਰੂਰ ਮਿਲਦਾ ਹੈ। ਉਨ੍ਹਾਂ ਕਿਹਾ ਕਿ ਆਪਣੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਇਆ ਜਾਵੇਗਾ, ਉਥੇ ਹੀ ਇਲਾਕੇ ਦੇ ਲੋਕਾਂ ਵੱਲੋਂ ਮੈਨੂੰ ਜਿਹੜਾ ਮਾਣ ਸਨਮਾਨ ਦਿੱਤਾ ਗਿਆ ਹੈ, ਉਸ ਨੂੰ ਵੀ ਕਦੇ ਭੁਲਾਇਆ ਨਹੀਂ ਜਾਵੇਗਾ।

### ਟੈਗੋਰ ਵਿਦਿਆਲਿਆ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਮਾਰੀਆਂ ਮੱਲਾਂ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਨੇ ਪ੍ਰਾਇਮਰੀ ਸਕੂਲ ਸੈਂਟਰ ਲੈਵਲ ਗੇਮਸ ਵਿੱਚ ਅੰਡਰ-11 ਵਿੱਚੋਂ ਫੁੱਟਬਾਲ ਦੀ ਟੀਮ ਮੁੰਡੇ ਪਹਿਲੇ ਸਥਾਨ 'ਤੇ ਰਹੀ, ਜਦਕਿ ਕਬੱਡੀ ਸਰਕਲ ਸਟਾਈਲ ਮੁੰਡੇ ਦੂਜੇ ਸਥਾਨ ਅਤੇ ਸ਼ਾਟਪੁੱਟ ਵਿੱਚ ਦਿਲਪ੍ਰੀਤ ਸਿੰਘ ਦੂਜੇ ਸਥਾਨ 'ਤੇ ਲੌਂਗ ਜੰਪ ਕੁੜੀਆਂ ਵਿੱਚ ਲਵਨੀਤ ਕੌਰ ਤੀਜੇ ਸਥਾਨ 'ਤੇ 100 ਮੀਟਰ ਰੇਸ ਵਿੱਚ ਜਸਕਰਨ ਸਿੰਘ ਦੂਜੇ ਸਥਾਨ ਤੇ 400 ਮੀਟਰ ਮੁੰਡੇ ਰਿਲੇਅ ਰੇਸ ਵਿੱਚ ਟੈਗੋਰ ਟੀਮ ਤੀਜੇ ਸਥਾਨ ਤੇ ਬੈਡਮਿੰਟਨ (ਸਿੰਗਲਜ) ਵਿੱਚ ਲਗਨ ਦੂਜੇ ਸਥਾਨ 'ਤੇ ਰਿਹਾ। ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਨੇ ਬੱਚਿਆਂ ਨੂੰ ਸਫ਼ਲਤਾ ਲਈ ਵਧਾਈ ਦਿੱਤੀ ਤੇ ਪ੍ਰਿੰਸੀਪਲ ਨੇ ਖੇਡਾਂ ਦੀ ਮਹੱਤਤਾ ਦੱਸਦੇ ਹੋਏ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ ਤੇ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ ਤੇ ਜਤਿੰਦਰ ਰਿਸ਼ੀ ਨੇ ਖਿਡਾਰੀ ਬੱਚਿਆਂ ਦਾ ਸਨਮਾਨ ਕੀਤਾ ਅਤੇ ਸਕੂਲ ਸਟਾਫ਼ ਨੂੰ ਵਧਾਈ ਦਿੱਤੀ ਅਤੇ ਡੀਪੀਈ ਗੁਰਪ੍ਰੀਤ ਸਿੰਘ, ਮੈਡਮ ਸੁਨੀਤਾ ਸ਼ਰਮਾ ਤੇ ਪਰਮਿੰਦਰ ਸਿੰਘ ਦਾ ਧੰਨਵਾਦ ਕੀਤਾ।

# ਸਿਹਤ ਤੇ ਤੰਦਰੁਸਤੀ ਕੇਂਦਰ ਚੁੰਨੀ ਕਲਾਂ ਨੂੰ ਮਿਲਿਆ ਰਾਸ਼ਟਰੀ ਗੁਣਵੱਤਾ ਦਰਜਾ ਪ੍ਰਮਾਣ ਪੱਤਰ



**ਫ਼ਤਿਹਗੜ੍ਹ ਸਾਹਿਬ/ਬੱਸੀ ਪਠਾਣਾਂ (ਪ੍ਰਮੋਦ ਭਾਰਦਵਾਜ)**-ਸਿਹਤ ਵਿਭਾਗ ਦੇ ਸਿਹਤ ਅਤੇ ਤੰਦਰੁਸਤੀ ਕੇਂਦਰ ਚੁੰਨੀ ਕਲਾਂ ਵੱਲੋਂ ਕੀਰਤੀਮਾਨ ਸਥਾਪਤ ਕਰਦਿਆਂ 'ਨੈਸ਼ਨਲ ਕੁਆਲਟੀ ਇਸ਼ੋਰੈਂਸ਼ ਪ੍ਰੋਗਰਾਮ' ਅਧੀਨ ਰਾਸ਼ਟਰੀ ਗੁਣਵੱਤਾ ਦਰਜਾ ਸਰਟੀਫਿਕੇਟ ਪ੍ਰਾਪਤ ਕੀਤਾ।

ਸਿਵਲ ਸਰਜਨ ਫ਼ਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾ ਤੇ ਪੀ.ਐਚ.ਸੀ ਨੰਦਪੁਰ ਕਲੌੜ ਦੇ ਸੀਨੀਅਰ ਮੈਡੀਕਲ ਅਫਸਰ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਬਲਾਕ ਅਕਸਟੈਂਸਨ ਐਜੂਕੇਟਰ ਹੇਮੰਤ ਕੁਮਾਰ ਨੇ ਦੱਸਿਆ ਕਿ ਨੈਸ਼ਨਲ ਕੁਆਲਿਟੀ ਐਸ਼ਿਓਰਿੰਸ ਦੇ ਮਾਪਦੰਡ ਦੀ ਵੰਡ 8 ਹੀਸਿਆਂ ਵਿੱਚ ਕੀਤੀ ਗਈ ਸੀ ਜਿਸ ਵਿੱਚ ਸਿਹਤ ਫੈਸੀਲਿਟੀ ਵੱਲੋਂ ਮਰੀਜ਼ਾਂ ਨੂੰ ਕਿਹੋ ਜਿਹੀਆਂ ਸੇਵਾਵਾਂ ਮੁਹੱਈਆ ਕਰਾਈਆ ਜਾਂਦੀਆ ਹਨ, ਕਲੀਨਿਕਲ ਕੇਅਰ ਕਿਸ ਤਰ੍ਹਾਂ ਦਿੱਤੀ ਜਾਂਦੀ ਹੈ, ਇਨਫੈਕਸ਼ਨ ਦੀ ਰੋਕਥਾਮ ਲਈ ਕਿਹੋ ਜਿਹੇ ਪ੍ਰਬੰਧ ਹਨ, ਕੁਆਲਟੀ ਮੈਨੇਜਮੈਂਟ ਕਿਹੋ ਜਿਹੀ ਹੈ, ਰਿਕਾਰਡ ਕਿਸ ਤਰਾਂ ਰੱਖਿਆ ਜਾਂਦਾ ਹੈ ਅਤੇ ਇਸ ਸਭ ਦੇ ਨਤੀਜੇ ਕਿਹੋ ਜਿਹੇ ਹਨ। ਇਸ ਅਧਾਰ ਉਤੇ ਕੇਂਦਰੀ ਟੀਮ ਵੱਲੋਂ ਚੁੰਨੀ ਕਲਾਂ ਦੇ ਸਾਰੇ ਰਿਕਾਰਡ ਦੀ ਜਾਂਚ ਕੀਤੀ ਗਈ। ਇਸ ਤੋਂ ਇਲਾਵਾ ਸਾਫ ਸਫਾਈ ਦੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਗਿਆ ਸੀ। ਹੇਮੰਤ ਕੁਮਾਰ ਨੇ ਕਿਹਾ ਕਿ ਇਸ ਪ੍ਰਾਪਤੀ ਦਾ ਸਿਹਰਾ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਡਾ. ਭੁਪਿੰਦਰ ਸਿੰਘ, ਜ਼ਿਲ੍ਹਾ ਹਸਪਤਾਲ ਪ੍ਰਬੰਧਕ ਡਾ. ਅਰਪਿਤ ਸ਼ਰਮਾ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਡਾ. ਸ਼ਿਤਿਜ ਸੀਮਾ ਅਤੇ ਹੋਰ ਅਧਿਕਾਰੀ ਤੇ ਕ੍ਰਮਚਾਰੀਆਂ ਨੂੰ ਜਾਂਦਾ ਹੈ, ਜਿਨ੍ਹਾਂ ਦੀ ਸਖ਼ਤ ਮਿਹਨਤ ਸਦਕਾ ਇਹ ਮਾਣ ਸਨਮਾਨ ਬਲਾਕ ਪੀ.ਐਚ.ਸੀ ਨੰਦਪੁਰ ਕਲੌੜ ਦੇ ਸਿਹਤ ਤੇ ਤੰਦਰੁਸਤੀ ਕੇਂਦਰ ਚੁੰਨੀ ਕਲਾਂ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਚੁੰਨੀ ਕਲਾਂ ਦੇ ਸੀ.ਐਚ.ਓ ਕਿਰਨਜੀਤ ਕੌਰ, ਏ.ਐਨ.ਐਮ ਦਵਿੰਦਰਜੀਤ ਕੌਰ ਤੇ ਸਮੂਹ ਸਟਾਫ ਨੇ ਬਹੁਤ ਮਿਹਨਤ ਤੇ ਲਗਨ ਨਾਲ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਸਿਹਤ ਸੰਸਥਾ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਉੱਤਮ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ, ਜਿਨ੍ਹਾ ਸਦਕਾ ਟੀਮ ਮੈਂਬਰਾਂ ਨੂੰ ਇਹ ਮਾਣ ਪ੍ਰਾਪਤ ਹੋਇਆ।

# ਸੂਬੇ ਦੀ ਆਪ ਸਰਕਾਰ ਤੋਂ ਲੋਕਾਂ ਦਾ ਭਰੋਸਾ ਉੱਠਿਆ : ਰਾਜੂ ਖੰਨਾ

■ ਆਪ ਸਰਕਾਰ ਨਸ਼ੇ ਰੋਕਣ 'ਚ ਹੋਈ ਬੁਰੀ ਤਰ੍ਹਾਂ ਫੇਲ੍ਹ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਪੰਜਾਬ ਅੰਦਰ ਨਿੱਤ ਦਿਨ ਹੋ ਰਹੀਆਂ ਲੁੱਟਾਂ-ਖੋਹਾਂ, ਗੋਲੀਆਂ ਨਾਲ ਬੇਕਸੂਰ ਲੋਕਾਂ ਨੂੰ ਮਾਰਨਾਂ, ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਾ ਕਰਨਾ, ਮੁਲਾਜ਼ਮਾਂ 'ਤੇ ਲਾਠੀਚਾਰਜ ਕਰਨਾ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਸ ਕਾਰਨ ਪੰਜਾਬ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣ ਚੁੱਕਾ ਹੈ ਤੇ ਸੂਬੇ ਦੇ ਲੋਕਾਂ ਦਾ ਭਰੋਸਾ ਇਸ ਭਗਵੰਤ ਮਾਨ ਦੀ ਆਪ ਸਰਕਾਰ ਤੋਂ ਬਿਲਕੁੱਲ ਉੱਠ ਚੁੱਕਾ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਪਾਰਟੀ ਦਫਤਰ ਵਿਖੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਰਾਜੂ ਖੰਨਾ ਨੇ ਕਿਹਾ ਕਿ ਇੱਕ ਹਫਤੇ 'ਚ ਨਸ਼ਾ ਖਤਮ ਕਰਨ ਦੀ ਗੱਲ ਕਰਨ ਵਾਲੀ ਆਪ ਸਰਕਾਰ ਦੇ ਰਾਜ ਵਿੱਚ ਨਸ਼ਾ ਘਰ ਘਰ ਤੱਕ ਪਹੁੰਚ ਚੁੱਕਾ ਹੈ, ਜਿਸ ਕਾਰਨ ਨੌਜਵਾਨਾਂ ਦੀਆਂ ਸੂਬੇ ਅੰਦਰ ਵੱਡੇ ਪੱਧਰ 'ਤੇ ਮੌਤਾਂ ਹੋ ਰਹੀਆਂ ਹਨ, ਜਿਸ ਕਾਰਨ ਪੰਜਾਬ ਦੇ ਲੋਕਾਂ ਵੱਲੋਂ ਆਪ ਦੇ ਵਿਧਾਇਕਾਂ ਤੇ ਆਗੂਆਂ ਨੂੰ ਪਿੰਡਾਂ ਅਤੇ ਸ਼ਹਿਰਾਂ ਅੰਦਰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਰਾਜੂ ਖੰਨਾ ਨੇ ਕਿਹਾ ਕਿ ਅੱਜ ਪੰਜਾਬ ਦਾ ਖਜ਼ਾਨਾ ਕੇਜਰੀਵਾਲ ਦੇ ਕਹਿਣ 'ਤੇ ਬਾਹਰਲੇ ਸੂਬਿਆਂ ਦੇ ਚੋਣ ਪ੍ਰਚਾਰ ਲਈ ਦੋਵੇਂ ਹੱਥੀਂ ਲੁਟਾਇਆ ਜਾ ਰਿਹਾ ਹੈ, ਜਿਸ ਦਾ ਜਵਾਬ ਆਉਣ ਵਾਲੀਆਂ ਚੋਣਾਂ ਵਿੱਚ ਪੰਜਾਬ ਦੇ ਲੋਕ ਭਗਵੰਤ ਮਾਨ ਸਰਕਾਰ ਨੂੰ ਦੇਣਗੇ। ਉਨ੍ਹਾ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਤਾਂ ਜੋ ਹੱਕੀ ਮੰਗਾਂ 'ਤੇ ਪਹਿਰਾ ਦੇ ਕੇ ਸੂਬਾ ਸਰਕਾਰ ਨੂੰ ਮਜਬੂਰ ਕੀਤਾ ਜਾ ਸਕੇ। ਇਸ ਮੌਕੇ ਜਥੇਦਾਰ ਕਰਮਜੀਤ ਸਿੰਘ ਭਗੜਾਣਾ, ਬਸਪਾ ਦੇ ਸੀਨੀਅਰ ਆਗੂ ਕੁਲਵੰਤ ਸਿੰਘ ਮਹਿਤੋ, ਸੀਨੀਅਰ ਆਗੂ ਰਣਜੀਤ ਸਿੰਘ ਘੋਲਾ ਰੁੜਕੀ, ਕੈਪਟਨ ਜਸਵੰਤ ਸਿੰਘ ਬਾਜਵਾ, ਜਥੇਦਾਰ ਕੁਲਦੀਪ ਸਿੰਘ ਮੁੱਢੜੀਆ, ਜਥੇਦਾਰ ਪਰਮਜੀਤ ਸਿੰਘ ਖਨਿਆਣ, ਜਥੇਦਾਰ ਹਰਬੰਸ ਸਿੰਘ ਬਡਾਲੀ, ਜਥੇਦਾਰ ਕੁਲਦੀਪ ਸਿੰਘ ਮਛਰਾਈ, ਯੂਥ ਆਗੂ ਕਮਲਜੀਤ ਸਿੰਘ ਗਿੱਲ, ਪ੍ਰਧਾਨ ਰਾਕੇਸ਼ ਕੁਮਾਰ ਸਾਹੀ, ਸਾਬਕਾ ਕੌਂਸਲਰ ਬਲਤੇਜ ਸਿੰਘ, ਪ੍ਰਧਾਨ ਡਾ. ਅਰੁਜਨ ਸਿੰਘ, ਬਲਵੰਤ ਸਿੰਘ ਮਾਨ, ਯੂਥ ਆਗੂ ਕਾਲਾ ਗੋਸਲ, ਬਹਾਦਰ ਸਿੰਘ ਅਮਲੋਹ, ਗੁਰਦੀਪ ਸਿੰਘ ਮੰਡੋਫਲ, ਜਥੇਦਾਰ ਬਲਵੰਤ ਸਿੰਘ ਘੁੱਲੂਮਾਜਰਾ, ਜਥੇਦਾਰ ਮਹਿੰਦਰ ਸਿੰਘ ਭੱਦਲਥੂਹਾ, ਸ਼ਰਧਾ ਸਿੰਘ ਛੰਨਾ, ਜਥੇਦਾਰ ਗੁਰਬਖਸ਼ ਸਿੰਘ ਬੈਣਾ, ਹੰਸ ਰਾਜ ਅਮਲੋਹ, ਯੂਥ ਆਗੂ ਹਰਵਿੰਦਰ ਸਿੰਘ ਬਿੰਦਾ ਮਾਜਰੀ, ਸੁਖਵਿੰਦਰ ਸਿੰਘ ਕਾਲਾ ਅਰੋੜਾ ਆਦਿ ਮੌਜੂਦ ਸਨ।

# ਏਕਤਾ ਭਲਾਈ ਮੰਚ ਵੱਲੋਂ ਵਾਇਸ ਚਾਂਸਲਰ ਨਾਲ ਮੁਲਾਕਾਤ 4 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਆਲ ਇੰਡੀਆ ਐਸ.ਸੀ/ਬੀ.ਸੀ/ਐਸ.ਟੀ. ਏਕਤਾ ਭਲਾਈ ਮੰਚ ਕਰੀਬ ਪਿਛਲੇ ਤਿੰਨ ਦਹਾਕਿਆਂ ਤੋਂ ਆਪਣੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਮੁਲਾਜ਼ਮਾਂ ਅਤੇ ਆਮ ਲੋਕਾਂ ਦੇ ਹੱਕਾਂ ਲਈ ਯਤਨਸ਼ੀਲ ਹੈ। ਸਰਕਾਰੀ ਅਧਿਕਾਰੀਆਂ ਕੋਲ ਜਾ ਕੇ ਅਜਿਹੇ ਮਾਮਲੇ ਉਠਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਹੱਲ ਕਰਾਇਆ ਜਾਂਦਾ ਹੈ। ਇਲਾਕੇ ਦੀ ਇਕੋ ਇਕ ਮੈਡੀਕਲ ਯੂਨੀਵਰਸਿਟੀ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫਰੀਦਕੋਟ ਦੇ ਕਈ ਕ੍ਰਮਚਾਰੀਆਂ ਵੱਲੋਂ ਆਪਣੀਆਂ ਮੁਸ਼ਕਲਾਂ ਅਤੇ ਬਣਦੇ ਹੱਕ ਨਾ ਦਿੱਤੇ ਜਾਣ ਦੇ ਮਾਮਲੇ ਮੰਚ ਦੇ ਧਿਆਨ ਵਿੱਚ ਲਿਆਂਦੇ ਹਨ। ਇਨ੍ਹਾਂ ਸਾਰੇ ਮਾਮਲਿਆਂ ਸਬੰਧੀ ਏਕਤਾ ਭਲਾਈ ਮੰਚ ਦੇ ਵਫ਼ਦ ਵੱਲੋਂ ਆਉਂਦੀ 04 ਅਕਤੂਬਰ ਨੂੰ ਬਾਅਦ ਦੁਪਹਿਰ 3:00 ਵਜੇ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਨਾਲ ਮੁਲਾਕਾਤ ਕੀਤੀ ਜਾਵੇਗੀ। ਬੁੱਧ ਵਿਹਾਰ ਕਲੋਨੀ ਸਥਿਤ ਮੰਚ ਦੇ ਮੁੱਖ ਦਫ਼ਤਰ ਤੋਂ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਹੈ ਕਿ ਮੁਲਾਕਾਤ ਲਈ ਅਗਾਊਂ ਸੂਚਨਾ ਪੱਤਰ ਤੇ ਏਜੰਡਾ ਵਾਈਸ ਚਾਂਸਲਰ ਨੂੰ ਭੇਜ ਦਿੱਤਾ ਗਿਆ ਹੈ। ਏਜੰਡੇ ਅਨੁਸਾਰ ਯੂਨੀਵਰਸਿਟੀ ਵੱਲੋਂ ਨਰਸਿੰਗ ਫੈਕਲਟੀ ਸਬਜੈਕਟ ਵਾਈਜ ਜਾਰੀ ਕੀਤੀ ਸੀਨੀਆਰਤਾ ਸੂਚੀ ਤੇ ਸਬਜੈਕਟ ਵਾਈਜ ਨਿਰਧਾਰਤ ਫੈਕਲਟੀ ਆਸਾਮੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਯੂਨੀਵਰਸਿਟੀ ਦੇ ਸਾਰੇ ਮੌਜੂਦਾ ਤੇ ਨੌਕਰੀ ਛੱਡ ਚੁੱਕੇ ਠੇਕਾ ਆਧਾਰਤ ਕ੍ਰਮਚਾਰੀਆਂ ਨੂੰ ਨਿਯੁਕਤੀ ਦੀ ਮਿਤੀ ਤੋਂ ਤਨਖਾਹ ਵਾਧਾ ਅਤੇ ਸਾਰਾ ਏਰੀਅਰ ਦੀਵਾਲੀ ਤੋਂ ਪਹਿਲਾਂ ਦੇਣ ਬਾਰੇ ਵੀ ਗੱਲਬਾਤ ਕੀਤੀ ਜਾਵੇਗੀ। ਢੋਸੀਵਾਲ ਨੇ ਅੱਗੇ ਦੱਸਿਆ ਹੈ ਕਿ ਏਜੰਡਾ ਮੁਤਾਬਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਿਜ ਅਤੇ ਰੇਡੀਓਲਾਜੀ ਦੇ ਲੈਕਚਰਾਰ ਨੂੰ ਏ.ਸੀ.ਪੀ. ਦਾ ਲਾਭ ਦੇਣ ਬਾਰੇ ਵੀ ਜਾਣਕਾਰੀ ਹਾਸਲ ਕੀਤੀ ਜਾਵੇਗੀ ਤਾਂ ਜੁ ਨਰਸਿੰਗ ਫੈਕਲਟੀ ਨੂੰ ਵੀ ਇਹ ਲਾਭ ਮਿਲ ਸਕੇ। ਇਸ ਤੋਂ ਇਲਾਵਾ ਦਰਜਾ ਚਾਰ ਕ੍ਰਮਚਾਰੀਆਂ ਤੋਂ ਕਲਰਕ ਪ੍ਰਮੋਟ ਕਰਨ ਲਈ ਵੀ ਗੱਲਬਾਤ ਦਾ ਮਾਮਲਾ ਏਜੰਡੇ ਵਿੱਚ ਸ਼ਾਮਲ ਹੈ। ਯੂਨੀਵਰਸਿਟੀ ਦੇ ਲੋਕ ਸੂਚਨਾ ਦਫ਼ਤਰ ਵੱਲੋਂ ਆਰ.ਟੀ.ਆਈ. ਐਕਟ ਅਧੀਨ ਮੰਗੀਆਂ ਜਾਣਕਾਰੀਆਂ ਤੱਥਾਂ ਤੋਂ ਪਰੇ ਤੇ ਗੁੰਮਰਾਹ ਤਰੀਕੇ ਨਾਲ ਦੇਣ ਦੇ ਮਾਮਲੇ ਵਿਚਾਰਨਾ ਵੀ ਏਜੰਡੇ ਵਿੱਚ ਸ਼ਾਮਲ ਹੈ।

## ਨਸ਼ਾ ਮੁਕਤੀ ਮੁਹਿੰਮ ਤਹਿਤ ਭਾਸ਼ਣ ਤੇ ਪੋਸਟਰ ਮੇਕਿੰਗ ਮੁਕਾਬਲੇ

**ਜਲਾਲਾਬਾਦ (ਜੀਤ ਕੁਮਾਰ)**-ਸਰਕਾਰੀ ਪ੍ਰਾਇਮਰੀ ਸਕੂਲ ਚੱਕ ਅਰਾਈਆਂਵਾਲਾ ਵਿਖੇ ਨਸ਼ਾ ਮੁਕਤੀ ਮੁਹਿੰਮ ਤਹਿਤ ਭਾਸ਼ਣ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਨੋਡਲ ਇੰਚਾਰਜ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਸੰਪੰਨ ਹੋਏ। ਇਸ ਮੌਕੇ ਸੁਰਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਲਈ ਸਰਕਾਰ ਵੱਲੋਂ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ।

ਇਨ੍ਹਾਂ ਪ੍ਰੋਗਰਾਮਾਂ ਨੂੰ ਅੱਗੇ ਵਧਾਉਂਦਿਆਂ ਸਕੂਲ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਭਾਸ਼ਣ ਤੇ ਪੋਸਟਰ ਮੇਕਿੰਗ ਮੁਕਾਬਲਿਆਂ ਰਾਹੀਂ ਸਮਾਜ ਨੂੰ ਸਾਰਥਕ ਸੁਨੇਹਾ ਦਿੱਤਾ ਜਾ ਰਿਹਾ ਹੈ। ਇਸ ਮੌਕੇ ਸਕੂਲ ਇੰਚਾਰਜ ਰੀਤੂ ਰਾਗਿਨੀ ਤੇ ਵਿਦਿਆਰਥੀਆਂ ਵੱਲੋਂ ਪੇਂਟਿੰਗ, ਕੋਰਿਓਗ੍ਰਾਫੀ ਤੇ ਭਾਵੁਕ ਤਕਰੀਰਾਂ ਰਾਹੀਂ ਸਮਾਜ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

# ਪਿੰਡਾਂ ਦੇ ਖੇਡ ਮੇਲੇ ਆਧੁਨਿਕ ਯੁੱਗ 'ਚ ਵੀ ਖਿੱਚ ਦਾ ਕੇਂਦਰ : ਬਾਬਾ ਗੁਰਦੀਪ ਸਿੰਘ

■ ਕ੍ਰਿਕਟ ਟੂਰਨਾਮੈਂਟ 'ਚ ਚੰਦ ਪੁਰਾਣਾ ਪਹਿਲੇ ਤੇ ਘੋਲੀਆਂ ਦੀ ਟੀਮ ਦੂਸਰੇ ਸਥਾਨ 'ਤੇ ਰਹੀ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਮਾਲਵੇ ਦੇ ਪ੍ਰਸਿੱਧ ਤੇ ਪਵਿੱਤਰ ਇਤਿਹਾਸਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਪਿੰਡ ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਚੰਦ ਪੁਰਾਣੇ ਵਾਲਿਆਂ ਨੇ ਆਪਣੇ ਨਗਰ ਵਿੱਚ ਹੋਏ ਇੱਕ ਰੋਜ਼ਾ ਕ੍ਰਿਕਟ ਟੂਰਨਾਮੈਂਟ ਦਾ ਉਦਘਾਟਨ ਕੀਤਾ। ਉਦਘਾਟਨ ਮੌਕੇ ਪਿੰਡ ਦੇ ਸਰਪੰਚ ਹਰਬੰਸ ਸਿੰਘ, ਖੇਤੀਬਾੜੀ ਸਰਕਾਰੀ ਸਭਾ ਦੇ ਪ੍ਰਧਾਨ ਪਾਲਾ ਸਿੰਘ ਤੋਂ ਇਲਾਵਾ ਕਿਰਕਟ ਟੂਰਨਾਮੈਂਟ ਕਮੇਟੀ ਦੇ ਅਹੁਦੇਦਾਰ ਵੀ ਹਾਜ਼ਰ ਸਨ। ਇਸ ਟੂਰਨਾਮੈਂਟ ਵਿੱਚ ਚੰਦ ਪੁਰਾਣਾ ਦੀ ਟੀਮ ਪਹਿਲੇ ਸਥਾਨ 'ਤੇ ਰਹੀ, ਜਦੋਂ ਕਿ ਘੋਲੀਆ ਕਲਾਂ ਦੀ ਟੀਮ ਦੂਜੇ ਨੰਬਰ 'ਤੇ ਰਹੀ। ਇਸ ਮੌਕੇ ਮਨਪ੍ਰੀਤ ਸਿੰਘ, ਫੂਲਾ ਸਿੰਘ, ਗੁਰਤੇਜ ਸਿੰਘ, ਜਗਤਾਰ ਸਿੰਘ, ਕੁਲਵਿੰਦਰ ਸਿੰਘ, ਦੀਪਾ, ਗੁਰਵਿੰਦਰ ਸਿੰਘ ਗੁੱਡੂ, ਨਿਰਵੈਰ ਸਿੰਘ, ਸੋਨੀ ਮੈਂਬਰ ਹਾਜ਼ਰ ਸਨ, ਜਿਨ੍ਹਾਂ ਨੇ ਇਸ ਟੂਰਨਾਮੈਂਟ ਦਾ ਪ੍ਰਬੰਧ ਵਧੀਆ ਤਰੀਕੇ ਕੀਤਾ ਹੋਇਆ ਸੀ।

ਇਸ ਮੌਕੇ ਬਾਬਾ ਗੁਰਦੀਪ ਸਿੰਘ ਵੱਲੋਂ ਟੂਰਨਾਮੈਂਟ ਕਮੇਟੀ ਨੂੰ ਸਹਿਯੋਗ ਦਿੰਦਿਆਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਖੇਡਾਂ ਸਾਡੀ ਪੇਂਡੂ ਵਿਰਾਸਤ ਦੇ ਨਾਲ ਜੁੜੀਆਂ ਹੋਈਆਂ ਹਨ। ਬੇਸ਼ੱਕ ਤਕਨੀਕੀ ਯੁੱਗ ਨੇ ਵੱਡੇ ਪੱਧਰ 'ਤੇ ਕਰਵਟ ਲਈ ਹੈ, ਸਭ ਕੁਝ ਮੋਬਾਇਲ ਫੋਨਾਂ ਵਿੱਚ ਆ ਚੁੱਕਾ ਹੈ, ਪਰ ਅੱਜ ਵੀ ਪੇਂਡੂ ਖੇਡ ਮੇਲੇ ਲੋਕਾਂ ਦੀ ਖਿੱਚ ਦਾ ਕੇਂਦਰ ਹਨ।

ਉਨ੍ਹਾ ਕਿਹਾ ਕਿ ਅਜਿਹੇ ਖੇਡ ਮੇਲੇ ਲਗਾਉਣ ਨਾਲ ਨੌਜਵਾਨਾਂ ਦਾ ਧਿਆਨ ਸਮਾਜਿਕ ਕੁਰੀਤੀਆਂ ਤੋਂ ਦੂਰ ਹਟ ਕੇ ਚੰਗੇ ਸਮਾਜ ਦੀ ਸਿਰਜਣਾ ਵੱਲ ਜਾਂਦਾ ਹੈ। ਇਸ ਮੌਕੇ ਬਿੱਲੂ ਸਿੰਘ, ਦਰਸ਼ਨ ਸਿੰਘ ਡਰੋਲੀ ਭਾਈ, ਸੁੱਖਾ ਸਿੰਘ ਮੋਗਾ ਵੀ ਹਾਜ਼ਰ ਸਨ।

# ਯਾਦਗਾਰੀ ਹੋ ਨਿੱਬੜਿਆ 'ਕਿੰਜ ਨਸ਼ਾ ਮੁਕਤ ਹੋਵੇ ਪੰਜਾਬ' ਦਾ ਗੋਸ਼ਟੀ ਸਮਾਗਮ



**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਹਰਮਨ ਹੋਟਲ ਸੰਗਰੂਰ ਵਿਖੇ ਉੱਘੇ ਸਮਾਜਸੇਵੀ ਸਵਾਮੀ ਰਵਿੰਦਰ ਗੁਪਤਾ ਦੀ ਮਿੱਠੀ ਯਾਦ ਵਿੱਚ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਿਰਮੌਰ ਪੰਜਾਬੀ ਸਾਹਿਤਕਾਰ ਮੋਹਨ ਸ਼ਰਮਾ ਦੇ ਲੇਖ-ਸੰਗ੍ਰਹਿ 'ਕਿੰਜ ਨਸ਼ਾ ਮੁਕਤ ਹੋਵੇ ਪੰਜਾਬ' 'ਤੇ ਗੋਸ਼ਟੀ ਕਰਵਾਈ ਗਈ। ਸਮਾਗਮ ਦੀ ਪ੍ਰਧਾਨਗੀ ਡਾ. ਭੀਮਇੰਦਰ ਸਿੰਘ ਨਿਰਦੇਸ਼ਕ ਵਿਸ਼ਵ ਪੰਜਾਬੀ ਸੈਂਟਰ ਪਟਿਆਲਾ ਨੇ ਕੀਤੀ ਤੇ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੇ ਸੰਚਾਲਕ ਮਿੱਤਰ ਸੈਨ ਮੀਤ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਗਮ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਮੀਤ ਪ੍ਰਧਾਨ ਸ੍ਰੀ ਮੂਲ ਚੰਦ ਸ਼ਰਮਾ ਤੇ ਸਕੱਤਰ ਰਜਿੰਦਰ ਸਿੰਘ ਰਾਜਨ ਨੇ ਉਚੇਚੇ ਤੌਰ 'ਤੇ ਹਿੱਸਾ ਲਿਆ। ਪੁਸਤਕ ਸਬੰਧੀ ਪੜ੍ਹੇ ਗਏ ਭਾਵਪੂਰਨ ਪਰਚੇ ਵਿੱਚ ਮੂਲ ਚੰਦ ਸ਼ਰਮਾ ਨੇ ਕਿਹਾ ਕਿ ਮੋਹਨ ਸ਼ਰਮਾ ਦੀ ਪੁਸਤਕ ਅਜਿਹੀ ਸਿੱਖਿਆ ਤੇ ਸੰਸਕਾਰ ਦੇਣ ਲਈ ਜਾਗਰੂਕ ਕਰਦੀ ਹੈ, ਤਾਂ ਕਿ ਕੋਈ ਨੌਜਵਾਨ ਨਸ਼ੇੜੀ ਹੀ ਨਾ ਬਣੇ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਭੀਮਇੰਦਰ ਸਿੰਘ ਨੇ ਕਿਹਾ ਕਿ ਨਵੀਂ ਪੀੜ੍ਹੀ ਨੂੰ ਨਸ਼ਿਆਂ ਦੀ ਲਪੇਟ ਤੋਂ ਬਚਾਉਣਾ ਮਾਪਿਆਂ, ਸਕੂਲਾਂ ਤੇ ਸਮਾਜ ਨੂੰ ਬਣਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਮਿੱਤਰ ਸੈਨ ਮੀਤ ਨੇ ਕਿਹਾ ਕਿ ਨਸ਼ਿਆਂ ਦਾ ਕਾਰੋਬਾਰ ਰੋਕਣ ਲਈ ਸਰਕਾਰਾਂ ਨੂੰ ਸੁਹਿਰਦਤਾ ਨਾਲ ਕੰਮ ਕਰਨਾ ਚਾਹੀਦਾ ਹੈ। ਸਪਤਰਿਸ਼ੀ ਪ੍ਰਕਾਸ਼ਨ ਦੇ ਸੰਚਾਲਕ ਡਾ. ਬਲਦੇਵ ਸਿੰਘ ਨੇ ਕਿਹਾ ਮੋਹਨ ਸ਼ਰਮਾ ਵੱਲੋਂ ਲਿਖੀ ਪੁਸਤਕ ਨਸ਼ਿਆਂ ਦੀ ਰੋਕਥਾਮ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਪਾਲਾ ਮੱਲ ਸਿੰਗਲਾ ਨੇ ਪੁਸਤਕ ਨੂੰ ਸਕੂਲਾਂ-ਕਾਲਜਾਂ ਦੇ ਸਿਲੇਬਸ ਵਿੱਚ ਲਾਉਣ ਦੀ ਪੁਰਜ਼ੋਰ ਮੰਗ ਕੀਤੀ। ਦਲਬਾਰ ਸਿੰਘ ਚੱਠੇ ਸੇਖਵਾਂ ਨੇ ਕਿਹਾ ਕਿ ਚਿੱਟੇ ਤੇ ਹੈਰੋਇਨ ਵਰਗੇ ਮਾਰੂ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਰਵਾਇਤੀ ਨਸ਼ਿਆਂ ਤੋਂ ਪਾਬੰਦੀ ਹਟਾਉਣੀ ਬੇਹੱਦ ਜ਼ਰੂਰੀ ਹੈ। ਪੁਸਤਕ ਦੇ ਲੇਖਕ ਮੋਹਨ ਸ਼ਰਮਾ ਨੇ ਆਪਣੇ ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਵਿੱਚ ਡਾਇਰੈਕਟਰ ਵਜੋਂ ਸੇਵਾ ਨਿਭਾਉਂਦਿਆਂ ਤਜਰਬਿਆਂ ਤੇ ਲਿਖਣ ਪ੍ਰਕਿਰਿਆ ਸਬੰਧੀ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਨਸ਼ਿਆਂ ਦੇ ਸ਼ਿਕਾਰ ਹੋਏ ਨੌਜਵਾਨਾਂ ਨੂੰ ਮੁਜਰਮ ਨਹੀਂ, ਬਲਕਿ ਪੀੜਤ ਮੰਨ ਕੇ ਇਲਾਜ ਕਰਨ ਦੀ ਜ਼ਰੂਰਤ ਹੈ।

ਵਿਚਾਰ ਚਰਚਾ ਵਿੱਚ ਡਾ. ਨਰਿੰਦਰਪਾਲ ਸਿੰਘ, ਰਜਿੰਦਰ ਸਿੰਘ ਰਾਜਨ, ਕਰਮ ਸਿੰਘ ਜ਼ਖ਼ਮੀ, ਏ. ਪੀ. ਸਿੰਘ ਬਾਬਾ, ਪ੍ਰੋ. ਸੰਤੋਖ ਕੌਰ, ਬਲਜੀਤ ਸ਼ਰਮਾ, ਅਮਰ ਗਰਗ ਕਲਮਦਾਨ, ਰਾਜ ਕੁਮਾਰ ਅਰੋੜਾ, ਕੇ. ਕੇ. ਬਾਂਸਲ, ਸੁਖਵਿੰਦਰ ਸਿੰਘ ਫੁੱਲ ਤੇ ਅਮਨ ਜੱਖਲਾਂ ਆਦਿ ਸਾਹਿਤਕਾਰਾਂ ਨੇ ਵੀ ਹਿੱਸਾ ਲਿਆ। ਇਸ ਮੌਕੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਕਵੀਆਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਨਾਲ ਹਾਜ਼ਰੀ ਲਵਾਈ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਤੇ ਮੰਚ ਸੰਚਾਲਨ ਦੀ ਭੂਮਿਕਾ ਸੁਖਵਿੰਦਰ ਸਿੰਘ ਲੋਟੇ ਨੇ ਬਾਖ਼ੂਬੀ ਨਿਭਾਈ।

# ਸਤੌਜ ਵਿਖੇ ਦਿਵਿਆਂਗਜਨਾਂ ਲਈ ਲਗਾਇਆ ਅਸੈੱਸਮੈਂਟ ਕੈਂਪ



**ਚੀਮਾ ਮੰਡੀ (ਰਵਿੰਦਰ ਚੀਮਾ)**-ਸਮਾਜ ਸੇਵੀ ਸੰਸਥਾ ਰਾਹਤ ਫਾਊਂਡੇਸ਼ਨ ਪੰਜਾਬ ਵੱਲੋਂ ਰੈੱਡ ਕਰਾਸ ਜ਼ਿਲ੍ਹਾ ਵਿਕਲਾਂਗ ਪੁਨਰਵਾਸ ਕੇਂਦਰ ਸੰਗਰੂਰ ਤੇ ਅਲਿਮਕੋ ਮੋਹਾਲੀ ਦੇ ਵਿਸ਼ੇਸ਼ ਸਹਿਯੋਗ ਨਾਲ ਦਿਵਿਆਂਗਜਨਾਂ ਨੂੰ ਸਹਾਇਕ ਉਪਕਰਣ ਮੁਹੱਈਆ ਕਰਵਾਉਣ ਲਈ ਅਸੈਸਮੈਂਟ ਕੈਂਪ ਪਿੰਡ ਸਤੌਜ ਦੇ ਗੁਰਦੁਆਰਾ ਸਾਹਿਬ ਵਿਖੇ ਲਗਾਇਆ ਗਿਆ, ਜਿਸ ਦਾ ਉਦਘਾਟਨ ਐੱਸ.ਡੀ.ਐੱਮ. ਸੁਨਾਮ ਹਰਜੀਤ ਕੁਮਾਰ ਸ਼ਰਮਾ, ਡੀ.ਐੱਸ.ਐੱਸ.ਓ. ਸੰਗਰੂਰ ਲਵਲੀਨ ਕੌਰ ਤੇ ਤਹਿਸੀਲਦਾਰ ਮਨਮੋਹਨ ਸਿੰਘ ਨੇ ਸਾਂਝੇ ਤੌਰ 'ਤੇ ਕੀਤਾ। ਇਸ ਕੈਂਪ ਸੰਬੰਧੀ ਜਾਣਕਾਰੀ ਦਿੰਦਿਆਂ ਸਮਾਜ ਸੇਵੀ ਹਰਵਿੰਦਰਪਾਲ ਰਿਸ਼ੀ ਸਤੌਜ, ਗੁਰਸੇਵਕ ਸਿੰਘ ਬਿਗੜਵਾਲ, ਚਮਕੌਰ ਸਿੰਘ ਸ਼ਾਹਪੁਰ ਤੇ ਇੰਦਰਜੀਤ ਸਿੰਘ ਉੱਭਾ ਨੇ ਦੱਸਿਆ ਕਿ ਇਸ ਮੌਕੇ ਦਿਵਿਆਂਗਜਨਾਂ ਨੂੰ ਸਹਾਇਕ ਉਪਕਰਨ ਟਰਾਈਸਾਈਕਲ, ਨਕਲੀ ਅੰਗ, ਵ੍ਹੀਲ ਚੇਅਰ, ਕੰਨਾਂ ਦੀ ਮਸ਼ੀਨ, ਪੋਲਿਓ ਕੈਲੀਪਰ, ਐੱਮ ਆਰ ਕਿੱਟ, ਸੀ. ਪੀ. ਚੇਅਰ ਆਦਿ ਉਪਕਰਨ ਮੁਹੱਈਆ ਕਰਵਾਉਣ ਲਈ 181 ਦਿਵਿਆਂਗਜਨਾਂ ਦੀ ਰਜਿਸਟ੍ਰੇਸ਼ਨ ਕੀਤੀ ਗਈ। ਰਾਹਤ ਫਾਊਂਡੇਸ਼ਨ ਵੱਲੋਂ ਇਸ ਕੈਂਪ 'ਚ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਬਾਬਾ ਦਰਸ਼ਨ ਸਿੰਘ ਮਸਤੂਆਣਾ, ਭਾਈ ਹਰਬੇਅੰਤ ਸਿੰਘ ਮਸਤੂਆਣਾ, ਭਾਈ ਕਰਮਜੀਤ ਸਿੰਘ ਚੀਮਾ, ਸਰਬਜੀਤ ਕੌਰ ਪਤਨੀ ਪੁਲਸ ਕਪਤਾਨ ਮੇਜਰ ਸਿੰਘ ਧਰਮਗੜ੍ਹ, ਜਸਵੀਰ ਸਿੰਘ ਚੇਅਰਮੈਨ ਪੈਰਾਮਾਉਂਟ ਸਕੂਲ ਚੀਮਾ, ਡੀ ਡੀ ਆਰ ਸੀ ਮਿੰਟੂ ਬਾਂਸਲ, ਸੀਨੀਅਰ ਪੱਤਰਕਾਰ ਦਲਜੀਤ ਸਿੰਘ ਮੱਕੜ, ਮਾਸਟਰ ਸੁਖਦਰਸ਼ਨ ਸਿੰਘ, ਪ੍ਰਿੰਸੀਪਲ ਸੁਖਦੇਵ ਸਿੰਘ ਭੁੱਲਰ, ਨੰਬਰਦਾਰ ਜਸਵਿੰਦਰ ਸਿੰਘ, ਸਾਬਕਾ ਸਰਪੰਚ ਭੀਮ ਸਿੰਘ ਆਦਿ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਮਾਰਕਿਟ ਕਮੇਟੀ ਚੀਮਾ ਦੇ ਚੇਅਰਮੈਨ ਗੀਤੀ ਚੀਮਾ, ਪ੍ਰੀਤਮ ਸਿੰਘ ਪੀਤੂ ਸੀਨੀਅਰ ਆਪ ਆਗੂ, ਆਪ ਆਗੂ ਲਖਵੀਰ ਸਿੰਘ ਸਤੌਜ, ਕਰਨੈਲ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ ਸਤੌਜ, ਸਮਾਜ ਸੇਵੀ ਸੱਤੀ ਭੁੱਲਰ, ਮਾਸਟਰ ਗੁਰਵਿੰਦਰ ਸਿੰਘ ਮਠਾੜੂ, ਅੰਮ੍ਰਿਤ ਕੌਰ ਸਤੌਜ, ਪਰਮਜੀਤ ਕੌਰ, ਗੁਰਜੰਟ ਜੰਟਾ ਧਰਮਗੜ੍ਹ ਆਦਿ ਮੌਜੂਦ ਸਨ।

# ਪ੍ਰਾਇਮਰੀ ਸਕੂਲ ਚੱਕ ਅਰਾਈਆਂਵਾਲਾ ਨੇ ਸੈਂਟਰ ਲੈਵਲ ਖੇਡਾਂ 'ਚ ਮਾਰੀਆਂ ਮੱਲਾਂ



**ਜਲਾਲਾਬਾਦ (ਜੀਤ ਕੁਮਾਰ)**-ਸਰਕਾਰੀ ਪ੍ਰਾਇਮਰੀ ਸਕੂਲ ਚੱਕ ਅਰਾਈਆਂਵਾਲਾ ਉਰਫ ਫਲੀਆਂਵਾਲਾ ਨੇ ਸੈਂਟਰ ਲੈਵਲ ਦੋ ਰੋਜ਼ਾ ਪ੍ਰਾਇਮਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਵਾਰ ਦੀਆਂ ਸੈਂਟਰ ਪੱਧਰੀ ਖੇਡਾਂ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਅਰਨੀਵਾਲਾ ਵਿਖੇ ਕਰਵਾਈਆਂ ਗਈਆਂ ਅਤੇ ਇਨ੍ਹਾਂ ਖੇਡਾਂ ਦੀ ਸ਼ੁਰੂਆਤ ਬੀ.ਪੀ.ਈ.ਓ. ਨਰਿੰਦਰ ਸਿੰਘ ਤੇ ਸੀ.ਐੱਚ.ਟੀ. ਰਮੇਸ਼ ਜੁਨੇਜਾ ਦੁਆਰਾ ਕੀਤੀ ਗਈ। ਸਕੂਲ ਇੰਚਾਰਜ ਰੀਤੂ ਨੇ ਦੱਸਿਆ ਕਿ ਇਸ ਵਾਰ ਦੀਆਂ ਸੈਂਟਰ ਪੱਧਰੀ ਖੇਡਾਂ 'ਚ ਕਬੱਡੀ ਲੜਕੀਆਂ ਵਿਚ ਪਹਿਲਾ, ਖੋ-ਖੋ ਲੜਕੇ 'ਚ ਦੂਸਰਾ, ਕੁਸ਼ਤੀ 25 ਕਿੱਲੋ 'ਚ ਪਹਿਲਾ, 28 ਕਿੱਲੋ ਕੁਸ਼ਤੀ 'ਚ ਦੂਸਰਾ, 30 ਕਿੱਲੋ ਕੁਸ਼ਤੀ 'ਚ ਪਹਿਲਾ, ਸ਼ਤਰੰਜ 'ਚ ਪਹਿਲਾ, ਗੋਲਾ ਸੁੱਟਣ (ਲੜਕੀਆਂ) 'ਚ ਪਹਿਲਾ, ਯੋਗਾ ਤੇ ਜਿਮਨਾਸਟਿਕ 'ਚ ਦੂਸਰਾ, ਦੌੜਾਂ ਵਿੱਚ ਦੂਸਰਾ ਤੇ ਲੰਮੀ ਛਾਲ 'ਚ ਦੂਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਹਰਦੀਪ ਕਾਲੜਾ, ਸੰਦੀਪ ਕੁਮਾਰ, ਸੁਰਿੰਦਰ ਸਿੰਘ, ਸਰੋਜ, ਅੰਨੂ ਬਾਲਾ ਆਦਿ ਹਾਜ਼ਰ ਸਨ। ਅੱਜ ਸਕੂਲ ਵਿੱਚ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਦੀ ਹੌਸਲਾ ਹਫ਼ਜ਼ਾਈ ਕਰਦੇ ਹੋਏ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ।

# ਵਾਟਰ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਾਓ ਖਿਲਾਫ ਸੰਘਰਸ਼ ਜਾਰੀ ਰੱਖਣ ਦਾ ਐਲਾਨ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ. 31) ਦੀ ਮੀਟਿੰਗ ਹੋਈ, ਜਿਸ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵਰਕਰਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੂਬਾ ਪ੍ਰਚਾਰ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਭੱਟੀ, ਜ਼ਿਲ੍ਹਾ ਜਨਰਲ ਸਕੱਤਰ ਸੁਰਜੀਤ ਸਿੰਘ ਤੱਖੀ, ਜ਼ਿਲ੍ਹਾ ਮੀਤ ਪ੍ਰਧਾਨ ਜਸਵੀਰ ਸਿੰਘ ਕਾਲਾ ਅਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਬਿਕਰਮਜੀਤ ਸਿੰਘ ਕਪੂਰ, ਸੌਰਵ ਮਿਗਲਾਨੀ ਕਿਹਾ ਕਿ ਪੰਜਾਬ 'ਚ ਪਹਿਲਾਂ ਰਾਜ ਕਰ ਚੁੱਕੀਆਂ ਅਕਾਲੀ-ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਦੀ ਤਰ੍ਹਾਂ ਹੀ ਹੁਣ 'ਆਪ' ਸਰਕਾਰ ਵੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਫੀਲਡ ਅਤੇ ਦਫ਼ਤਰਾਂ 'ਚ ਇਕ ਵਰਕਰ ਦੇ ਰੂਪ ਵਿੱਚ ਰੈਗੂਲਰ ਮੁਲਾਜ਼ਮਾਂ ਵਾਂਗ ਸੇਵਾਵਾਂ ਦੇ ਰਹੇ ਬਤੌਰ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਨਾਲ ਬੇਈਮਾਨੀ ਵਾਲੇ ਵਤੀਰੇ ਨੂੰ ਜਾਰੀ ਰੱਖਿਆ ਹੋਇਆ ਹੈ, ਕਿਉਂਕਿ ਪਿਛਲੇ 15-20 ਸਾਲਾਂ ਦੇ ਲੰਮੇ ਅਰਸੇ ਤੋਂ ਨਿਗੁਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਲਗਾਤਾਰ ਸੇਵਾਵਾਂ ਦੇ ਆ ਰਹੇ ਉਕਤ ਠੇਕਾ ਮੁਲਾਜ਼ਮਾਂ ਨੂੰ ਵਿਭਾਗ 'ਚ ਸ਼ਾਮਲ ਕਰਨ ਸਬੰਧੀ ਅਣਗੌਲਿਆ ਕਰਕੇ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਧ੍ਰੋਹ ਕਮਾ ਰਹੀ ਹੈ।

ਇਨ੍ਹਾਂ ਇਨਲਿਸਟਮੈਂਟ/ਆਊਟਸੋਰਸ ਮੁਲਾਜ਼ਮਾਂ ਨੂੰ ਨਿਗੂਣਾ ਮਿਹਨਤਾਨੇ ਦੇ ਇਲਾਵਾ ਈ.ਪੀ.ਐਫ.ਈ.ਐਸ.ਆਈ.ਈ. ਵਰਗੀਆਂ ਤਮਾਮ ਸਰਕਾਰੀ ਸਹੂਲਤਾਂ ਤੋਂ ਵਾਂਝਾ ਰੱਖਿਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਆਪਣੇ ਕਰੀਬ ਡੇਢ ਸਾਲ ਦੇ ਕਾਰਜਕਾਲ 'ਚ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਬਾਰੇ ਅਜੇ ਤੱਕ ਕੋਈ ਵੀ ਨੀਤੀ ਬਣਾਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਜਸਸ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਰਕਾਰ ਦੇ ਆਦੇਸ਼ਾਂ ਤਹਿਤ ਵਿਭਾਗ ਵਿਚ ਲੈਣ ਲਈ ਪਾਲਸੀ ਤਿਆਰ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਤ੍ਰਾਸਦੀ ਇਹ ਹੈ ਕਿ ਇਹ ਪ੍ਰੋਪੋਜ਼ਲ ਵੀ ਵਿਭਾਗੀ ਅਧਿਕਾਰੀਆਂ ਵੱਲੋਂ ਪੰਜਾਬ ਸਰਕਾਰ ਕੋਲ ਲਾਗੂ ਕਰਾਉਣ ਲਈ ਨਹੀਂ ਭੇਜੀ ਗਈ ਹੈ, ਜਿਸਦੇ ਕਾਰਨ ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਵਿਭਾਗਾਂ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਸਬੰਧਤ ਵਿਭਾਗਾਂ 'ਚ ਰੈਗੂਲਰ ਕਰਨ ਦੀ ਮੰਗ ਲਈ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨੂੰ ਮੁੱਖ ਮੰਤਰੀ ਵੱਲੋਂ ਘੱਟੋ-ਘੱਟ 16 ਵਾਰ ਮੀਟਿੰਗਾਂ ਕਰਨ ਦਾ ਸਮਾਂ ਲਿਖਤੀ ਰੂਪ ਵਿਚ ਦੇ ਕੇ ਵੀ ਐਨ ਮੌਕੇ 'ਤੇ ਮੀਟਿੰਗ ਕਰਨ ਤੋਂ ਇਨਕਾਰ ਕਰ ਚੁੱਕੇ ਹਨ, ਉਥੇ ਹੀ ਹੱਕ ਮੰਗਦੇ ਲੋਕਾਂ ਦੇ ਸੰਘਰਸ਼ ਦੇ ਅਧਿਕਾਰ ਨੂੰ ਖੋਹਣ, ਮੁੱਖ ਮੰਤਰੀ ਵੱਲੋਂ ਪੁਰਅਮਨ ਸੰਘਰਸ਼ਾਂ ਨੂੰ ਪੁਲਸ ਜਬਰ ਤੇ ਐਸਮਾ ਵਰਗੇ ਕਾਲੇ ਕਾਨੂੰਨ ਲਾਗੂ ਕਰਕੇ ਕੁਚਲਣ ਦੇ ਰਾਹ ਤੁਰੀ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਨੂੰ ਹੋਰ ਤੇਜ਼ ਕਰਕੇ ਆਪਣੇ ਕੱਚੇ-ਪਿੱਲੇ ਰੁਜ਼ਗਾਰ ਨੂੰ ਬਚਾਉਣ ਦੇ ਨਾਲ ਨਾਲ ਪੱਕੇ ਰੁਜ਼ਗਾਰ ਦੀ ਮੰਗ ਨੂੰ ਮਨਵਾਉਣ ਲਈ 3 ਅਕਤੂਬਰ ਨੂੰ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਹੋਣ ਵਾਲੀ ਸੂਬਾ ਪੱਧਰੀ ਰੈਲੀ ਵਿੱਚ ਪਰਵਾਰਾਂ ਅਤੇ ਬੱਚਿਆਂ ਸਮੇਤ ਪੰਜਾਬ ਦੇ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ 'ਚ ਸਹੀ 10 ਵਜੇ ਵਹੀਰਾਂ ਘੱਤ ਕੇ ਪੁੱਜਣ ਦਾ ਸੱਦਾ ਦਿੱਤਾ ਗਿਆ।

# ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਕਰਾਇਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੈਟਰੋਲ ਪੰਪ ਕੈਰੇ ਬਰਨਾਲਾ ਰੋਡ ਮਹਿਲ ਕਲਾਂ ਵਿਖੇ ਬੀਤੇ ਦਿਨੀਂ ਡਰੇਨ ਨੇੜੇ ਵਾਪਰੇ ਵੱਖ ਵੱਖ ਸੜਕ ਹਾਦਸਿਆਂ 'ਚ ਬੇਵਕਤੀ ਮੌਤ ਦੇ ਮੂੰਹ ਚਲੀਆਂ ਗਈਆਂ ਕੀਮਤੀ ਜ਼ਿੰਦਾਂ ਦੀ ਆਤਮਿਕ ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਬੋਲਦਿਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਬਾਬਾ ਸ਼ੇਰ ਸਿੰਘ ਨੇ ਸਮੂਹ ਸੰਗਤਾਂ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗੁਰੂ ਸਾਹਿਬਾਨ ਦੀ ਪਵਿੱਤਰ ਗੁਰਬਾਣੀ ਸਾਨੂੰ ਮਿਲ ਬੈਠ ਕੇ ਭਾਈਚਾਰਕ ਸਾਂਝ ਨੂੰ ਤਕੜਾ ਕਰਨ, ਸਮਾਜਿਕ ਅਲਾਮਤਾਂ ਤੋਂ ਦੂਰ ਰਹਿਣ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਮਾਜ ਸੇਵੀ ਕਾਰਜਾਂ 'ਚ ਅੱਗੇ ਹੋ ਕੇ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਉੱਘੇ ਕਾਰੋਬਾਰੀ ਮੋਹਿਤ ਗਰਗ, ਪ੍ਰਿੰਸ ਗਰਗ, ਡੀ ਐੱਸ ਪੀ ਕੰਵਲਪਾਲ ਸਿੰਘ ਬਾਜਵਾ, ਇੰਸਪੈਕਟਰ ਕਮਲਜੀਤ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ, ਪ੍ਰੈੱਸ ਕਲੱਬ ਮਹਿਲ ਕਲਾਂ ਦੇ ਚੇਅਰਮੈਨ ਅਵਤਾਰ ਸਿੰਘ ਅਣਖੀ, ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ, ਜਗਸੀਰ ਸਿੰਘ ਧਾਲੀਵਾਲ, ਸੁਖਵੀਰ ਸਿੰਘ ਜਗਦੇ, ਪ੍ਰਧਾਨ ਜਸਵੀਰ ਸਿੰਘ ਵਜੀਦਕੇ, ਉੱਘੇ ਕਾਂਗਰਸੀ ਆਗੂ ਜਸਵਿੰਦਰ ਸਿੰਘ ਮਾਂਗਟ, ਸਤਿਨਾਮ ਸਿੰਘ, ਛਿਨੀਵਾਲ ਭਾਕਿਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਗਿਆਨੀ, ਭਾਕਿਯੂ ਸਿੱਧੂਪੁਰ ਦੇ ਬਲਾਕ ਪ੍ਰਧਾਨ ਜਗਪਾਲ ਸਿੰਘ ਸਹਿਜੜਾ, ਜਸਵੀਰ ਸਿੰਘ ਪਤੰਗ, ਭਾਈ ਮਨਜੀਤ ਸਿੰਘ ਸਹਿਜੜਾ, ਭਾਈ ਲਖਵੀਰ ਸਿੰਘ ਸਹੌਰ, ਸਮਾਜ ਸੇਵੀ ਸਰਬਜੀਤ ਸਿੰਘ ਸ਼ੰਭੂ, ਜੰਗ ਸਿੰਘ ਦੀਵਾਨਾ, ਆਪ ਆਗੂ ਗੁਰਜੀਤ ਸਿੰਘ ਧਾਲੀਵਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਬਲਕਾਰ ਸਿੰਘ ਨੇ ਸ਼ਾਹਕੋਟ ਵਿਖੇ 1.21 ਕਰੋੜ ਦੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ



**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ, ਗਿਆਨ ਸੈਦਪੁਰੀ)**- ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੱਲੋਂ ਸੋਮਵਾਰ ਨੂੰ ਸਬ ਡਵੀਜ਼ਨ ਸ਼ਾਹਕੋਟ ਵਿਖੇ ਕਰੀਬ 1.21 ਕਰੋੜ ਰੁਪਏ ਦੀ ਲਾਗਤ ਨਾਲ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ, ਜਿਨ੍ਹਾਂ ਵਿੱਚ ਬੱਸ ਸਟੈਂਡ ਵਿਖੇ 64.63 ਲੱਖ ਰੁਪਏ ਦੀ ਲਾਗਤ ਨਾਲ ਫਾਇਰ ਬ੍ਰਿਗੇਡ ਸਟੇਸ਼ਨ ਦੇ ਦਫਤਰ ਦੀ ਉਸਾਰੀ ਅਤੇ 57.02 ਲੱਖ ਰੁਪਏ ਦੀ ਲਾਗਤ ਨਾਲ ਮੋਗਾ ਰੋਡ 'ਤੇ ਕਮਿਊਨਿਟੀ ਸੈਂਟਰ ਦਾ ਨਿਰਮਾਣ ਸ਼ਾਮਲ ਹੈ। ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਸੂਬੇ ਦੇ ਹਰ ਖੇਤਰ ਵਿੱਚ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਫਾਇਰ ਬ੍ਰਿਗੇਡ ਸਟੇਸ਼ਨ ਸ਼ਾਹਕੋਟ ਤੋਂ ਇਲਾਵਾ ਆਲੇ-ਦੁਆਲੇ ਦੇ ਇਲਾਕਿਆਂ ਲਈ ਵੀ ਲਾਹੇਵੰਦ ਸਾਬਿਤ ਹੋਵੇਗਾ, ਜਿਸ ਦੇ ਬਣਨ ਨਾਲ ਅਣਸੁਖਾਵੀਂ ਘਟਨਾ ਵਾਪਰਨ ਦੀ ਸੂਰਤ 'ਚ ਉਸ 'ਤੇ ਤੁਰੰਤ ਕਾਬੂ ਪਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਕਮਿਊਨਿਟੀ ਹਾਲ ਦੀ ਉਸਾਰੀ ਹੋਣ ਨਾਲ ਇਲਾਕੇ ਦੇ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਨੂੰ ਲਾਭ ਮਿਲੇਗਾ, ਜੋ ਕਿ ਆਪਣੇ ਧਾਰਮਿਕ-ਸਮਾਜਿਕ ਪ੍ਰੋਗਰਾਮ ਘੱਟ ਖਰਚੇ ਵਿੱਚ ਕਰਵਾ ਸਕਣਗੇ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ ਕਿ ਸੂਬੇ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਿਕਾਸ ਕਾਰਜ ਕਰਵਾਉਣ ਲਈ ਸਰਕਾਰ ਪਾਸ ਫੰਡਜ਼ ਦੀ ਕੋਈ ਕਮੀ ਨਹੀਂ ਹੈ ਅਤੇ ਸੂਬੇ ਦਾ ਕੋਈ ਵੀ ਖੇਤਰ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਕੰਮ ਕਰਦੇ ਹੋਏ ਹਰ ਵਰਗ ਦੀ ਭਲਾਈ ਲਈ ਕ੍ਰਾਂਤੀਕਾਰੀ ਫੈਸਲੇ ਲਏ ਹਨ, ਜਿਨ੍ਹਾਂ ਵਿੱਚ 600 ਯੂਨਿਟ ਬਿਜਲੀ ਮੁਆਫੀ, ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ, ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ, ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਸਕੂਲ ਆਫ ਐਮੀਨੈਂਸ ਦਾ ਆਗਾਜ਼ ਆਦਿ ਪਹਿਲਕਦਮੀਆਂ ਸ਼ਾਮਲ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਦੋਵੇਂ ਪ੍ਰਾਜੈਕਟ ਲਗਭਗ ਤਿੰਨ ਮਹੀਨਿਆਂ ਦੇ ਅੰਦਰ ਮੁਕੰਮਲ ਹੋ ਜਾਣਗੇ। ਇਸ ਦੌਰਾਨ ਉਨ੍ਹਾਂ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਗੁਣਵੱਤਾ ਦਾ ਪੂਰਾ ਧਿਆਨ ਰੱਖਦੇ ਹੋਏ ਵਿਕਾਸ ਪ੍ਰਾਜੈਕਟਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਮੁਕੰਮਲ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ ਤਾਂ ਜੋ ਇਹ ਵਿਕਾਸ ਪ੍ਰਾਜੈਕਟ ਸਮੇਂ ਸਿਰ ਲੋਕਾਂ ਨੂੰ ਸਮਰਪਿਤ ਕੀਤੇ ਜਾ ਸਕਣ। ਇਸ ਮੌਕੇ ਆਪ ਆਗੂ ਰਤਨ ਸਿੰਘ ਕਾਕੜ ਕਲਾਂ ਨੇ ਸ਼ਾਹਕੋਟ ਇਲਾਕੇ ਵਿੱਚ ਇਨ੍ਹਾਂ ਅਹਿਮ ਪ੍ਰਾਜੈਕਟਾਂ ਦੀ ਸ਼ੁਰੂਆਤ ਕਰਵਾਉਣ ਲਈ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਸ. ਬਲਕਾਰ ਸਿੰਘ ਦਾ ਧੰਨਵਾਦ ਵੀ ਕੀਤਾ।

# ਪ੍ਰੋ: ਚੰਦੂਮਾਜਰਾ ਤੇ ਡਾ. ਸੁੱਖੀ ਨੂੰ ਹਲਕਾ ਇੰਚਾਰਜ ਲਾਉਣ 'ਤੇ ਵਰਕਰਾਂ 'ਚ ਖੁਸ਼ੀ ਦੀ ਲਹਿਰ : ਸੁਰਿੰਦਰ ਮੇਹਲੀ



**ਬਹਿਰਾਮ (ਅਵਤਾਰ ਕਲੇਰ)** ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਮੈਂਬਰ ਪਾਰਲੀਮੈਂਟ ਨੂੰ ਹਲਕਾ ਸ੍ਰੀ ਆਨੰਦਪੁਰ ਸਾਹਿਬ ਅਤੇ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਜਲੰਧਰ ਤੋਂ ਹਲਕਾ ਇੰਚਾਰਜ ਲਾਉਣ ਤੇ ਪਾਰਟੀ ਵਰਕਰਾਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜਿਲ੍ਹਾ ਜਨਰਲ ਸਕੱਤਰ ਸੁਰਿੰਦਰ ਮੇਹਲੀ ਨੇ ਕਰਦਿਆਂ ਕਿਹਾ ਕਿ ਅਗਲੇ ਸਾਲ 2024 ਨੂੰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਨੂੰ ਦੇਖਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸ਼ਲਾਘਾਯੋਗ ਫੈਸਲਾ ਹੈ।

ਉਹਨਾਂ ਕਿਹਾ ਕਿ ਪ੍ਰੋ: ਚੰਦੂਮਾਜਰਾ ਤੇ ਡਾ ਸੁੱਖੀ ਸੁਲਝੇ ਹੋਏ ਅਤੇ ਹਰਮਨ ਪਿਆਰੇ ਨੇਤਾ ਹਨ। ਲੋਕ ਇਹਨਾਂ ਦਾ ਬਹੁਤ ਸਤਕਾਰ ਕਰਦੇ ਹਨ। ਉਹਨਾਂ ਕਿਹਾ ਕਿ 2024 ਚ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਗਠਜੋੜ ਲੋਕ ਸਭਾ ਚੋਣਾਂ ਚ ਪੰਜਾਬ ਦੀਆਂ 13 ਸੀਟਾਂ 'ਤੇ ਜਿੱਤ ਪ੍ਰਾਪਤ ਕਰਨਗੇ। ਇਸ ਮੌਕੇ ਸੁਰਿੰਦਰ ਮੇਹਲੀ , ਐਸ ਓ ਆਈ ਦੇ ਜਿਲ੍ਹਾ ਪ੍ਰਧਾਨ ਕਮਲਜੀਤ ਸਿੰਘ ਮੇਹਲੀ, ਵਿਜੇ, ਲਾਲਾ ਆਦਿ ਹਾਜ਼ਰ ਸਨ।

# ਸੱਭਿਆਚਾਰਕ ਮੇਲਾ ਤੇ ਖੂਨ ਦਾਨ ਕੈਂਪ ਲਾਇਆ

**ਮਾਹਿਲਪੁਰ (ਸਫਰੀ)**-ਸੰਤ ਬਾਬਾ ਅਤਰ ਸਿੰਘ ਯੂਥ ਕਲੱਬ ਤੇ ਵੈਲਫੇਅਰ ਸੁਸਾਇਟੀ ਵਲੋਂ ਸੰਤ ਬਾਬਾ ਦਰਬਾਰਾ ਸਿੰਘ ਦੀ ਯਾਦ ਨੂੰ ਸਮਰਪਿਤ 17ਵਾਂ ਸੱਭਿਆਚਾਰਕ ਮੇਲਾ ਦਾਣਾ ਮੰਡੀ ਸਰਹਾਲਾ ਕਲਾਂ ਵਿਖੇ ਕਰਵਾਇਆ ਗਿਆ। ਮੇਲਾ ਪ੍ਰਬੰਧਕ ਪੰਡਿਤ ਕੁਸ਼ਲ ਕੁਮਾਰ ਬਬਲੂ ਤੇ ਮਾਸਟਰ ਪਰਮਜੀਤ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਮੁੱਖ ਮਹਿਮਾਨ ਵਜੋਂ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਸ਼ਿਰਕਤ ਕੀਤੀ ਗਈ।

ਵਿਸ਼ੇਸ਼ ਮਹਿਮਾਨਾਂ ਵਜੋਂ ਡਾਕਟਰ ਦਿਲਬਾਗ ਰਾਏ ਮੈਂਬਰ ਕੌਮੀ ਕੌਂਸਲ ਭਾਜਪਾ, ਨਿਪੁੰਨ ਸ਼ਰਮਾ ਜ਼ਿਲ੍ਹਾ ਪ੍ਰਧਾਨ ਭਾਜਪਾ, ਦਰਸ਼ਨ ਸਿੰਘ ਨੈਣੋਵਾਲ ਸੂਬਾ ਪ੍ਰਧਾਨ ਭਾਜਪਾ ਕਿਸਾਨ ਮੋਰਚਾ, ਅਵਤਾਰ ਸਿੰਘ ਡਾਂਡੀਆਂ ਜ਼ਿਲ੍ਹਾ ਪ੍ਰਧਾਨ ਕਿਸਾਨ ਮੋਰਚਾ ਭਾਜਪਾ ਨੇ ਸ਼ਿਰਕਤ ਕੀਤੀ। ਲੋਕ ਗਾਇਕ ਹਸਨ ਮਾਣਕ, ਸੁਰਿੰਦਰ ਲਾਡੀ, ਬਲਜਿੰਦਰ ਮੱਲ੍ਹੀ, ਬੂਟਾ ਮੁਹੰਮਦ ਖਾਨ, ਅਮਨ ਪਾਬਲਾ, ਚਰਨਜੀਤ ਖੈੜੀਆ, ਜੱਸੀ ਭਾਮ ਵਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਔਕਸਫੋਰਡ ਹਸਪਤਾਲ ਬਲੱਡ ਸੈਂਟਰ ਜਲੰਧਰ ਵਾਲਿਆਂ ਨੇ ਖੂਨ ਦਾਨ ਕੈਂਪ ਵੀ ਲਗਾਇਆ ਜਿਸ ਵਿਚ ਅਨੇਕਾਂ ਖੂਨ ਦਾਨੀਆਂ ਨੇ ਖੂਨ ਦਾਨ ਕੀਤਾ।

ਇਸ ਮੌਕੇ ਮੋਹਨ ਲਾਲ ਪ੍ਰਭਾਕਰ, ਸੋਹਣ ਸਿੰਘ ਰਾਜਾ , ਦਿਲਾਵਰ ਸਿੰਘ , ਸਤਪਾਲ ਸੱਤਾ , ਮਨਜੀਤ ਸਿੰਘ ਪਰਮਾਰ, ਪਰਮਿੰਦਰ ਸਿੰਘ , ਸੁਰਿੰਦਰ ਪਾਲ , ਜੋਗਿੰਦਰ ਸਿੰਘ , ਥਾਣੇਦਾਰ ਅਜੇ ਪਾਲ ਸਿੰਘ , ਅਵਤਾਰ ਸਿੰਘ ਐਂਕਰ, ਸੂਰਜ ਕੁਮਾਰ , ਗੁਰਮੀਤ ਸਿੰਘ , ਬਲਜੀਤ ਸਿੰਘ ਬਲਾਕ ਪ੍ਰਧਾਨ , ਹਰਜਿੰਦਰ ਕੌਰ , ਸਾਧੂ ਸਿੰਘ ਲਾਲ ਪੁਰ, ਪ੍ਰਿੰਸੀਪਲ ਸੁਖਵਿੰਦਰ ਸਿੰਘ, ਰਜਿੰਦਰ ਸਿੰਘ ਸਰਪੰਚ ਈਸਾਪੁਰ, ਦੀਪੂ ਕੈਲਗਿਰੀ, ਰਾਜੂ ਇਟਲੀ, ਡਾ. ਪਰਮਿੰਦਰ ਸੂਦ , ਅਮਨਦੀਪ ਬੈਂਸ ਮਾਹਿਲਪੁਰ , ਬਲਜੀਤ ਸਿੰਘ ਪ੍ਰਧਾਨ ਆਦਿ ਹਾਜਰ ਸਨ।



# ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਭਗਤ ਸਿੰਘ ਦਾ ਜਨਮ ਦਿਨ ਸੂਬੇ ਭਰ 'ਚ ਮਨਾਏਗੀ




**ਜਲੰਧਰ (ਰਾਜੇਸ਼ ਥਾਪਾ)**-ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਮਨਜਿੰਦਰ ਸਿੰਘ ਢੇਸੀ, ਸੂਬਾ ਜਨਰਲ ਸਕੱਤਰ ਧਰਮਿੰਦਰ ਸਿੰਘ ਮੁਕੇਰੀਆਂ, ਜਾਇੰਟ ਸਕੱਤਰ ਸ਼ਮਸ਼ੇਰ ਸਿੰਘ ਬਟਾਲਾ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ 28 ਸਤੰਬਰ ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਜਨਮ ਦਿਵਸ ਸਭਾ ਪੂਰੇ ਪੰਜਾਬ ਅੰਦਰ ਵੱਖ-ਵੱਖ ਥਾਵਾਂ ਤੇ ਮੀਟਿੰਗਾਂ, ਮਿਸਾਲ ਮਾਰਚ ਅਤੇ ਜਥਾ ਮਾਰਚ ਕਰਕੇ ਮਨਾਇਆ ਜਾਵੇਗਾ ਅਤੇ 28 ਸਤੰਬਰ ਨੂੰ ਫਿਲੌਰ ਤੋਂ ਨੌਜਵਾਨਾਂ ਦਾ ਵਿਸ਼ਾਲ ਮੋਟਰਸਾਈਕਲ ਮਾਰਚ ਖਟਕੜ ਕਲਾਂ ਦੀ ਧਰਤੀ 'ਤੇ ਪਹੁੰਚ ਕੇ ਰੈਲੀ ਕਰੇਗਾ। ਇਸ ਸਮੇਂ ਹੋਣ ਵਾਲੇ ਇਕੱਠਾਂ 'ਚ ਕੇਂਦਰ ਤੇ ਪੰਜਾਬ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਨੰਗਾ ਕੀਤਾ ਜਾਵੇਗਾ, ਕਿਉਂਕਿ ਲੰਘੀ 20 ਸਤੰਬਰ ਨੂੰ ਪੰਜਾਬ ਸਰਕਾਰ ਨੇ ਇਕ ਨੋਟੀਫਿਕੇਸ਼ਨ ਜਾਰੀ ਕਰਕੇ 8 ਘੰਟੇ ਦੀ ਕੰਮ ਦਿਹਾੜੀ ਦਾ ਸਮਾਂ ਵਧਾਕੇ 12 ਘੰਟੇ ਕਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਹਮਲਾ ਕੋਈ ਸਾਧਾਰਨ ਹਮਲਾ ਨਹੀਂ ਹੈ। ਇਹ ਸਾਡੇ ਮਹਾਨ ਸ਼ਹੀਦਾਂ ਵੱਲੋਂ ਲੰਬੇ-ਸਿਰੜੀ ਅਤੇ ਜਾਨ ਹੂਲਵੇਂ ਘੋਲਾਂ ਰਾਹੀਂ ਬੰਧੂਆ ਮਜ਼ਦੂਰੀ ਤੋਂ ਮੁਕਤੀ ਪਾਉਣ ਲਈ ਜੱਦੋ-ਜਹਿਦ ਕਰਕੇ 8 ਘੰਟੇ ਸਮਾਂ-ਬੱਧ ਕੰਮ ਦਿਹਾੜੀ ਦੀ ਪ੍ਰਾਪਤੀ ਕੀਤੀ ਸੀ, ਪਰ ਅੱਜ ਕੇਂਦਰ ਅਤੇ ਸੂਬਾ ਸਰਕਾਰ ਕਾਰਪੋਰੇਟ ਹਿੱਤਾਂ ਦੀ ਪੂਰਤੀ ਲਈ ਇਸ ਪ੍ਰਾਪਤੀ ਨੂੰ ਖੋਹਕੇ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਮੁੜ ਬੰਧੂਆ ਮਜ਼ਦੂਰੀ ਵਿੱਚ ਤਬਦੀਲ ਕਰਨ ਦੇ ਰਸਤੇ 'ਤੇ ਤੁਰ ਪਈ ਹੈ। ਇਸ ਫੈਸਲੇ ਨਾਲ ਬੇਰੁਜਗਾਰੀ ਵਿੱਚ ਵੀ ਹੋਰ ਵਾਧਾ ਹੋਵੇਗਾ। ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਕੰਮ ਦਿਹਾੜੀ ਦੇ ਸਮੇਂ 'ਚ ਵਾਧਾ ਕਰਨ ਦੇ ਇਸ ਲੋਕਮਾਰੂ ਫੈਸਲੇ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਾ ਹੈ। ਇਸ ਮੌਕੇ ਸਨੀ ਫਿਲੌਰ, ਬਿਕਰਮ ਸ਼ਾਹਕੋਟ, ਰਵਿੰਦਰ ਸਿੰਘ ਸਰਦੂਲਗੜ੍ਹ, ਪਰਸ਼ੋਤਮ ਫਿਲੌਰ, ਪ੍ਰਭਾਤ ਕਵੀ, ਸੰਦੀਪ ਬੀਕਾ, ਸੁਨੀਲ ਭੈਣੀ ਆਦਿ ਹਾਜ਼ਰ ਸਨ।

# ਵਕੀਲ ਭਾਈਚਾਰੇ ਨੇ ਮਿਹਨਤ, ਲਗਨ ਤੇ ਨਿਸ਼ਠਾ ਨਾਲ ਲੋਕਾਂ ਦਾ ਵਿਸ਼ਵਾਸ ਜਿੱਤਿਆ : ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਆਮ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਮਿਹਨਤ ਅਤੇ ਲਗਨ ਤੋਂ ਇਲਾਵਾ ਸੇਵਾ ਦੀ ਭਾਵਨਾ ਬਹੁਤ ਜਰੂਰੀ ਹੈ। ਵਕੀਲ ਭਾਈਚਾਰੇ ਨੇ ਹਮੇਸ਼ਾ ਲੋਕਾਂ ਦੀ ਭਾਵਨਾ ਨੂੰ ਸਮਝਿਆ ਹੈ, ਸਾਡਾ ਇਹ ਫਰਜ਼ ਹੈ ਕਿ ਇਸ ਭਾਈਚਾਰੇ ਨੂੰ ਲੋੜੀਦਾ ਢੁਕਵਾਂ ਵਾਤਾਵਰਣ ਮੁਹੱਇਆ ਕਰਵਾਇਆ ਜਾਵੇ, ਜਿਸ ਦੇ ਲਈ ਜੁਡੀਸ਼ੀਅਲ ਕੰਪਲੈਕਸ ਅਤੇ ਬਾਰ ਰੂਮ ਸਾਫ ਸੁਥਰੇ ਹੋਣੇ ਚਾਹੀਦੇ ਹਨ। ਇਨ੍ਹਾਂ ਦਾ ਸਮੇਂ ਸਮੇਂ ਤੇ ਬੁਨਿਆਦੀ ਵਿਕਾਸ ਕਰਵਾਉਣ ਲਈ ਅਸੀ ਪੂਰੀ ਤਰਾਂ ਵਚਨਬੱਧ ਹਾਂ।

ਇਹ ਪ੍ਰਗਟਾਵਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਬਾਰ ਰੂਮ ਸ੍ਰੀ ਅਨੰਦਪੁਰ ਸਾਹਿਬ ਨੂੰ ਨਵੀਨੀਕਰਨ ਉਪਰੰਤ ਲੋਕ ਅਰਪਣ ਕਰਨ ਮੌਕੇ ਕੀਤਾ। ਇਸ ਤੋਂ ਪਹਿਲਾ ਬਾਰ ਐਸੋਸੀਏਸ਼ਨ ਵੱਲੋਂ ਬਾਰ ਰੂਮ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ, ਉਪਰੰਤ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ। ਬੈਂਸ ਨੇ ਕਿਹਾ ਕਿ ਕੈਬਨਿਟ ਮੰਤਰੀ ਬਣਨ ਤੋਂ ਪਹਿਲਾਂ ਉਹ ਵੀ ਇਸ ਕਿੱਤੇ ਨਾਲ ਜੁੜੇ ਹੋਏ ਸਨ ਤੇ ਉਤਸ਼ਾਹ ਨਾਲ ਕੰਮ ਕਰਦੇ ਸਨ। ਇਸ ਮੌਕੇ ਰਮੇਸ਼ ਕੁਮਾਰੀ ਜ਼ਿਲ੍ਹਾ ਅਤੇ ਸੈਸ਼ਨ ਜੱਜ ਰੂਪਨਗਰ, ਵਰਿੰਦਰ ਸਿੰਘ ਰੁਮਾਣਾ ਐਡੀਸ਼ਨਲ ਸੈਸ਼ਨ ਜੱਜ ਰੂਪਨਗਰ, ਜੱਗ ਮਿਲਾਪ ਸਿੰਘ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜਨ, ਗਰੀਮਾ ਗੁਪਤਾ ਸਿਵਲ ਜੱਜ ਜੂਨੀਅਰ ਡਵੀਜਨ, ਗੁਰਪ੍ਰੀਤ ਸਿੰਘ ਸਿਵਲ ਜੱਜ ਜੂਨੀਅਨ ਡਵੀਜਨ ਸ੍ਰੀ ਅਨੰਦਪੁਰ ਸਾਹਿਬ, ਐਸ.ਡੀ.ਐਮ ਮਨਦੀਪ ਸਿੰਘ ਢਿੱਲੋਂ, ਪ੍ਰਧਾਨ ਬਾਰ ਐਸੋਸੀਏਸ਼ਨ ਨਰਿੰਦਰ ਪ੍ਰਾਸ਼ਰ,ਜ਼ਿਲ੍ਹਾ ਵਪਾਰ ਮੰਡਲ ਪ੍ਰਧਾਨ ਜਸਵੀਰ ਸਿੰਘ ਅਰੋੜਾ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸ਼ਿੰਦੂ, ਵਪਾਰ ਮੰਡਲ ਪ੍ਰਧਾਨ ਦੀਪਕ ਆਂਗਰਾ, ਗਗਨਦੀਪ, ਜੀ.ਐਸ ਸੰਧੂ, ਜਵਾਹਰ ਚੰਦਨ, ਮਨੀਸ਼ ਧਰਮਾਣੀ, ਗੁਰਪ੍ਰੀਤ ਢਿੱਲੋਂ ਆਦਿ ਹਾਜ਼ਰ ਸਨ।



# ਸਕੂਲ ਦੇ ਬੱਚਿਆਂ ਨੂੰ ਪ੍ਰਤਾਪ ਸਿੰਘ ਭੰਡਾਲ ਯਾਦ 'ਚ ਸਟੇਸ਼ਨਰੀ ਵੰਡੀ



**ਨੂਰਮਹਿਲ (ਬਾਲ ਕ੍ਰਿਸਨ ਬਾਲੀ)** ਬ੍ਰਗੇਡੀਅਰ ਹਰਿੰਦਰ ਸਿੰਘ ਭੰਡਾਲ ਨੇ ਆਪਣੇ ਪਿਤਾ ਪ੍ਰਤਾਪ ਸਿੰਘ ਭੰਡਾਲ ਦੀ ਯਾਦ 'ਚ ਸ.ਪ੍ਰ.ਸ.ਭੰਡਾਲ ਹਿੰਮਤ ਅਤੇ ਭੰਡਾਲ ਬੂਟਾ ਤੇ ਸਰਕਾਰੀ ਹਾਈ ਸਕੂਲ ਦੇ 300 ਦੇ ਕਰੀਬ ਬੱਚਿਆਂ ਖਾਣ- ਪੀਣ ਸਮਾਨ ਸਮੋਸੇ, ਫਰੂਟੀ ਅਤੇ ਕਾਪੀਆਂ ਦਾਨ ਕੀਤੀਆਂ। ਇਸ ਮੌਕੇ ਸ.ਪ੍ਰ.ਸ. ਭੰਡਾਲ ਹਿੰਮਤ ਦੇ ਮੁਖੀ ਮਨੀਸ਼ ਮੋਹਨ, ਸਰਕਾਰੀ ਹਾਈ ਸਕੂਲ ਭੰਡਾਲ ਹਿੰਮਤ ਦੇ ਹੈੱਡਮਾਸਟਰ ਮੈਡਮ ਪੂਜਾ ਅਤੇ ਸ.ਪ੍ਰ.ਸ.ਭੰਡਾਲ ਬੂਟਾ ਦੇ ਮੁਖੀ ਮੈਡਮ ਕੁਲਵਿੰਦਰ ਕੌਰ ਨੇ ਉਹਨਾਂ ਧੰਨਵਾਦ ਕੀਤਾ। ਇਸ ਮੌਕੇ ਮਨਜਿੰਦਰ ਕੌਰ ਟੀਚਰ, ਸੰਜਨਾ ਟੀਚਰ ਅਤੇ ਮਨਜੀਤ ਕੁਮਾਰੀ ਟੀਚਰ ਆਂਗਣਵਾੜੀ ਸਕੂਲ ਭੰਡਾਲ ਹਿੰਮਤ ਹਾਜ਼ਰ ਸਨ।

# ਐੱਨ ਐੱਸ ਐੱਸ ਨੇ ਕਰਵਾਇਆ ਵਾਤਾਵਰਣ ਜਾਗਰੂਕਤਾ ਲੈਕਚਰ



**ਮਾਹਿਲਪੁਰ (ਸਫਰੀ)**- ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਵਿਦਿਆਰਥੀਆਂ ਅੰਦਰ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਸਬੰਧੀ ਇਕ ਲੈਕਚਰ ਦਾ ਆਯੋਜਨ ਕੀਤਾ ਗਿਆ। ਯੂਨਿਟ ਦੇ ਇੰਚਾਰਜ ਡਾ. ਬਲਬੀਰ ਕੌਰ ਅਤੇ ਡਾ ਰਜਿੰਦਰ ਪ੍ਰਸਾਦ ਦੀ ਅਗਵਾਈ ਹੇਠ ਕਰਵਾਏ ਇਸ ਲੈਕਚਰ ਮੌਕੇ ਫਿਜਿਕਸ ਵਿਭਾਗ ਦੇ ਪ੍ਰੋ ਡਾ. ਕੋਮਲ ਬੱਧਣ ਮੁੱਖ ਵਕਤਾ ਵੱਜੋਂ ਸ਼ਾਮਿਲ ਹੋਏ। ਉਨ੍ਹਾਂ ਇਸ ਮੌਕੇ ਪਲਾਸਟਿਕ ਦੀ ਵੱਧ ਰਹੀ ਵਰਤੋਂ ਨੂੰ ਵਾਤਾਵਰਣ ਲਈ ਬੇਹੱਦ ਨੁਕਸਾਨਦੇਹ ਦੱਸਿਆ। ਉਨ੍ਹਾਂ ਕਿਹਾ ਕਿ ਪਲਾਸਟਿਕ ਦੀ ਵਰਤੋਂ ਇਸ ਵੇਲੇ ਪੂਰੀ ਦੁਨੀਆ ਲਈ ਇਕ ਚੁਣੌਤੀ ਬਣ ਗਈ ਹੈ, ਜਿਸ ਬਾਰੇ ਵਿਦਿਆਰਥੀ ਵਰਗ ਲੋਕਾਂ ਨੂੰ ਜਾਗਰੂਕ ਕਰਕੇ ਵਾਤਾਵਰਣ ਦੀ ਸੰਭ ਸੰਭਾਲ ਸਬੰਧੀ ਆਪਣਾ ਯੋਗਦਾਨ ਪਾ ਸਕਦਾ ਹੈ।

# ਸਫਾਈ ਕਰਮਚਾਰੀ ਯੂਨੀਅਨ ਨੇ ਦਿੱਤਾ 5100 ਰੁਪਏ ਦਾ ਸ਼ਗਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਸਫਾਈ ਕਰਮਚਾਰੀ ਯੂਨੀਅਨ ਨਗਰ ਨਿਗਮ ਹੁਸ਼ਿਆਰਪੁਰ ਦੇ ਪ੍ਰਧਾਨ ਕਰਨਜੋਤ ਆਦੀਆ ਨੇ ਦੱਸਿਆ ਕਿ ਸਫਾਈ ਕਰਮਚਾਰੀ ਤਿਲਕ ਰਾਜ ਨੂੰ ਉਸ ਦੀ ਬੇਟੀ ਅੰਚਲ ਦੇ ਵਿਆਹ ਦੇ ਮੌਕੇ 'ਤੇ ਜਥੇਬੰਦੀ ਵੱਲੋਂ ਜੂਨੀਅਰ ਫੰਡ ਵਿੱਚੋਂ 5100 ਰੁਪਏ ਦੀ ਸਹਾਇਤਾ ਰਾਸ਼ੀ ਸਗਨ ਦੇ ਰੂਪ ਵਿੱਚ ਦਿੱਤੀ ਗਈ। ਇਸ ਮੌਕੇ 'ਤੇ ਚੇਅਰਮੈਨ ਰਾਕੇਸ਼ ਸਿੱਧੂ , ਹਾਰਬੈਲਾਸ ਆਸੂ ਜੋਗਿੰਦਰ ਪਾਲ ਅਸ਼ੋਕ ਆਦਿ ਹਾਜਰ ਸਨ।

# 28 ਨੂੰ ਕੰਪਿਊਟਰ ਅਧਿਆਪਕਾਂ ਦੀ ਰੈਲੀ 'ਚ ਗੌਰਮਿੰਟ ਟੀਚਰਜ਼ ਯੂਨੀਅਨ ਕਰੇਗੀ ਸ਼ਮੂਲੀਅਤ



**ਫਿਲੌਰ (ਨਿਰਮਲ)**- ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸੂਬਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਦੇ ਬਿਆਨ ਨੂੰ ਜਾਰੀ ਕਰਦਿਆਂ ਸੂਬਾਈ ਪ੍ਰੈਸ ਸਕੱਤਰ ਸੁਰਜੀਤ ਸਿੰਘ ਮੋਹਾਲੀ ਕਰਨੈਲ ਫਿਲੌਰ ਆਦਿ ਆਗੂਆਂ ਨੇ ਪ੍ਰੈੱਸ ਦੇ ਨਾਂਅ ਜਾਰੀ ਬਿਆਨ 'ਚ ਕਿਹਾ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਸਿੱਖਿਆ ਵਿਭਾਗ 'ਚ ਮਰਜ ਹੋਣ ਲਈ ਲੜ ਰਹੇ ਕੰਪਿਊਟਰ ਅਧਿਆਪਕਾਂ ਦੀ ਖਟਕੜ ਕਲਾਂ ਰੈਲੀ ਵਿੱਚ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਵੱਲੋਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਹੈ। ਆਗੂਆਂ ਨੇ ਪੰਜਾਬ ਸਰਕਾਰ ਤੇ ਦੋਸ਼ ਲਗਾਇਆ ਹੈ ਕਿ ਉਹ ਚੋਣਾਂ ਤੋਂ ਪਹਿਲਾਂ ਮੁਲਾਜ਼ਮਾਂ ਤੇ ਆਮ ਲੋਕਾਂ ਨਾਲ ਕੀਤੇ ਸਾਰੇ ਵਾਅਦਿਆ ਤੋਂ ਭੱਜ ਰਹੀ ਹੈ। ਸਿਹਤ ਤੇ ਸਿੱਖਿਆ ਦੇ ਸੁਧਾਰਾਂ ਦੇ ਨਾਂਅ 'ਤੇ ਵੋਟਾਂ ਲੈ ਕੇ ਸੱਤਾ 'ਚ ਆਈ ਸਰਕਾਰ ਜਨਤਕ ਮਹਿਕਮਿਆਂ ਦਾ ਭੋਗ ਪਾਉਣ ਲਈ ਉਤਾਰੂ ਹੈ ਅਤੇ ਹੱਕ ਮੰਗਦੇ ਲੋਕਾਂ ਤੇ ਮੁਲਾਜਮਾ ਦੇ ਅੰਦੋਲਨਾਂ ਨੂੰ ਦਬਾਉਣ ਲਈ ਐਸਮਾਂ ਵਰਗੇ ਕਾਲ਼ੇ ਕਨੂੰਨ ਪੰਜਾਬ ਦੇ ਸਿਰ ਥੋਪੇ ਜਾ ਰਹੇ ਹਨ।

ਇਸ ਸਮੇਂ ਤੀਰਥ ਸਿੰਘ ਬਾਸੀ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾਂ, ਗੁਰਦੀਪ ਬਾਜਵਾ, ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ਼, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਸਵਿੰਦਰ ਸਮਾਣਾ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੇਰੇਵਾਲ, ਦਿਲਦਾਰ ਸਿੰਘ ਭੰਡਾਲ਼, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜ਼ਰ ਸਨ।

# ਮੰਡ ਬਾਊਪੁਰ ਵਿਖੇ ਚੱਲ ਰਹੀ ਬੰਨ੍ਹ ਬੰਨ੍ਹਣ ਦੀ ਸੇਵਾ ਦੌਰਾਨ 2 ਬੱਚੇ ਡੁੱਬੇ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**- ਸੁਲਤਾਨਪੁਰ ਲੋਧੀ ਦੇ ਪਿੰਡ ਬਾਉਪੁਰ ਵਿਖੇ ਬੰਨ੍ਹ ਬੰਨਣ ਦੀ ਸੇਵਾ ਚੱਲ ਰਹੀ ਸੀ, ਜਿਸ ਦੌਰਾਨ ਪਿੰਡ ਰਾਮਪੁਰ ਗੌਰੇ ਦੇ ਦੋ ਪਰਵਾਰਾਂ ਦੇ ਦੋ ਮਾਸੂਮ ਬੱਚੇ ਸ਼ਾਮ ਦੇ ਸਮੇਂ ਖੇਡਦੇ ਖੇਡਦੇ ਦਰਿਆ ਬਿਆਸ ਦੇ ਪਾਣੀ ਵਿੱਚ ਡੁੱਬ ਗਏ। ਜਿਸ ਤੋਂ ਬਾਅਦ ਉਹਨਾਂ ਦੀ ਮੌਤ ਹੋ ਗਈ ਹੈ। ਜਿਨ੍ਹਾਂ ਨੂੰ ਬੜੀ ਮੁਸ਼ਕਤ ਦੇ ਬਾਅਦ ਪਿੰਡ ਵਾਸੀਆਂ ਵੱਲੋਂ ਬੱਚਿਆਂ ਨੂੰ ਪਾਣੀ ਵਿੱਚੋਂ ਕੱਢਿਆ ਗਿਆ ਅਤੇ ਉਹਨਾਂ ਨੂੰ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਲਿਆਦਾ ਗਿਆ। ਜਿੱਥੇ ਡਾਕਟਰਾਂ ਨੇ ਉਹਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਇਸ ਘਟਨਾ ਨਾਲ ਪੂਰੇ ਇਲਾਕੇ 'ਚ ਸੋਕ ਦੀ ਲਹਿਰ ਹੈ। ਮ੍ਰਿਤਕਾਂ ਦੀ ਪਛਾਣ ਗੁਰਬੀਰ ਸਿੰਘ ਗੋਰਾ ਪੁੱਤਰ ਸਤਨਾਮ ਸਿੰਘ ਨਿਵਾਸੀ ਪਿੰਡ ਰਾਮ ਗੌਰੇ ਅਤੇ ਸਮਰਪ੍ਰੀਤ ਸਿੰਘ ਪੁੱਤਰ ਰਾਮ ਸਿੰਘ ਨਿਵਾਸੀ ਰਾਮ ਗੌਰੇ ਹੋਈ ਹੈ ਉਥੇ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਹਲਕੇ ਦੇ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਵੀ ਮੌਕੇ ਪਹੁੰਚਿਆ ਅਤੇ ਉਹਨਾਂ ਨੇ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਪਰਵਾਰ ਵਾਲਿਆਂ ਨੇ ਸਰਕਾਰ ਨੂੰ ਫੇਲ੍ਹ ਦੱਸਿਆ ਹੈ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਕਾਰਨ ਸਾਡੇ ਬੱਚੇ ਨਹੀਂ ਰਹੇ ਹਨ। ਉਹਨਾਂ ਨੇ ਸਰਕਾਰ ਦੇ ਖਿਲਾਫ ਰੋਸ ਵੀ ਜਾਹਿਰ ਕੀਤਾ। ਜਿਕਰਯੋਗ ਹੈ ਕਿ ਇਹ ਪਿੰਡ ਪਿਛਲੇ 2 ਮਹੀਨੇ ਹੜ੍ਹ ਦੀ ਮਾਰ ਝੱਲ ਰਹੇ ਹਨ ਅਤੇ ਪਰਵਾਰਕ ਮੈਂਬਰਾਂ ਦਾ ਰੋ ਰੋ ਕੇ ਬੁਰਾ ਹਾਲ ਸੀ ਅਤੇ ਮੌਕੇ ਪੁਲਸ ਪਹੁੰਚ ਕੇ ਮਾਮਲੇ ਦੀ ਜਾਂਚ ਕਰ ਰਹੀ ਹੈ।

# ਸਰਕਾਰ ਨੂੰ ਜਗਾਉਣ ਲਈ ਵੱਖ-ਵੱਖ ਜਥੇਬੰਦੀਆਂ ਦੀ ਮੀਟਿੰਗ ਅੱਜ



**ਨੂਰਮਹਿਲ (ਬਾਲ ਕ੍ਰਿਸਨ ਬਾਲੀ)** ਲਗਾਤਾਰ ਲਗਾਏ ਜਾ ਰਹੇ ਧਰਨੇ ਦੇ ਸੰਬੰਧ 'ਚ 26 ਸਤੰਬਰ ਦਿਨ ਮੰਗਲਵਾਰ ਨੂੰ 2:30 ਵਜੇ ਮੀਟਿੰਗ ਰੱਖੀ ਗਈ ਹੈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੀ ਅੱਧੀ ਅਧੂਰੀ ਇਮਾਰਤ ਨੂੰ ਪੂਰੀ ਇਮਾਰਤ ਬਣਾਉਣ ਦੇ ਸੰਬੰਧ 'ਚ ਬਾਲ ਕ੍ਰਿਸਨ ਬਾਲੀ ਪੱਤਰਕਾਰ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪਾਸੋਂ ਅਤੇ ਹਲਕਾ ਨਕੋਦਰ ਦੇ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਪਾਸੋਂ ਮੰਗ ਕੀਤੀ ਗਈ ਸੀ ਕਿ ਇਸ ਸਕੂਲ ਦੀ ਇਮਾਰਤ ਨੂੰ ਪੂਰੀ ਇਮਾਰਤ ਬਣਾਈ ਜਾਵੇ। ਇਹ ਧਰਨਾ 11 ਸਤੰਬਰ ਨੂੰ ਲਾਇਆ ਗਿਆ ਸੀ, ਪਰ ਅੱਜ ਇਹ ਧਰਨਾ 15ਵੇਂ ਦਿਨ 'ਚ ਦਾਖਲ ਹੋ ਗਿਆ ਹੈ। ਪੰਜਾਬ ਸਰਕਾਰ ਵੱਲੋਂ ਅਤੇ ਹਲਕਾ ਨਕੋਦਰ ਦੇ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਵਲੋਂ ਹਾਂ ਜਾਂ ਨਾਂਹ ਦਾ ਕੋਈ ਵੀ ਸੁਨੇਹਾ ਨਹੀਂ ਆਇਆ। ਧਰਨਾਕਾਰੀਆਂ ਨੇ ਪੰਜਾਬ ਸਰਕਾਰ ਨੂੰ ਕੁੰਭ ਕਰਨੀ ਨੀਂਦ ਜਗਾਉਣ ਲਈ ਵੱਖ ਵੱਖ ਸਮਾਜ ਸੇਵਕ ਜਥੇਬੰਦੀਆਂ ਦੇ ਆਗੂਆਂ, ਪੇਂਡੂ ਮਜ਼ਦੂਰ ਯੂਨੀਅਨ, ਲੰਬੜਦਾਰ ਯੂਨੀਅਨ, ਸ਼ਹਿਰੀ ਬੀ ਐਸ ਪੀ ਨੂਰਮਹਿਲ, ਕਿਰਤੀ ਕਿਸਾਨ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ, ਟੀਚਰ ਯੂਨੀਅਨ, ਆਂਗਣਵਾੜੀ ਵਰਕਰਾਂ ਯੂਨੀਅਨ, ਬਿਜਲੀ ਮੁਲਾਜ਼ਮਾਂ ਯੂਨੀਅਨ, ਇਸਤਰੀ ਜਾਗ੍ਰਿਤੀ ਮੰਚ ਯੂਨੀਅਨ, ਨੌਜਵਾਨ ਭਾਰਤ ਸਭਾ, ਮੈਡੀਕਲ ਐਸੋਸੀਏਸਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਪੰਜਾਬ ਆਦਿ ਆਗੂਆਂ ਦੀ ਸੰਘਰਸ਼ ਨੂੰ ਤੇਜ ਕਰਨ ਸੰਬੰਧੀ ਅਤੇ ਅਗਲਾ ਐਕਸ਼ਨ ਲੈਣ ਸੰਬੰਧੀ ਅੱਜ ਨੂਰਮਹਿਲ ਮੀਟਿੰਗ ਰੱਖੀ ਗਈ ਹੈ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦਾ ਵੱਡਾ ਜਥਾ ਜਲੰਧਰ ਮਹਾਂਰੈਲੀ ਲਈ ਰਵਾਨਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫ਼ਰੰਟ ਦੀ ਜਲੰਧਰ ਮਹਾਂਰੈਲੀ 'ਚ ਸ਼ਮੂਲੀਅਤ ਕਰਨ ਲਈ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ ਪੀ ਪੀ ਐੱਫ) ਅਤੇ ਡੈਮੋਕਰੈਟਿਕ ਟੀਚਰਜ਼ ਫ਼ਰੰਟ (ਡੀ ਟੀ ਐਫ) ਦੇ ਝੰਡੇ ਹੇਠ ਅਧਿਆਪਕਾਂ ਦਾ ਇੱਕ ਵੱਡਾ ਜਥਾ ਸੂਬਾਈ ਅਧਿਆਪਕ ਆਗੂਆਂ ਮੁਕੇਸ਼ ਗੁਜਰਾਤੀ, ਸੁਖਦੇਵ ਡਾਨਸੀਵਾਲ, ਇੰਦਰ ਸੁਖਦੀਪ ਸਿੰਘ ਓਢਰਾ, ਮਨਜੀਤ ਸਿੰਘ ਦਸੂਹਾ, ਰਜਿੰਦਰ ਹੇਜਮਾਂ ਅਤੇ ਬਲਜਿੰਦਰ ਸਹੋਤਾ ਦੀ ਅਗਵਾਈ ਹੇਠ ਰਵਾਨਾ ਹੋਇਆ। ਰਵਾਨਾ ਹੋਣ ਸਮੇਂ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਚੋਣਾ ਤੋਂ ਪਹਿਲਾਂ ਪੰਜਾਬ ਦੇ ਮਾਣ ਭੱਤੇ 'ਤੇ ਲੱਗੀਆਂ ਆਸ਼ਾ ਵਰਕਰਾਂ, ਫੇਸਿਲੀਟੇਟਰਾ, ਮਿਡ-ਡੇ-ਮੀਲ ਵਰਕਰਾਂ ਅਤੇ ਜੰਗਲਾਤ ਦੇ ਵਰਕਰਾਂ 'ਤੇ ਘੱਟੋ ਘੱਟ ਤਨਖਾਹ ਲਾਗੂ ਕਰਨ, ਮੁਲਾਜਮਾ ਦੇ ਕੱਟੇ ਭੱਤੇ ਬਹਾਲ ਕਰਕੇ ਪੇ ਕਮਿਸ਼ਨ ਰਿਪੋਰਟ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਬਣਨ 'ਤੇ ਸਰਕਾਰ ਟਾਲਮਟੋਲ ਨੀਤੀ ਤੇ ਚੱਲ ਰਹੀ ਹੈ। ਇਸ ਜਥੇ ਵਿੱਚ ਰੇਸ਼ਮ ਸਿੰਘ ਧੁੱਗਾ, ਮਨਜੀਤ ਸਿੰਘ ਬਾਬਾ, ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਪਰਵੀਨ ਸ਼ੇਰਪੁਰ, ਸੋਮ ਪਾਲ, ਹੰਸ ਰਾਜ, ਬਲਜਿੰਦਰ ਸਿੰਘ, ਜਰਨੈਲ ਸਿੰਘ, ਮਨਜੀਤ ਬੰਗਾ, ਵਿਨੈ ਕੁਮਾਰ, ਸੰਦੀਪ ਕੁਮਾਰ, ਹੈੱਡਮਾਸਟਰ ਸੰਜੀਵ ਕਲਸੀ, ਮਨਜੀਤ ਸਿੰਘ ਧਾਲੀਵਾਲ, ਬਲਬੀਰ ਸਿੰਘ ਧਾਮੀ, ਜਸਵਿੰਦਰ ਮਠਾਰੂ, ਦਲਜੀਤ ਸਿੰਘ ਬੇਗਮਪੁ, ਗੁਰਪਾਲ ਸਿੰਘ, ਕਰਨੈਲ ਸਿੰਘ, ਸ਼ਿੰਗਾਰਾ ਰਾਮ, ਮੈਡਮ ਨਿਧੀ ਅਤੇ ਹਰਿੰਦਰ ਸਿੰਘ ਆਦਿ ਰੈਲੀ ਵਿੱਚ ਜਾਣ ਵਾਲੇ ਜੱਥੇ 'ਚ ਸ਼ਾਮਲ ਸਨ।

# ਅਮਨ-ਚੈਨ ਤੇ ਸਾਂਝੀਵਾਲਤਾ ਦੀ ਰਾਖੀ ਲਈ ਮੋਦੀ ਨੂੰ ਚਲਦਾ ਕਰੋ : ਪਾਸਲਾ

**ਜਲੰਧਰ** : ਦੇਸ਼ ਦੇ ਅਮਨ-ਚੈਨ ਦੀ ਸਲਾਮਤੀ ਅਤੇ ਭਾਈਚਾਰਕ ਸਾਂਝ ਦੀ ਰਾਖੀ ਲਈ 2024 'ਚ ਹੋਣ ਜਾ ਰਹੀਆਂ ਆਮ ਚੋਣਾਂ 'ਚ ਕਾਰਪੋਰੇਟ ਲੋਟੂਆਂ ਦੀ ਚਾਕਰ, ਗਰੀਬ ਦੋਖੀ-ਦੇਸ਼ ਵਿਰੋਧੀ ਮੋਦੀ ਸਰਕਾਰ ਦਾ ਬਿਸਤਰਾ ਗੋਲ ਕਰੋ।' ਦੇਸ਼ ਵਾਸੀਆਂ ਨੂੰ ਇਹ ਅਰਜੋਈ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਸਥਾਨਕ ਗੜ੍ਹਾ ਵਿਖੇ ਪਾਰਟੀ ਦੀ ਜਲੰਧਰ ਤਹਿਸੀਲ ਕਮੇਟੀ ਵੱਲੋਂ ਆਯੋਜਿਤ ਭਰਵੀਂ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤੀ। ਸਾਥੀ ਪਾਸਲਾ ਨੇ ਕਿਹਾ ਕਿ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ), ਭਾਜਪਾ ਅਤੇ ਸੰਘ ਪਰਿਵਾਰ ਨਾਲ ਸੰਬੰਧਤ ਖਰੂਦੀ ਸੰਗਠਨ ਫਿਰਕੂ ਵੰਡ ਤਿੱਖੀ ਕਰਕੇ ਅਤੇ ਅਡਾਨੀ-ਅੰਬਾਨੀ ਵੱਲੋਂ ਆਪਣੀ ਕਾਲੀ ਕਮਾਈ 'ਚੋਂ ਦਿੱਤੇ ਬੇਸ਼ੁਮਾਰ ਧਨ ਦੇ ਜੋਰ 'ਤੇ ਬੇਰੁਜ਼ਗਾਰੀ-ਮਹਿੰਗਾਈ 'ਤੇ ਕਾਬੂ ਪਾਉਣ ਆਦਿ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਪੱਖੋਂ ਅਸਲੋਂ ਨਕਾਰਾ ਸਾਬਤ ਹੋਈ ਮੋਦੀ-ਸ਼ਾਹ ਸਰਕਾਰ ਨੂੰ ਤੀਜੀ ਵਾਰ ਦੇਸ਼ ਦੀ ਰਾਜ ਗੱਦੀ 'ਤੇ ਬਿਠਾਉਣ ਲਈ ਦੇਸ਼ ਭਰ 'ਚ ਹਿੰਸਾ ਦਾ ਤਾਂਡਵ ਮਚਾਉਣ ਦੀ ਮਨਸੂਬਾਬੰਦੀ ਕਰੀ ਬੈਠੇ ਹਨ। ਉਨ੍ਹਾਂ ਕਿ ਆਰਐਸਐਸ, ਦੇਸ਼ ਦੇ ਲੋਕਰਾਜੀ, ਧਰਮ ਨਿਰਪੱਖ ਅਤੇ ਫੈਡਰਲ ਢਾਂਚੇ ਨੂੰ ਤਹਿਸ-ਨਹਿਸ ਕਰਕੇ ਭਾਰਤ ਨੂੰ ਮਨੂੰਵਾਦੀ ਸ਼ਾਸ਼ਨ ਪ੍ਰਣਾਲੀ ਵਾਲੇ ਧਰਮ ਆਧਾਰਿਤ ਕੱਟੜ ਰਾਸ਼ਟਰ 'ਚ ਤਬਦੀਲ ਕਰਨ ਲਈ ਮੁਸਲਮਾਨਾਂ ਤੇ ਈਸਾਈਆਂ 'ਤੇ ਜਾਨਲੇਵਾ ਹਮਲੇ ਕਰਵਾ ਰਿਹਾ ਹੈ ਅਤੇ ਇਨ੍ਹਾਂ ਖਿਲਾਫ਼ ਨਿਰੋਲ ਝੂਠ 'ਤੇ ਆਧਾਰਿਤ ਪ੍ਰਚਾਰ ਮੁਹਿੰਮ ਚਲਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਔਰਤਾਂ, ਦਲਿਤਾਂ-ਆਦਿਵਾਸੀਆਂ ਅਤੇ ਹੋਰ ਹਾਸ਼ੀਆਗਤ ਸਮੂਹਾਂ 'ਤੇ ਸੰਘੀ ਸੰਗਠਨਾਂ ਵੱਲੋਂ ਦੇਸ਼ ਭਰ 'ਚ ਢਾਹੇ ਜਾਂਦੇ ਅਮਾਨਵੀ ਅੱਤਿਆਚਾਰ ਵੀ ਸੰਘ ਦੀ ਇਸੇ ਤਬਾਹਕੁੰਨ ਸੋਚ ਦੀ ਪੈਦਾਇਸ਼ ਹਨ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਭਾਰਤ ਦੀ ਸੁਤੰਤਰਤਾ ਤੇ ਇੱਕਜੁਟਤਾ, ਖੁਦ ਮੁਖਤਿਆਰੀ ਅਤੇ ਸਾਂਝੀਵਾਲਤਾ ਨੂੰ ਕਾਇਮ ਰੱਖਣ ਲਈ ਸੰਘ ਪਰਵਾਰ ਦੇ ਫਿਰਕੂ-ਫਾਸ਼ੀ, ਵੰਡਵਾਦੀ ਏਜੰਡੇ ਅਤੇ ਦੇਸ਼ ਦੇ ਕੁਦਰਤੀ ਵਸੀਲੇ ਤੇ ਜਨਤਕ ਜਾਇਦਾਦਾਂ ਲੁਟਾਉਣ ਵਾਲੀਆਂ ਮੋਦੀ ਸਰਕਾਰ ਦੀਆਂ ਲੋਕ ਦੋਖੀ-ਦੇਸ਼ ਵਿਰੋਧੀ ਨਵਉਦਾਰਵਾਦੀ ਨੀਤੀਆਂ ਨੂੰ ਭਾਂਜ ਦੇਣਾ ਅਜੋਕੇ ਦੌਰ 'ਚ ਭਾਰਤੀ ਲੋਕਾਈ ਦੇ ਕਰਨ ਗੋਚਰੇ ਦੋ ਪ੍ਰਮੁੱਖ ਕਾਰਜ ਹਨ। ਬੀਬੀ ਰਘਬੀਰ ਕੌਰ, ਨੌਜਵਾਨ ਆਗੂਆਂ ਧਰਮਿੰਦਰ ਸਿੰਘ ਮੁਕੇਰੀਆਂ ਤੇ ਸ਼ਮਸ਼ੇਰ ਸਿੰਘ ਬਟਾਲਾ ਤੇ ਵਿਦਿਆਰਥੀ ਆਗੂ ਰਵਿੰਦਰ ਸਿੰਘ ਲੋਹਗੜ੍ਹ ਨੇ ਸੂਬੇ ਦੀ ਭਗਵੰਤ ਮਾਨ ਸਰਕਾਰ ਦੀਆਂ ਮਾਰੂ ਨੀਤੀਆਂ ਅਤੇ ਨੁਕਸਦਾਰ ਪ੍ਰਸ਼ਾਸਨਿਕ ਕਾਰਜ ਪ੍ਰਣਾਲੀ ਵਿਰੁੱਧ ਤਕੜੇ ਘੋਲ ਵਿੱਢਣ ਦਾ ਸੱਦਾ ਦਿੱਤਾ। ਕਾਨਫਰੰਸ ਦੀ ਪ੍ਰਧਾਨਗੀ ਹਰੀ ਮੁਨੀ ਸਿੰਘ, ਸੁਨੀਤਾ ਨੂਰਪੁਰੀ ਅਤੇ ਡਾਕਟਰ ਬਲਵਿੰਦਰ ਸਿੰਘ ਨੇ ਕੀਤੀ। ਸਟੇਜ ਦੀ ਕਾਰਵਾਈ ਤਹਿਸੀਲ ਸਕੱਤਰ ਕਾਮਰੇਡ ਬਲਦੇਵ ਸਿੰਘ ਨੂਰਪੁਰੀ ਨੇ ਚਲਾਈ। ਇਹ ਕਾਨਫਰੰਸ ਲੋਕ ਮੁਕਤੀ ਦੇ ਘੋਲਾਂ ਲਈ ਜੀਵਨ ਲਾਉਣ ਵਾਲੇ ਮਿਸਾਲੀ ਕਮਿਊਨਿਸਟ ਰਹਿਬਰਾਂ ਸਾਥੀ ਸਤਵੰਤ ਸਿੰਘ, ਗੁਰਚਰਨ ਸਿੰਘ ਰੰਧਾਵਾ, ਪੰਡਿਤ ਕਿਸ਼ੋਰੀ ਲਾਲ, ਦਲੀਪ ਸਿੰਘ ਜੌਹਲ, ਰਾਜਿੰਦਰ ਸਿੰਘ ਸਰੀਂਹ,ਸੁਹੇਲ ਸਿੰਘ ਨੂੰ ਸਮਰਪਿਤ ਸੀ।




ਜਵਾਹਰ ਚੌਰਸੀਆ, ਸੁਦੇਸ਼ ਗੜ੍ਹਾ, ਬਲਜੀਤ ਕੌਰ ਜਮਸ਼ੇਰ, ਕੰਚਨ, ਪਾਰਵਤੀ, ਅਮਨ ਵੀ ਮੌਜੂਦ ਰਹੇ। ਸਮੁੱਚਾ ਪੰਡਾਲ ਪਾਰਟੀ ਦੇ ਝੰਡੇ-ਬੈਨਰਾਂ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੀ ਗੁਰੂ ਰਵਿਦਾਸ ਜੀ ਤੇ ਕਬੀਰ ਜੀ ਦੀਆਂ ਮਾਨਵਤਾਵਾਦੀ ਸਿੱਖਿਆਵਾਂ ਨੂੰ ਦਰਸਾਉਂਦੀਆਂ ਫਲੈਕਸਾਂ ਨਾਲ ਸਜਾਇਆ ਹੋਇਆ ਸੀ।

# ਪੰਜਾਬ ਰਾਜ ਪੈਨਸ਼ਨਰਜ਼ ਮਹਾਂ ਸੰਘ ਵੱਲੋਂ ਵੱਖਰੇ ਪ੍ਰੋਗਰਾਮ ਕਰਨਾ ਸਾਂਝੇ ਸੰਘਰਸ਼ਾਂ ਨੂੰ ਢਾਹ : ਧਨੋਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਪੰਜਾਬ ਮੁਲਾਜਮ/ਪੈਂਸ਼ਨਰਜ਼ ਸਾਂਝੇ ਫਰੰਟ ਦੇ ਕਨਵੀਨਰ ਕਰਮ ਸਿੰਘ ਧਨੋਆ ਅਤੇ ਕਨਫੈਡਰੇਸਨ ਦੇ ਜਨਰਲ ਸਕੱਤਰ ਕੁਲਵਰਨ ਸਿੰਘ ਵੱਲੋਂ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਮੁਲਾਜਮ/ਪੈਸ਼ਨਰਜ਼ ਸਾਂਝੇ ਫਰੰਟ ਵੱਲੋਂ 20 ਅਗਸਤ ਨੂੰ ਜਲੰਧਰ ਕੰਵੈਨਸ਼ਨ 'ਚ 14 ਅਕਤੂਬਰ ਦੀ ਚੰਡੀਗੜ੍ਹ ਰੈਲੀ ਦਾ ਐਲਾਨ ਕੀਤਾ ਗਿਆ ਸੀ। ਬੜੀ ਹੈਰਾਨੀ ਦੀ ਗੱਲ ਹੈ ਕਿ ਫਰੰਟ 'ਚ ਸ਼ਾਮਲ ਜਥੇਬੰਦੀ (ਪੰਜਾਬ ਰਾਜ ਪੈਂਸ਼ਨਰਜ਼ ਮਹਾਂ ਸੰਘ) ਵੱਲੋਂ 24/9/23 ਦੀ ਜਲੰਧਰ ਅਤੇ ਮਲੋਟ ਰੈਲੀਆਂ ਤੋਂ ਇੱਕ ਦਿਨ ਪਹਿਲਾਂ 23/9/23 ਲੁਧਿਆਣਾ ਪੈਨਸ਼ਨ ਭਵਨ ਵਿਖੇ ਵੱਖਰੀ ਕੰਵੈਨਸ਼ਨ ਕੀਤੀ ਗਈ। ਇਸ ਤਰ੍ਹਾਂ ਕਰਕੇ ਮਹਾਂਸੰਘ ਕੀ ਸਾਬਤ ਕਰਨਾ ਚਾਹੁੰਦਾਂ ਹੈ ? ਕੀ ਇੱਕਲਾ ਮਹਾਂਸੰਘ ਮੰਗਾਂ ਦੀ ਪ੍ਰਾਪਤੀ ਕਰ ਸਕਦਾ ਹੈ ? ਉਨ੍ਹਾਂ ਕਿਹਾ ਕਿ ਮਿਲੀ ਜਾਣਕਾਰੀ ਅਨੁਸਾਰ ਇਸੇ ਕਾਰਨ ਇਸ ਜਥੇਬੰਦੀ ਦੀ ਜਲੰਧਰ ਅਤੇ ਮਲੋਟ ਵਿਖੇ ਮਹਾਂ ਸੰਘ ਵਲੋਂ ਰੈਲੀਆਂ ਵਿੱਚ ਸ਼ਮੂਲੀਅਤ ਵੀ ਨਹੀ ਹੋ ਸਕੀ। ਉਨ੍ਹਾਂ ਕਿਹਾ ਕਿ ਮਹਾਸੰਘ ਨੂੰ ਸੰਘਰਸ਼ ਦੀ ਏਕਤਾ ਨੂੰ ਮੁੱਖ ਰੱਖਦੇ ਹੋਏ ਆਪਣੀ ਕੰਵੈਨਸ਼ਨ ਦੀ ਤਾਰੀਖ ਬਦਲ ਲੈਣੀ ਚਾਹੀਦੀ ਸੀ ਲੇਕਿਨ ਅਜਿਹਾ ਨਹੀਂ ਹੋਇਆ। ਅਜਿਹੀਆਂ ਕਾਰਵਾਈਆਂ ਨਾਲ ਸਾਂਝੀ ਏਕਤਾ/ਸੰਘਰਸ਼ ਨੂੰ ਸੱਟ ਤਾਂ ਵੱਜਦੀ ਹੀ ਹੈ ਸਗੋਂ ਅਜਿਹੀਆਂ ਕਾਰਵਾਈਆਂ ਸਰਕਾਰ ਦੇ ਹਿੱਤ 'ਚ ਹੀ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇਕ ਹਿੰਦੀ ਦੇ ਅਖਬਾਰ ਦੀ ਖਬਰ ਵਿੱਚ ਤਾਂ ਇਹ ਵੀ ਲਿਖਿਆ ਗਿਆ ਹੈ ਕਿ 14 ਅਕਤੂਬਰ ਨੂੰ ਮਹਾਂਸੰਘ ਚੰਡੀਗੜ੍ਹ ਵਿਖੇ ਰੈਲੀ ਕਰੇਗਾ। ਉਨ੍ਹਾਂ ਕਿਹਾ ਕਿ ਫਰੰਟ ਵਿਚ ਸ਼ਾਮਲ ਸਮੂਹ ਜਥੇਬੰਦੀਆਂ ਨੂੰ ਵੱਖਰੇ ਪ੍ਰੋਗਰਾਮ ਦੇਣ ਸਮੇਂ ਸਾਂਝੇ ਫਰੰਟ ਵੱਲੋਂ ਉਲੀਕੇ ਐਕਸ਼ਨਾਂ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ ਤਾਂ ਕਿ ਸਾਂਝੇ ਸੰਘਰਸ਼ਾਂ ਨੂੰ ਢਾਹ ਨਾ ਲੱਗੇ, ਸਗੋਂ ਸਾਂਝੇ ਸੰਘਰਸਾਂ ਸਦਕਾ ਸਰਕਾਰ ਤੇ ਦਬਾਅ ਵਧਾ ਕੇ ਮੰਗਾਂ ਦੀ ਪ੍ਰਾਪਤੀ ਕੀਤੀ ਜਾ ਸਕੇ।

# ਲਾਇਲਪੁਰ ਖ਼ਾਲਸਾ ਕਾਲਜ 'ਚ ਨਵੇਂ ਆਏ ਵਿਦਿਆਰਥੀਆਂ ਲਈ ਉਲੀਕਿਆ ਸਵਾਗਤੀ ਪ੍ਰੋਗਰਾਮ



**ਜਲੰਧਰ (ਸ਼ੈਲੀ ਐਲਬਰਟ)**- ਉੱਤਰੀ ਭਾਰਤ ਦੀ ਸਿਰਮੌਰ ਵਿਦਿਅਕ ਸੰਸਥਾ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਕਾਮਰਸ ਵਿਭਾਗ ਵਲੋਂ ਸੈਸ਼ਨ 2023-24 ਵਿੱਚ ਨਵੇਂ ਆਏ ਵਿਦਿਆਰਥੀਆਂ ਨੂੰ ਜੀ ਆਇਆ ਕਹਿਣ ਲਈ ਇਕ ਵਿਸ਼ੇਸ਼ ਸਵਾਗਤੀ ਪ੍ਰੋਗਰਾਮ ਉਲੀਕਿਆ ਗਿਆ । ਇਸ ਪ੍ਰੋਗਰਾਮ ਵਿਚ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਵਿਭਾਗ ਦੇ ਸੀਨੀਅਰ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿਚ ਗਿੱਧਾ, ਭੰਗੜਾ, ਸਕਿੱਟ, ਗੀਤ, ਕਵਿਤਾਵਾਂ ਅਤੇ ਮੰਨੋਰੰਜਨ ਭਰਪੂਰ ਖੇਡਾਂ ਦੀ ਪੇਸ਼ਕਾਰੀ ਕੀਤੀ। ਇਸ ਮੌਕੇ 'ਤੇ ਵਿਭਾਗ ਦੇ ਮੁਖੀ ਡਾ. ਰਛਪਾਲ ਸਿੰਘ ਸੰਧੂ ਨੇ ਮੁੱਖ ਮਹਿਮਾਨ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਜੀ ਆਇਆ ਕਿਹਾ ਅਤੇ ਵਿਦਿਆਰਥੀਆਂ ਦੇ ਕਾਮਯਾਬ ਭਵਿੱਖ ਦੀ ਕਾਮਨਾ ਕੀਤੀ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਆਪਣੇ ਭਾਸ਼ਣ ਦੌਰਾਨ ਬੋਲਦਿਆਂ ਕਿਹਾ ਕਿ ਲਾਇਲਪੁਰ ਖ਼ਾਲਸਾ ਕਾਲਜ ਵਿਦਿਆਰਥੀਆਂ ਲਈ ਇਕ ਅਜਿਹਾ ਪਲੇਟਫਾਰਮ ਹੈ ਜਿਹੜਾ ਵਿਦਿਆਰਥੀਆਂ ਦੀ ਹਰ ਪੱਧਰ ਦੀ ਕਾਮਯਾਬੀ ਲਈ ਵਿਸ਼ੇਸ਼ ਮੌਕੇ ਪੈਦਾ ਕਰਦਾ ਹੈ। ਉਨ੍ਹਾਂ ਬੜੇ ਮਾਣ ਨਾਲ ਕਿਹਾ ਕਿ ਸਾਡੇ ਵਿਦਿਆਰਥੀ ਅੱਜ ਅੰਤਰ-ਰਾਸ਼ਟਰੀ ਪੱਧਰ 'ਤੇ ਆਪਣੇ-ਆਪਣੇ ਕਾਲਜ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ। ਉਹਨਾਂ ਨੇ ਵਿਦਿਆਰਥੀਆਂ ਨੂੰ ਉਹਨਾਂ ਦੀ ਕਾਮਯਾਬੀ ਲਈ ਅਸ਼ੀਰਵਾਦ ਦਿੱਤਾ।। ਵਿਦਿਆਰਥੀਆਂ ਦੀ ਪ੍ਰੋਗਰਾਮ ਵਿਚ ਕਾਰਗੁਜਾਰੀ ਦੇ ਆਧਾਰ 'ਤੇ ਤਮੰਨਾ ਐਮ.ਕਾਮ ਸਮੈਸਟਰ ਪਹਿਲਾ ਨੂੰ ਮਿਸ ਫਰੈਸ਼ਰ ਅਤੇ ਜਸਪ੍ਰੀਤ ਸਿੰਘ ਪੀ.ਜੀ.ਡੀ.ਸੀ.ਐਮ. ਨੂੰ ਮਿਸਟਰ ਫਰੈਸ਼ਰ ਦਾ ਖਿਤਾਬ ਦਿੱਤਾ ਗਿਆ ।

ਜਦਕਿ ਸਿਮਰਨ ਕੌਰ ਐਮ.ਕਾਮ ਸਮੈਸਟਰ ਪਹਿਲਾ ਨੂੰ ਮਿਸ ਚਾਰਮਿੰਗ ਅਤੇ ਮਿਸਟਰ ਹਰਪ੍ਰੀਤ ਸਿੰਘ ਨੂੰ ਮਿਸਟਰ ਹੈਂਡਸਮ ਦੇ ਖਿਤਾਬ ਨਾਲ ਨਿਵਾਜਿਆ ਗਿਆ। ਅਖੀਰ ਵਿਚ ਵਿਭਾਗ ਦੇ ਪ੍ਰੋ. ਰਮਿੰਦਰ ਕੌਰ ਭਾਟੀਆ ਨੇ ਮੁੱਖ ਮਹਿਮਾਨ ਦੇ ਨਾਲ-ਨਾਲ ਪ੍ਰੋਗਰਾਮ ਵਿਚ ਆਏ ਹੋਏ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਅਮਿਤਾ ਸ਼ਾਹੀਦ, ਡਾ. ਯੂਬੀਕ ਬੇਦੀ, ਪ੍ਰੋ. ਰਵਨੀਤ ਬੈਂਸ, ਪ੍ਰੋ. ਵਿਵੇਕ ਮਹਾਜਨ, ਪ੍ਰੋ. ਨਵਦੀਪ ਕੁਮਾਰ, ਡਾ. ਪਤਵੰਤ ਅਟਵਾਲ ਸਮੇਤ ਸਮੂਹ ਅਧਿਆਪਕ ਸਾਹਿਬਾਨ ਵੀ ਹਾਜ਼ਰ ਸਨ।

# ਬਿਆਸ ਦਰਿਆ ਤੇ ਆਹਲੀ ਕਲਾਂ ਬੰਨ੍ਹ ਬੰਨ੍ਹਣ ਲਈ ਸ਼੍ਰੋਮਣੀ ਕਮੇਟੀ ਦੇਵੇਗੀ 5 ਲੱਖ ਦੀ ਮਦਦ : ਜਥੇ ਕੁਲਾਰ

**ਸੁਲਤਾਨਪੁਰ ਲੋਧੀ (ਹਨੀ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠਾਂ ਬੀਤੇ ਦਿਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਹੋਈ ਮੀਟਿੰਗ ਵਿਚ ਦਰਿਆ ਬਿਆਸ ਤੇ ਪਿੰਡ ਆਹਲੀਕਲਾਂ ਨੇੜੇ ਬੰਨ੍ਹ ਬੰਨਣ ਦੀ ਚੱਲ ਰਹੀ ਸੇਵਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ 5 ਲੱਖ ਰੁਪਏ ਡੀਜਲ ਆਦਿ ਲਈ ਦੇਣ ਦਾ ਵੱਡਾ ਫੈਸਲਾ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਜਥੇ ਸਰਵਣ ਸਿੰਘ ਕੁਲਾਰ ਜਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਕਪੂਰਥਲਾ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤਾਂ ਦੇ ਸਹਿਯੋਗ ਨਾਲ ਪਿਛਲੇ ਕਈ ਮਹੀਨਿਆਂ ਤੋਂ ਹੜ੍ਹ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੀ ਲਗਾਤਾਰ ਮੱਦਦ ਕਰਦੀ ਆ ਰਹੀ ਹੈ ਤੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਤੋਂ ਲੰਗਰ ,ਪਾਣੀ ਤੇ ਹੋਰ ਰਾਸ਼ਨ ਆਦਿ ਲੋੜਵੰਦਾਂ ਨੂੰ ਵੰਡਿਆ ਜਾ ਰਿਹਾ ਹੈ। ਜਥੇ ਕੁਲਾਰ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਦੇ ਵੱਖ ਵੱਖ ਪਿੰਡਾਂ ਦੇ ਲੋਕਾਂ ਦਾ ਇਸ ਵਾਰ ਹੜ੍ਹ ਨਾਲ ਭਾਰੀ ਨੁਕਸਾਨ ਹੋਇਆ ਹੈ, ਜਿਨ੍ਹਾਂ ਦੀ ਸਹਾਇਤਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠਾਂ ਪੂਰੇ ਯਤਨ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਪਿਛਲੇ ਦਿਨੀ ਮੇਰੇ ਧਿਆਨ ਵਿਚ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਭਾਈ ਜਰਨੈਲ ਸਿੰਘ ਬੂਲੇ ਤੇ ਹੋਰ ਇਲਾਕੇ ਦੇ ਲੋਕਾਂ ਨੇ ਲਿਆਂਦਾ ਸੀ ਕਿ ਦਰਿਆ ਬਿਆਸ ਦੇ ਹੜ੍ਹ ਨਾਲ ਪ੍ਰਭਾਵਿਤ ਮੰਡ ਖੇਤਰ ਦੇ ਪਿੰਡਾਂ ਦੇ ਲੋਕਾਂ ਵੱਲੋਂ ਮਿਲ ਕੇ ਸੰਤਾਂ ਮਹਾਂਪੁਰਸਾਂ ਦੇ ਸਹਿਯੋਗ ਨਾਲ ਖੁਦ ਬੰਨ ਬੰਨਣ ਦੀ ਕਾਰ ਸੇਵਾ ਜੰਗੀ ਪੱਧਰ 'ਤੇ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਇਸ ਸੰਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਨਾਲ ਮੀਟਿੰਗ ਕਰਕੇ ਇਸ ਸੰਬੰਧੀ ਸਹਿਯੋਗ ਕਰਨ ਦੀ ਅਪੀਲ ਕੀਤੀ ਜਿਸਤੇ ਪ੍ਰਧਾਨ ਸਾਹਿਬ ਨੇ ਤੁਰੰਤ 5 ਲੱਖ ਰੁਪਏ ਬੰਨ ਬਣਾਉਣ ਲਈ ਸਹਾਇਤਾ ਲੋੜ ਅਨੁਸਾਰ ਪ੍ਰਬੰਧਕਾਂ ਨੂੰ ਦੇਣ ਦਾ ਫੈਸਲਾ ਕੀਤਾ ਤੇ ਬਕਾਇਦਾ ਪ੍ਰਧਾਨ ਧਾਮੀ ਸਾਹਿਬ ਨੇ ਸ੍ਰੀ ਗੁਰੂ ਨਾਨਕ ਦੇਵ ਦੇ ਵਿਆਹ ਪੁਰਬ ਮੌਕੇ ਐਲਾਨ ਵੀ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਪੰਜ ਲੱਖ ਵਿਚੋਂ ਪਹਿਲੀ ਕਿਸ਼ਤ ਡੇਢ ਲੱਖ ਰੁਪਏ ਦਾ ਸ਼੍ਰੋਮਣੀ ਕਮੇਟੀ ਵੱਲੋਂ ਡੀਜਲ ਖਰੀਦ ਕੇ ਪ੍ਰਬੰਧਕਾਂ ਨੂੰ ਭੇਟ ਕਰ ਦਿੱਤਾ ਗਿਆ ਹੈ ਤੇ ਬਾਕੀ ਰਕਮ ਵੀ ਸਮੇਂ ਸਮੇਂ ਤੇ ਲੋੜੀਂਦੇ ਡੀਜਲ ਆਦਿ ਲਈ ਦਿੱਤੀ ਜਾਵੇਗੀ। ਇਸ ਸਮੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਦੇ ਇਲਾਵਾ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਪ੍ਰਤਾਪ ਸਿੰਘ , ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਗੁਰਪ੍ਰੀਤ ਕੌਰ, ਜਥੇ ਜਰਨੈਲ ਸਿੰਘ ਡੋਗਰਾਂਵਾਲ , ਜਥੇ ਗੁਰਿੰਦਰਪਾਲ ਸਿੰਘ ਗੋਰਾ ਬਟਾਲਾ, ਜਥੇ ਬਲਦੇਵ ਸਿੰਘ ਕਲਿਆਣ , ਮੈਨੇਜਰ ਬੇਰ ਸਾਹਿਬ ਭਾਈ ਜਰਨੈਲ ਸਿੰਘ ਬੂਲੇ, ਇੰਜ. ਸਵਰਨ ਸਿੰਘ ਮੈਂਬਰ ਪੀ.ਏ.ਸੀ. ਅਕਾਲੀ ਦਲ ਤੇ ਹੋਰਨਾਂ ਆਗੂਆਂ ਸ਼ਿਰਕਤ ਕੀਤੀ ।



26-Sep-PAGE-9.qxd 9/25/2023 11:02 PM Page 1



# ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਬਲਕਾਰ ਸਿੰਘ ਦੇ ਘਰ ਦਾ ਘਿਰਾਓ ਤੇ ਰੈਲੀ

**ਜਲੰਧਰ (ਰਜੇਸ਼ ਥਾਪਾ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਦੇ ਸੂਬਾ ਪ੍ਰੋਗਰਾਮ ਅਨੁਸਾਰ ਫਰੰਟ ਵੱਲੋਂ ਅੱਜ ਬੂਟਾ ਮੰਡੀ ਜਲੰਧਰ ਵਿਖੇ ਰੈਲੀ ਕਰਕੇ ਕੈਬਨਿਟ ਮੰਤਰੀ ਬਲਕਾਰ ਸਿੰਘ ਦੇ ਘਰ ਦਾ ਘਿਰਾਓ ਕੀਤਾ ਗਿਆ। ਜਿਸ ਵਿੱਚ ਭਾਰੀ ਗਿਣਤੀ ਵਿੱਚ ਮੁਲਾਜ਼ਮਾਂ, ਪੈਨਸ਼ਨਰਾਂ, ਮਿਡ ਡੇ ਮੀਲ ਵਰਕਰਾਂ, ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੇ ਸ਼ਮੂਲੀਅਤ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਫਰੰਟ ਦੇ ਆਗੂਆਂ ਜਰਮਨਜੀਤ ਸਿੰਘ, ਸਤੀਸ਼ ਰਾਣਾ, ਸੁਰਿੰਦਰ ਪੁਆਰੀ, ਕੁਲਵਰਨ ਸਿੰਘ, ਸ਼ਿਵ ਕੁਮਾਰ ਤਿਵਾੜੀ, ਅਮਰੀਕ ਸਿੰਘ ਕੰਗ, ਐਨ.ਡੀ. ਤਿਵਾੜੀ, ਅਜੀਤ ਸਿੰਘ ਸੋਢੀ, ਰਾਧੇ ਸ਼ਿਆਮ, ਗੁਰਮੇਲ ਸਿੰਘ ਮੈਲਡੇ, ਜਸਵੀਰ ਸਿੰਘ ਤਲਵਾੜਾ, ਗੁਰਵਿੰਦਰ ਸਿੰਘ, ਸੁਰਜੀਤ ਸਿੰਘ ਗਗੜਾ ਅਤੇ ਬੋਬਿੰਦਰ ਸਿੰਘ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਮਾਣ-ਭੱਤਾ ਵਰਕਰਾਂ, ਕੱਚੇ ਵਰਕਰਾਂ, ਪੈਨਸ਼ਨਰਾਂ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਧਾਰਨ ਕੀਤੇ ਗਏ ਅੜੀਅਲ ਵਤੀਰੇ ਖਿਲਾਫ ਸਾਂਝੇ ਫਰੰਟ ਵੱਲੋਂ ਪੰਜਾਬ ਅੰਦਰ 4 ਕੈਬਨਿਟ ਮੰਤਰੀਆਂ ਦੇ ਘਰਾਂ ਦੇ ਘਿਰਾਓ ਕਰਨ ਦੇ ਫੈਸਲੇ ਤਹਿਤ ਅੱਜ ਜਲੰਧਰ ਵਿਖੇ ਸਥਾਨਕ ਸਰਕਾਰਾਂ ਦੇ ਮੰਤਰੀ ਬਲਕਾਰ ਸਿੰਘ ਮੁਹੱਲੇ ਵਿੱਚ ਦੋਆਬਾ ਜ਼ੋਨ ਦੀ ਵਿਸ਼ਾਲ ਰੈਲੀ ਕਰਕੇ ਮੰਤਰੀ ਦੇ ਘਰ ਦਾ ਘਿਰਾਓ ਕੀਤਾ ਗਿਆ, ਜਿਸ ਵਿੱਚ ਸਾਂਝੇ ਫਰੰਟ ਨਾਲ ਸਬੰਧਤ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਦੇ ਕਈ ਸੈਂਕੜੇ ਵਰਕਰਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਂਝੇ ਫਰੰਟ ਨੂੰ ਤਿੰਨ ਵਾਰ ਮੀਟਿੰਗ ਦਾ ਸਮਾਂ ਦੇ ਕੇ ਵੀ ਮੀਟਿੰਗ ਨਹੀਂ ਕੀਤੀ ਗਈ ਅਤੇ ਵਿੱਤ ਮੰਤਰੀ ਚੀਮਾ ਨਾਲ ਹੋਈਆਂ ਤਿੰਨ ਮੀਟਿੰਗਾਂ ਦਾ ਵੀ ਕੋਈ ਠੋਸ ਸਿੱਟਾ ਨਹੀਂ ਨਿਕਲਿਆ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਮੌਕੇ ਆਮ ਆਦਮੀ ਪਾਰਟੀ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਮਾਣਭੱਤਾ ਵਰਕਰਾਂ ਦੀਆਂ ਉਜਰਤਾਂ ਵਿੱਚ ਦੁੱਗਣਾ ਵਾਧਾ ਕੀਤਾ ਜਾਵੇਗਾ, ਪਹਿਲੀ ਕੈਬਨਿਟ ਮੀਟਿੰਗ ਵਿੱਚ ਸਮੂਹ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣਗੇ, ਛੇਵੇਂ ਤਨਖਾਹ ਕਮਿਸ਼ਨ ਨੂੰ ਸੋਧ ਕੇ ਮੁਲਾਜ਼ਮ ਤੇ ਪੈਨਸ਼ਨਰ ਪੱਖੀ ਬਣਾਇਆ ਜਾਵੇਗਾ, ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਦਿੱਤਾ ਜਾਵੇਗਾ, ਨਵੀਂ ਪੈਨਸ਼ਨ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇਗੀ, ਪਰਖ ਕਾਲ ਸੰਬੰਧੀ 15-01-2015 ਅਤੇ 09-07-2016 ਦੇ ਨੋਟੀਫਿਕੇਸ਼ਨ ਰੱਦ ਕੀਤੇ ਜਾਣਗੇ, 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕੀਤੇ ਜਾਣਗੇ, ਪੇਂਡੂ ਭੱਤਾ ਅਤੇ ਬਾਰਡਰ ਏਰੀਆ ਭੱਤੇ ਸਮੇਤ ਕੱਟੇ ਗਏ 37 ਕਿਸਮਾਂ ਦੇ ਭੱਤੇ ਅਤੇ ਏ.ਸੀ.ਪੀ. ਬਹਾਲ ਕੀਤੇ ਜਾਣਗੇ। ਪ੍ਰੰਤੂ ਭਗਵੰਤ ਮਾਨ ਸਰਕਾਰ ਵੱਲੋਂ ਉਕਤ ਸਾਰੇ ਵਾਅਦਿਆਂ ਨੂੰ ਠੰਢੇ ਬਸਤੇ ਵਿੱਚ ਰੱਖ ਦਿੱਤਾ ਗਿਆ ਹੈ ਅਤੇ ਦਰਜਾ-4 ਦੀਆਂ ਪੋਸਟਾਂ 'ਤੇ ਰੈਗੂਲਰ ਕੀਤੇ ਜਾਣ ਵਾਲੇ 20-20 ਸਾਲਾਂ ਦੀ ਸੇਵਾ ਕਰ ਚੁੱਕੇ ਕੱਚੇ ਵਰਕਰਾਂ 'ਤੇ ਮਿਡਲ ਪਾਸ ਦੀ ਸ਼ਰਤ ਥੋਪ ਦਿੱਤੀ ਗਈ ਹੈ। ਰੈਲੀ ਵਿੱਚ ਤੀਰਥ ਸਿੰਘ ਬਾਸੀ, ਹਰਿੰਦਰ ਦੁਸਾਂਝ, ਨਵਪ੍ਰੀਤ ਬੱਲੀ, ਸੁਭਾਸ਼ ਮੱਟੂ, ਵੇਦ ਪ੍ਰਕਾਸ਼, ਅਵਤਾਰ ਸਿੰਘ ਤਾਰੀ, ਦੇਵ ਰਾਜ ਲੁਧਿਆਣਾ, ਸੁੱਚਾ ਸਿੰਘ ਕਪੂਰਥਲਾ, ਕੇਵਲ ਸਿੰਘ, ਹਰਿੰਦਰਜੀਤ ਸਿੰਘ ਜਸਪਾਲ, ਫੁੱਲਾ ਸਿੰਘ ਪੱਡਾ ਅਤੇ ਪਰਵਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਛੇਵੇਂ ਤਨਖਾਹ ਕਮਿਸ਼ਨ ਵਿੱਚ 01-01-2016 ਨੂੰ 125% ਡੀ.ਏ. ਨੂੰ ਅਧਾਰ ਬਣਾ ਕੇ ਅਨੁਸਾਰ ਗੁਣਾਂਕ ਤਹਿ ਕੀਤਾ ਜਾਵੇ, ਰਹਿੰਦੇ 8% ਮਹਿੰਗਾਈ ਭੱਤੇ ਦੀਆਂ ਦੋ ਕਿਸ਼ਤਾਂ ਅਤੇ ਪਿਛਲੇ ਬਕਾਏ ਦਿੱਤੇ ਜਾਣ ਅਤੇ ਪੈਨਸਨਰਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੇ ਬਕਾਏ ਯਕਮੁਸ਼ਤ ਦਿੱਤੇ ਜਾਣ। ਉਕਤ ਆਗੂਆਂ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਮਾਨ ਵੱਲੋਂ ਸਾਂਝੇ ਫਰੰਟ ਨਾਲ ਮੀਟਿੰਗ ਕਰਕੇ ਮੰਗਾਂ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ 50 ਹਜ਼ਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਵੱਡੀ ਰੈਲੀ ਕਰਕੇ ਵਿਧਾਨ ਸਭਾ ਵੱਲ ਮਾਰਚ ਕੀਤਾ ਜਾਵੇਗਾ।



ਕੈਬਨਿਟ ਮੰਤਰੀ ਵੱਲੋਂ ਤਹਿਸੀਲਦਾਰ ਜਲੰਧਰ ਗੁਰਪ੍ਰੀਤ ਸਿੰਘ ਘਿਰਾਓ ਵਿੱਚ ਪਹੁੰਚ ਕੇ ਮੰਗ ਪੱਤਰ ਪ੍ਰਾਪਤ ਕੀਤਾ। ਰੈਲੀ ਵਿੱਚ ਵੱਖ ਵੱਖ ਜਥੇਬੰਦੀਆਂ ਵੱਲੋਂ ਕਿਸਨ ਚੰਦ ਜਾਗੋਵਾਲੀਆ, ਡੀ.ਕੇ. ਮਹਿਤਾ, ਮੁਕੇਸ਼ ਗੁਜਰਾਤੀ, ਗੁਰਵਿੰਦਰ ਸਿੰਘ ਸਸਕੌਰ, ਡਿੰਪਲ ਜਲੰਧਰ, ਅਮਨਦੀਪ ਬਾਗਪੁਰ, ਗੁਰਮੁਖ ਸਿੰਘ ਬਾਬਾ, ਜਗਤਾਰ ਸਿੰਘ ਭੁੰਗਰਨੀ, ਮਹਿੰਦਰ ਰਾਮ ਫੁਗਲਾਣਾ, ਗੁਰਜੀਤ ਕੌਰ ਸਾਹਕੋਟ, ਜਸਵਿੰਦਰ ਕੌਰ ਟਾਹਲੀ, ਵੇਦ ਰਾਜ ਗੜ੍ਹਾ, ਮੱਖਣ ਸਿੰਘ ਵਾਹਿਦਪੁਰੀ, ਕੁਲਵਿੰਦਰ ਸਿੰਘ ਜੋਸਨ, ਕੰਵਲਜੀਤ ਸੰਗੋਵਾਲ, ਬਲਵਿੰਦਰ ਸਿੰਘ, ਪ੍ਰੇਮ ਕੁਮਾਰ ਜਲੰਧਰ, ਵਰਿੰਦਰ ਸਿੰਘ ਕੰਬੋਜ, ਕੁਲਦੀਪ ਸਿੰਘ ਕੌੜਾ, ਬਲਵਿੰਦਰ ਕੁਮਾਰ, ਪ੍ਰਮੋਦ ਗਿੱਲ ਅਤੇ ਪੁਸ਼ਪਿੰਦਰ ਵਿਰਦੀ ਆਦਿ ਨੇ ਵੀ ਸੰਬੋਧਨ ਕੀਤਾ।

# ਵਿਧਾਇਕ ਚੱਢਾ ਨੇ ਗੋਪਾਲਪੁਰ 'ਚ ਬਣਨ ਵਾਲੇ ਕਮਿਊਨਿਟੀ ਸੈਂਟਰ ਦਾ ਨੀਂਹ ਪੱਥਰ ਰੱਖਿਆ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**- ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਅੱਜ ਪਿੰਡ ਗੋਪਾਲਪੁਰ ਵਿਖੇ 25 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਕਮਿਊਨਿਟੀ ਸੈਂਟਰ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਪਧਾਰੇ ਵਿਧਾਇਕ ਚੱਢਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਪੰਜਾਬ ਦੀ ਆਪ ਸਰਕਾਰ ਮੁੜ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਉਣ ਲਈ ਕਈ ਯੋਜਨਾਵਾਂ ਲਿਆ ਰਹੀ ਹੈ। ਉਨ੍ਹਾਂ ਆਖਿਆ ਕਿ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਪੰਜਾਬ ਸਰਕਾਰ ਵੱਲੋਂ ਅਪਣਾਈ ਗਈ ਜ਼ੀਰੋ ਟਾਲਰੈਂਸ ਨੀਤੀ ਕਾਰਗਾਰ ਸਾਬਿਤ ਹੋ ਰਹੀ ਹੈ ਅਤੇ ਸੂਬੇ ਦੀ ਜਨਤਾ ਇਕ-ਇਕ ਕਰਕੇ ਹਰ ਸਰਕਾਰੀ ਨੀਤੀ ਦਾ ਬਿਨਾਂ ਕਿਸੇ ਖਰਚ ਤੋਂ ਲਾਭ ਹਾਸਲ ਕਰ ਰਹੀ ਹੈ। ਰੋਜ਼ਗਾਰ ਮੁੱਦੇ 'ਤੇ ਬੋਲਦਿਆਂ ਵਿਧਾਇਕ ਚੱਢਾ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਡੇਢ ਸਾਲ ਦੇ ਕਾਰਜਕਾਲ 'ਚ ਕਰੀਬ 35 ਹਜ਼ਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ। ਵਿਧਾਇਕ ਚੱਢਾ ਨੇ ਆਖਿਆ ਕਿ ਸਿਹਤ ਸਹੂਲਤਾਂ ਦੇ ਪੱਖੋਂ ਪੰਜਾਬ ਸੂਬਾ ਹੋਰਨਾਂ ਸੂਬਿਆਂ 'ਚੋਂ ਮੋਹਰੀ ਹੋ ਰਿਹਾ ਹੈ।



ਉਨਾਂ ਆਖਿਆ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਆਪ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਨੂੰ ਹਰ ਪਾਸਿਓਂ ਭਾਰੀ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਨਵੀਂ ਖੇਡ ਨੀਤੀ ਦਾ ਐਲਾਨ ਕੀਤਾ ਗਿਆ ਹੈ, ਜਿਸ ਰਾਹੀਂ ਨਾ ਕੇਵਲ ਹੋਣਹਾਰ ਖਿਡਾਰੀਆਂ ਲਈ ਨੌਕਰੀਆਂ ਹੀ ਰਾਖਵੀਆਂ ਕੀਤੀਆਂ ਗਈਆਂ ਹਨ ਬਲਕਿ ਉਨਾਂ ਲਈ ਲੱਖਾਂ ਦੀ ਇਨਾਮੀ ਰਾਸ਼ੀ ਦਾ ਵੀ ਐਲਾਨ ਕੀਤਾ ਗਿਆ ਹੈ। ਵਿਧਾਇਕ ਚੱਢਾ ਨੇ ਆਖਿਆ ਕਿ ਉਕਤ ਕਮਿਊਨਿਟੀ ਸੈਂਟਰ 'ਤੇ ਕਰੀਬ 25 ਲੱਖ ਦੀ ਲਾਗਤ ਆਵੇਗੀ ਜਿਸ ਕਾਰਨ ਆਸ-ਪਾਸ ਦੇ ਕਈ ਪਿੰਡਾਂ ਦੇ ਲੋਕਾਂ ਨੂੰ ਲਾਭ ਹਾਸਲ ਹੋਵੇਗਾ। ਉਨ੍ਹਾਂ ਕਿਹਾ ਕਿ ਗ੍ਰਾਮ ਪੰਚਾਇਤ ਦੀ ਮੰਗ 'ਤੇ ਪਿੰਡ ਦੀਆਂ ਗਲੀਆਂ-ਨਾਲੀਆਂ ਲਈ ਵੀ 5 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਨ ਦਾ ਭਰੋਸਾ ਦਿਵਾਇਆ। ਪਿੰਡ ਦੇ ਸਰਪੰਚ ਰੋਹਿਤ ਸ਼ਰਮਾ ਨੇ ਵਿਧਾਇਕ ਚੱਢਾ ਦਾ ਧੰਨਵਾਦ ਕੀਤਾ ਅਤੇ ਪਿੰਡ 'ਚ ਸਿੰਚਾਈ ਲਈ ਖੇਤੀਬਾੜੀ ਟਿਊਬਵੈੱਲ ਸਥਾਪਤ ਕਰਨ ਦੀ ਮੰਗ ਕੀਤੀ। ਗ੍ਰਾਮ ਪੰਚਾਇਤ ਨੇ ਵਿਧਾਇਕ ਚੱਢਾ ਦਾ ਪਿੰਡ ਪਹੁੰਚਣ 'ਤੇ ਸਨਮਾਨ ਕੀਤਾ। ਇਸ ਮੌਕੇ ਸਰਪੰਚ ਰੋਹਿਤ ਸ਼ਰਮਾ, ਅਮਰੀਕ ਸਿੰਘ ਫੌਜੀ, ਪਰਮਿੰਦਰ ਸਿੰਘ ਨੰਬਰਦਾਰ, ਹੁਸਨ ਲਾਲ ਚੌਹਾਨ, ਸਤਨਾਮ ਨਾਗਰਾ, ਮੋਹਿਤ ਸ਼ਰਮਾ, ਮਦਨ ਲਾਲ, ਕੁਲਵਿੰਦਰ ਜੱਟਪੁਰ, ਅਮਰੀਕ ਸਿੰਘ, ਮਨਦੀਪ ਸਿੰਘ, ਮਹਿੰਦਰ ਸਿੰਘ, ਸੁਰਿੰਦਰ ਸਿੰਘ, ਸੁਖਵਿੰਦਰ ਸਿੰਘ ਮੰਗੀ, ਪਾਲ ਸਿੰਘ ਅਤੇ ਸੁਰਜੀਤ ਸਿੰਘ ਸਹਿਤ ਭਾਰੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

## ਆਈ ਵੀ ਵਰਲਡ ਸਕੂਲ 'ਚ ਟ੍ਰੈਫਿਕ ਨਿਯਮਾਂ 'ਤੇ ਵਰਕਸ਼ਾਪ

**ਜਲੰਧਰ ( ਇਕਬਾਲ ਸਿੰਘ ਉੱਭੀ)**- ਵਾਸਲ ਐਜੂਕੇਸ਼ਨਲ ਸੋਸਾਇਟੀ ਦੁਆਰਾ ਚਲਾਇਆ ਜਾਂਦਾ ਆਈ ਵੀ ਵਰਲਡ ਸਕੂਲ ਆਪਣੇ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਲਈ ਹਮੇਸ਼ਾ ਵਚਨਬੱਧ ਰਿਹਾ ਹੈ। ਇਸੇ ਵਿਚਾਰ ਨੂੰ ਅੱਗੇ ਤੋਰਦਿਆਂ ਪੰਜਾਬ ਪੁਲਿਸ ਦੇ ਟ੍ਰੈਫਿਕ ਵਿਭਾਗ ਵੱਲੋਂ ਸਕੂਲ ਵਿੱਚ ਇੱਕ ਟਰੈਫਿਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਐਸ.ਆਈ ਰਣਜੀਤ ਸਿੰਘ ਅਤੇ ਏ.ਐਸ.ਆਈ ਸ਼ਮਸ਼ੇਰ ਸਿੰਘ ਨੇ ਬਤੌਰ ਰਿਸੋਰਸ ਪਰਸਨ ਨੇ ਟ੍ਰੈਫਿਕ ਨਿਯਮਾਂ ਅਤੇ ਨਿਯਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ 5ਵੀਂ ਤੋਂ 8ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣੂ ਕਰਵਾਇਆ ਅਤੇ ਸਕੂਲ ਦੇ ਟਰਾਂਸਪੋਰਟ ਕਰਮਚਾਰੀਆਂ ਨੂੰ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ ਤਾਂ ਜੋ ਬੱਚਿਆਂ ਦੀ ਸੁਰੱਖਿਆ ਅਤੇ ਆਪਣੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਵਾਸਲ ਐਜੂਕੇਸ਼ਨਲ ਗਰੁੱਪ ਦੇ ਪ੍ਰਧਾਨ ਕੇ.ਕੇ ਵਾਸਲ, ਚੇਅਰਮੈਨ ਸੰਜੀਵ ਕੁਮਾਰ ਵਾਸਲ, ਮੀਤ ਪ੍ਰਧਾਨ ਈਨਾ ਵਾਸਲ, ਸੀ ਈ ਓ ਰਾਘਵ ਵਾਸਲ ਅਤੇ ਡਾਇਰੈਕਟਰ ਅਦਿਤੀ ਵਾਸਲ ਨੇ ਪੰਜਾਬ ਪੁਲਸ ਦੀ ਟੀਮ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਕੂਲ ਆਪਣੇ ਸਾਰੇ ਵਿਦਿਆਰਥੀਆਂ ਦੀ ਸੁਰੱਖਿਆ ਲਈ ਹਮੇਸ਼ਾ ਸੁਚੇਤ ਅਤੇ ਵਚਨਬੱਧ ਰਹੇਗਾ ਅਤੇ ਇਨ੍ਹਾਂ ਸੁਰੱਖਿਆ ਉਪਾਵਾਂ ਦੀ ਸਖਤੀ ਨਾਲ ਪਾਲਣਾ ਕਰੇਗਾ। ਇਸ ਮੌਕੇ ਸਕੂਲ ਦੇ ਸੀਨੀਅਰ ਪ੍ਰਿੰਸੀਪਲ ਐਸ.ਚੌਹਾਨ ਨੇ ਪੰਜਾਬ ਪੁਲਿਸ ਵੱਲੋਂ ਚਲਾਏ ਗਏ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਸਮੂਹ ਵਿਦਿਆਰਥੀਆਂ, ਸਕੂਲ ਟਰਾਂਸਪੋਰਟ ਡਰਾਈਵਰਾਂ ਅਤੇ ਮਰਦ ਅਤੇ ਮਹਿਲਾ ਕੰਡਕਟਰਾਂ ਨੇ ਇਨ੍ਹਾਂ ਸੁਰੱਖਿਆ ਨਿਯਮਾਂ ਨੂੰ ਅਪਣਾਉਣ ਦਾ ਪ੍ਰਣ ਲਿਆ।

## ਪੰਥ ਤੇ ਪੰਜਾਬ ਦੇ ਹੱਕ 'ਚ ਲੜਾਈ ਲਈ ਪੰਜਾਬ ਦੇ ਨੌਜਵਾਨ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਇਕੱਠੇ ਹੋਣ : ਝਿੰਜਰ

**ਗੁਰਾਇਆ (ਬਿੰਦਰ ਸੁਮਨ)** ਗੁਰਾਇਆ ਵਿਖੇ ਯੂਥ ਅਕਾਲੀ ਦਲ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਹੇਠ ਪੰਜਾਬ ਯੂਥ ਮਿਲਣੀ ਦੇ ਪ੍ਰੋਗਰਾਮ ਤਹਿਤ ਹਲਕੇ ਦੇ ਨੌਜਵਾਨਾਂ ਦਾ ਭਾਰੀ ਇਕੱਠ ਹੋਇਆ। ਇਸ ਮੌਕੇ ਭਾਰੀ ਗਿਣਤੀ 'ਚ ਨੌਜਵਾਨ ਵਰਗ ਦੇ ਨਾਲ ਨਾਲ ਹਲਕੇ ਦੇ ਅਕਾਲੀ ਵਰਕਰ ਵੀ ਪਹੁੰਚੇ। ਇਸ ਮੌਕੇ ਬੋਲਦਿਆਂ ਹਲਕਾ ਵਿਧਾਇਕ ਬਲਦੇਵ ਸਿੰਘ ਖਹਿਰਾ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਪੰਜਾਬ ਦੇ ਮੁੱਦਿਆਂ 'ਤੇ ਮਿਲਕੇ ਲੜਨ ਦੀ ਲੋੜ ਹੈ। ਉਹਨਾਂ ਅਕਾਲੀ ਸਰਕਾਰ ਵੱਲੋਂ ਕੀਤੇ ਵਿਕਾਸ ਕਾਰਜਾਂ ਨੂੰ ਯਾਦ ਕਰਦਿਆਂ ਮੌਜੂਦਾ ਸਰਕਾਰ ਦੇ ਝੂਠੇ ਵਾਅਦਿਆਂ ਦੀ ਪੋਲ ਵੀ ਖੋਲ੍ਹੀ। ਯੂਥ ਅਕਾਲੀ ਦਲ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਉਹ ਵੋਟਾਂ ਦੀ ਗੱਲ ਕਰਨ ਨਹੀਂ ਆਏ ਸਗੋਂ ਉਹਨਾਂ ਦਾ ਮਕਸਦ ਪੰਜਾਬ ਦੀ ਜਵਾਨੀ ਨੂੰ ਪੰਥ, ਪੰਜਾਬ ਤੇ ਪੰਜਾਬੀ ਨਾਲ ਜੁੜੇ ਮੁੱਦਿਆਂ 'ਤੇ ਲਾਮਬੰਦ ਕਰਨ ਦਾ ਹੈ। ਉਹਨਾਂ ਕਿਹਾ ਕਿ ਮੌਜੂਦਾ ਸਮੇਂ ਕੇਂਦਰ ਤੇ ਸੂਬਾ ਸਰਕਾਰਾਂ ਅਤੇ ਦੇਸ ਦਾ ਮੀਡੀਆ ਮਿਲਕੇ ਪੰਜਾਬ ਦੀ ਜਵਾਨੀ ਖਾਸਕਰ ਸਿੱਖ ਨੌਜਵਾਨਾਂ ਨੂੰ ਵੱਖਵਾਦੀ ਸਾਬਿਤ ਕਰਕੇ ਬਦਨਾਮ ਕਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਰਚ ਰਿਹਾ ਹੈ।



## ਜਸਟਿਨ ਟਰੂਡੋ ਵੱਲੋਂ ਅੱਤਵਾਦ ਨੂੰ ਸਮਰਥਨ ਦੇਣ 'ਤੇ ਸ਼ਿਵ ਸੈਨਾ ਅਖੰਡ ਭਾਰਤ ਨੇ ਕੀਤੀ ਸਖਤ ਨਿਖੇਧੀ

**ਫਿਲੌਰ ( ਨਿਰਮਲ )** ਸ਼ਿਵ ਸੈਨਾ ਅਖੰਡ ਭਾਰਤ ਦੇ ਕੌਮੀ ਮੀਤ ਪ੍ਰਧਾਨ ਹਰਜਿੰਦਰ ਬਿੱਲਾ ਨੇ ਕਿਹਾ ਕਿ ਸ਼ਿਵ ਸੈਨਾ ਕੈਨੇਡਾ ਦੀ ਪਾਰਲੀਮੈਂਟ 'ਚ ਜਸਟਿਨ ਟਰੂਡੋ ਵੱਲੋਂ ਭਾਰਤ ਖਿਲਾਫ ਦਿੱਤੇ ਬਿਆਨ ਦੀ ਸਖਤ ਨਿਖੇਧੀ ਅਤੇ ਵਿਰੋਧ ਕਰਦੀ ਹੈ। ਉਨ੍ਹਾਂ ਕਿਹਾ ਕਿ ਇਕ ਅੱਤਵਾਦੀ ਦੇ ਮਾਰੇ ਜਾਣ 'ਤੇ ਚਿੰਤਤ ਹੋ ਕੇ ਕੈਨੇਡਾ ਨੇ ਸਪੱਸ਼ਟ ਤੌਰ 'ਤੇ ਦਰਸਾ ਦਿੱਤਾ ਹੈ ਕਿ ਉਹ ਅੱਤਵਾਦ ਦਾ ਸਮਰਥਨ ਕਰਨ ਵਾਲਾ ਦੇਸ ਹੈ। ਬਿੱਲਾ ਨੇ ਕਿਹਾ ਕਿ ਸ਼ਿਵ ਸੈਨਾ ਭਾਰਤ ਸਰਕਾਰ ਦੇ ਕੈਨੇਡਾ ਸਰਕਾਰ ਨਾਲ ਸੰਬੰਧ ਤੋੜਨ ਦੇ ਫੈਸਲੇ ਦਾ ਸਵਾਗਤ ਕਰਦੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਪੂਰੀ ਦੁਨੀਆ ਅੱਤਵਾਦ ਵਿਰੁੱਧ ਲੜਨ ਲਈ ਇਕਜੁੱਟ ਹੋ ਰਹੀ ਹੈ, ਉਥੇ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਅੱਤਵਾਦ ਦੀ ਹਮਾਇਤ ਉਨ੍ਹਾਂ ਨੂੰ ਪਾਕਿਸਤਾਨ ਦੇ ਰਾਹ 'ਤੇ ਲਿਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਨਾ ਹੋਵੇ ਕਿ ਆਉਣ ਵਾਲੇ ਦਿਨਾਂ ਵਿਚ ਇਸ ਦੀ ਹਾਲਤ ਪਾਕਿਸਤਾਨ ਵਰਗੀ ਹੋ ਜਾਵੇ ਅਤੇ ਉਸ ਦੇ ਦੇਸ਼ 'ਚ ਅੱਤਵਾਦ ਪੂਰੀ ਤਰ੍ਹਾਂ ਹਾਵੀ ਹੋ ਜਾਵੇ।



## ਚੱਕ ਸਾਹਬੂ ਵਿਖੇ ਸਮਾਜਿਕ ਕੰਮਾਂ ਲਈ ਕਲੇਰ ਦਾ ਸਨਮਾਨ

**ਫਿਲੌਰ (ਨਿਰਮਲ)**- ਨਜ਼ਦੀਕ ਪਿੰਡ ਚੱਕ ਸਾਹਬੂ ਵਿਖੇ ਸਥਿਤ ਗੁਰੂਦੁਆਰਾ ਸ਼੍ਰੀ ਗੁਰੂ ਰਵਿਦਾਸ ਜੀ ਵਿਖੇ ਕਰਵਾਏ ਗਏ ਇੱਕ ਧਾਰਮਿਕ ਸਮਾਗਮ ਦੌਰਾਨ ਪ੍ਰਬੰਧਕ ਕਮੇਟੀ ਤੇ ਪਿੰਡ ਵਾਸੀਆਂ ਵਲੋਂ ਉੱਘੇ ਸਮਾਜ ਸੇਵਕ ਹਰਵਿੰਦਰ ਰਾਮ ਕਲੇਰ ਦੇ ਪਿਤਾ ਲਹਿੰਬਰ ਰਾਮ ਕਲੇਰ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੌਰਾਨ ਬੋਲਦਿਆਂ ਪ੍ਰਬੰਧਕਾਂ ਨੇ ਕਿਹਾ ਕਿ ਇਸ ਪਰਵਾਰ ਦਾ ਹਮੇਸ਼ਾ ਹੀ ਸਮਾਜ ਸੇਵਾ ਦੇ ਕਾਰਜਾਂ ਵਿੱਚ ਵੱਡਾ ਯੋਗਦਾਨ ਰਿਹਾ ਹੈ। ਇਸ ਮੌਕੇ ਸਮੂਹ ਪਿੰਡ ਵਾਸੀ ਵੀ ਹਾਜ਼ਰ ਸਨ।



# ਕੈਬਨਿਟ ਮੰਤਰੀ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਕਰਨ ਦਾ ਸੱਦਾ

**ਜਲੰਧਰ, ( ਸ਼ੈਲੀ ਐਲਬਰਟ)**-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਸਾਨਾਂ ਨੂੰ ਵਾਤਾਵਰਣ ਦੀ ਸੰਭਾਲ ਲਈ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੀ ਬਜਾਏ ਸਰਕਾਰ ਵੱਲੋਂ ਸਬਸਿਡੀ 'ਤੇ ਮੁਹੱਈਆ ਕਰਵਾਈ ਜਾਂਦੀ ਮਸ਼ੀਨਰੀ ਨਾਲ ਇਸ ਦਾ ਸੁਚੱਜਾ ਪ੍ਰਬੰਧਨ ਕਰਨ ਦਾ ਸੱਦਾ ਦਿੱਤਾ। ਇਥੇ ਲਾਂਬੜਾ ਵਿਖੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਹਾੜ੍ਹੀ ਦੀਆਂ ਫਸਲਾਂ ਸਬੰਧੀ ਲਗਾਏ ਗਏ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਵਿਖੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਕੁਦਰਤੀ ਸੋਮਿਆਂ ਦੀ ਸੰਭਾਲ ਦੇ ਨਾਲ-ਨਾਲ ਕਿਸਾਨਾਂ ਦੀ ਬਿਹਤਰੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਾਣੀ ਦੇ ਡਿਗ ਰਹੇ ਪੱਧਰ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਸਰਕਾਰ ਨੇ ਹਰੇਕ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਦਾ ਕ੍ਰਾਂਤੀਕਾਰੀ ਫੈਸਲਾ ਲਿਆ। ਝੋਨੇ ਦੇ ਬਦਲ ਵਜੋਂ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਬਾਸਮਤੀ, ਮੱਕੀ ਅਤੇ ਨਰਮੇ ਦੀ ਖੇਤੀ ਲਈ ਵਿਸ਼ੇਸ਼ ਉਪਰਾਲੇ ਕੀਤੇ। ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਤ ਕਰਨ ਲਈ ਕਿਸਾਨਾਂ ਨੂੰ ਪਿਛਲੇ ਸਾਲ ਤੋਂ 1500 ਰੁਪਏ ਪ੍ਰਤੀ ਪ੍ਰੋਤਸਾਹਨ ਰਾਸ਼ੀ ਵੀ ਦਿੱਤੀ ਜਾ ਰਹੀ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਬਣਾਈ ਰੱਖਣ ਅਤੇ ਵਾਤਾਵਰਣ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਕਿਸਾਨਾਂ ਨੂੰ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾ ਲਾਉਣ ਲਈ ਪ੍ਰੇਰਿਤ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਨੇ ਕਿਸਾਨਾਂ ਨੂੰ ਸਰਕਾਰ ਵੱਲੋਂ 50 ਤੋਂ 80 ਫੀਸਦੀ ਸਬਸਿਡੀ 'ਤੇ ਮੁਹੱਈਆ ਕਰਵਾਈ ਜਾਂਦੀ ਮਸ਼ੀਨਰੀ ਦਾ ਵੱਧ ਤੋਂ ਵੱਧ ਲਾਭ ਲੈਣ ਦਾ ਸੱਦਾ ਦਿੱਤਾ। ਇਸ ਦੌਰਾਨ ਕੈਬਨਿਟ ਮੰਤਰੀ ਨੇ ਝੋਨੇ ਦੀ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨ ਵਾਲੇ 100 ਤੋਂ ਵੱਧ ਕਿਸਾਨਾਂ ਦਾ ਸਨਮਾਨ ਵੀ ਕੀਤਾ। ਇਸ ਦੌਰਾਨ ਮੰਤਰੀ ਵੱਲੋਂ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੀ ਮੁਹਿੰਮ ਵਿੱਚ ਬਿਹਤਰੀਨ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦਾ ਸਨਮਾਨ ਵੀ ਕੀਤਾ ਗਿਆ, ਜਿਨ੍ਹਾਂ ਵਿੱਚ ਐਕਸੀਅਨ ਪੀ.ਪੀ.ਸੀ.ਬੀ. ਸੰਦੀਪ ਕੁਮਾਰ, ਖੇਤੀਬਾੜੀ ਵਿਭਾਗ ਤੋਂ ਇੰਜ. ਨਵਦੀਪ ਸਿੰਘ, ਡਾ. ਜਸਵਿੰਦਰ ਸਿੰਘ, ਡਾ. ਰਣਜੀਤ ਚੌਹਾਨ ਅਤੇ ਜਗਤਾਰ ਸਿੰਘ ਸ਼ਾਮਲ ਹਨ। ਇਸ ਤੋਂ ਪਹਿਲਾਂ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਕੈਂਪ ਵਿੱਚ ਪਹੁੰਚਣ 'ਤੇ ਕੈਬਨਿਟ ਮੰਤਰੀ ਦਾ ਸਵਾਗਤ ਕੀਤਾ । ਮੁੱਖ ਖੇਤੀਬਾੜੀ ਅਫਸਰ ਡਾ. ਜਸਵੰਤ ਰਾਏ ਨੇ ਕਿਸਾਨਾਂ ਨੂੰ ਵਿਭਾਗ ਦੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਦਾ ਸੱਦਾ ਦਿੱਤਾ। ਇਸ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਵਿੱਚ ਵੱਖ-ਵੱਖ ਬਲਾਕਾਂ ਤੋਂ 1500 ਤੋਂ ਵੱਧ ਕਿਸਾਨਾਂ ਨੇ ਭਾਗ ਲਿਆ, ਜਿਸ ਵਿੱਚ ਖੇਤੀਬਾੜੀ, ਬਾਗਬਾਨੀ, ਪਸ਼ੂਪਾਲਨ, ਮੱਛੀ ਪਾਲਣ, ਪਾਣੀ ਤੇ ਭੂਮੀ ਸੰਭਾਲ, ਇਫਕੋ, ਕੇ.ਵੀ.ਕੇ. ਨੂਰਮਹਿਲ, ਸੈਲਫ ਹੈਲਪ ਗਰੁੱਪਾਂ ਵੱਲੋਂ ਖੇਤੀ ਪ੍ਰਦਰਸਨੀਆਂ ਲਗਾ ਕੇ ਕਿਸਾਨਾਂ ਨੂੰ ਮੌਕੇ 'ਤੇ ਤਕਨੀਕੀ ਜਾਣਕਾਰੀ ਦਿੱਤੀ ਗਈ। ਕੈਂਪ ਦੌਰਾਨ ਕਿਸਾਨਾਂ ਵੱਲੋਂ ਆਪਣੀਆਂ ਉਪਜਾਂ ਦੇ ਸਟਾਲ ਵੀ ਲਗਾਏ ਗਏ। ਇਸ ਤੋਂ ਇਲਾਵਾ ਖੇਤੀ ਮਸ਼ੀਨਰੀ ਦੀ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸ ਵਿੱਚ ਕਿਸਾਨਾਂ ਨੂੰ ਖੇਤੀ ਮਸ਼ੀਨਾਂ ਸਬੰਧੀ ਤਕਨੀਕੀ ਜਾਣਕਾਰੀ ਮੁਹੱਈਆ ਕਰਵਾਈ ਗਈ ।



## ਕੈਥਲ, ਸੋਨੀਪਤ, ਮਹਿੰਦਰਗੜ੍ਹ, ਰੋਹਤਕ, ਝੱਜਰ ਤੇ ਰੇਵਾੜੀ 'ਚ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਜ਼ਿਲ੍ਹਾ ਪ੍ਰੀਸ਼ਦਾਂ ਕਰਨ : ਮਨੋਹਰ ਲਾਲ

**ਚੰਡੀਗੜ੍ਹ, ( ਕ੍ਰਿਸ਼ਨ ਗਰਗ)**- ਰਾਜ ਵਿੱਚ ਜ਼ਿਲ੍ਹਾ ਪ੍ਰੀਸ਼ਦਾਂ ਦੀ ਸਮਰੱਥਾ ਵਿੱਚ ਵਾਧਾ ਕਰਨ ਦੀ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਅਤੇ ਕਾਰਜਸ਼ੀਲ ਕਦਮ ਚੁੱਕਦੇ ਹੋਏ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਛੇ ਵਾਧੂ ਜ਼ਿਲ੍ਹਿਆਂ ਸੋਨੀਪਤ, ਕੈਥਲ, ਮਹਿੰਦਰਗੜ੍ਹ, ਰੋਹਤਕ, ਝੱਜਰ ਅਤੇ ਰੇਵਾੜੀ 'ਚ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਇਸ ਸਾਲ ਦੇ ਅੰਤ ਤੱਕ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੌਂਪ ਦਿੱਤਾ ਜਾਵੇਗਾ। ਮੌਜੂਦਾ ਸਮੇਂ ਵਿੱਚ ਇਹ ਕੰਮ ਹਰਿਆਣਾ ਰਾਜ ਖੇਤੀਬਾੜੀ ਮੰਡੀਕਰਨ ਬੋਰਡ ਵੱਲੋਂ ਕੀਤਾ ਜਾ ਰਿਹਾ ਸੀ। ਮੁੱਖ ਮੰਤਰੀ ਨੇ ਇੱਥੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸਮੀਖਿਆ ਲਈ ਜ਼ਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨਾਂ ਅਤੇ ਮੁੱਖ ਕਾਰਜਕਾਰੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਇਹ ਗੱਲ ਕਹੀ। ਮੀਟਿੰਗ ਵਿੱਚ ਵਿਕਾਸ ਅਤੇ ਪੰਚਾਇਤ ਮੰਤਰੀ ਦੇਵੇਂਦਰ ਬਬਲੀ ਵੀ ਮੌਜੂਦ ਸਨ। ਇਸ ਤੋਂ ਪਹਿਲਾਂ ਵੀ ਹਰਿਆਣਾ ਰਾਜ ਖੇਤੀਬਾੜੀ ਮੰਡੀਕਰਨ ਬੋਰਡ ਵੱਲੋਂ ਕੀਤੇ ਜਾ ਰਹੇ ਲਿੰਕ ਸੜਕਾਂ ਦੀ ਮੁਰੰਮਤ ਦੇ ਕੰਮ ਦੀ ਜ਼ਿੰਮੇਵਾਰੀ ਯਮੁਨਾਨਗਰ, ਕਰਨਾਲ, ਪਲਵਲ, ਭਿਵਾਨੀ ਅਤੇ ਫਤਿਹਾਬਾਦ ਸਮੇਤ ਪੰਜ ਜ਼ਿਲ੍ਹਿਆਂ ਦੀਆਂ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੌਂਪੀ ਜਾ ਚੁੱਕੀ ਹੈ ਅਤੇ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਜ਼ਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨਾਂ ਦੇ ਘੇਰੇ ਵਿੱਚ ਆਉਂਦੇ ਹਨ ਕਿ ਉਹ ਆਪੋ-ਆਪਣੇ ਬਜਟ ਤਿਆਰ ਕਰਨ ਅਤੇ ਬਾਅਦ ਵਿੱਚ ਇਸ ਨੂੰ ਜ਼ਿਲ੍ਹਾ ਪ੍ਰੀਸ਼ਦ ਹਾਊਸ ਵਿੱਚ ਪ੍ਰਵਾਨਗੀ ਤੋਂ ਬਾਅਦ ਸਰਕਾਰ ਨੂੰ ਭੇਜਣ। ਇਸ ਮੌਕੇ ਬੋਲਦਿਆਂ ਵਿਕਾਸ ਤੇ ਪੰਚਾਇਤ ਮੰਤਰੀ ਦੇਵੇਂਦਰ ਸਿੰਘ ਬਬਲੀ ਨੇ ਸੀ.ਈ.ਓਜ਼ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ 'ਤੇ ਨਜ਼ਰ ਰੱਖਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਵੀ. ਉਮਾਸ਼ੰਕਰ, ਪੇਂਡੂ ਵਿਕਾਸ ਦੇ ਨਿਰਦੇਸ਼ਕ ਜੈ ਕ੍ਰਿਸ਼ਨ ਅਭਿਰ, ਮੁੱਖ ਮੰਤਰੀ ਦੇ ਓਐਸ ਡੀ ਸੁਧਾਂਸ਼ੂ ਗੌਤਮ, ਜ਼ਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨ ਅਤੇ ਸੀ ਈ ਓ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਐੱਮ ਐੱਲ ਏ ਰਹੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ 'ਚ ਖਿੱਚ ਦਾ ਕੇਂਦਰ

**ਡੇਰਾਬਸੀ (ਕ੍ਰਿਸ਼ਨ ਗਰਗ)**-ਸਾਲ 2023 ਦੌਰਾਨ ਹਾੜ੍ਹੀ ਦੀਆਂ ਫਸਲਾਂ ਸਬੰਧੀ ਤਕਨੀਕੀ ਜਾਣਕਾਰੀ ਅਤੇ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਐੱਸ.ਏ.ਐੱਸ.ਨਗਰ ਵੱਲੋਂ ਆਤਮਾ ਸਕੀਮ ਅਧੀਨ ਕਿਸਾਨ ਵਿਕਾਸ ਚੈਂਬਰ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ 'ਚ ਕੁਲਜੀਤ ਸਿੰਘ ਰੰਧਾਵਾ ਐਮ.ਐਲ.ਏ. ਡੇਰਾਬਸੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਟੇਜ 'ਤੇ ਨਾ ਰਹਿ ਕੇ ਆਏ ਹੋਏ ਕਿਸਾਨਾਂ ਨਾਲ ਪੰਡਾਲ 'ਚ ਬੈਠਣ ਨੂੰ ਤਰਜੀਹ ਦਿੱਤੀ ਅਤੇ ਖੇਤੀ ਸਬੰਧੀ ਨਿੱਜੀ ਤਜਰਬੇ ਸਾਂਝੇ ਕਰਦਿਆਂ ਪੰਜਾਬ ਸਰਕਾਰ ਵੱਲੋਂ ਬਣਦੀ ਹਰੇਕ ਤਰ੍ਹਾਂ ਦੀ ਸਹੂਲਤ ਕਿਸਾਨਾਂ ਨੂੰ ਮੁਹੱਈਆ ਕਰਵਾਉਣ ਲਈ ਯਕੀਨ ਦਿਵਾਇਆ। ਉਨ੍ਹਾ ਕਿਸਾਨਾਂ ਨੂੰ ਅਪੀਲ ਕੀਤੀ ਕਿ ਜਿਥੇ ਝੋਨੇ ਦੀ ਪਰਾਲੀ ਦੀ ਸੁਚੱਜੀ ਸੰਭਾਲ ਕਰਨ ਦੀ ਲੋੜ ਹੈ ਉਥੇ ਬੇਲੋੜੇ ਖਰਚਿਆਂ ਤੋਂ ਪਰਹੇਜ਼ ਕਰਨਾ ਵੀ ਸਮੇਂ ਦੀ ਲੋੜ ਹੈ। ਕੈਂਪ ਵਿੱਚ ਭਾਗ ਲੈ ਰਹੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ 'ਤੇ ਦਿੱਤੀਆਂ ਜਾ ਰਹੀਆਂ ਮਸ਼ੀਨਾਂ ਲਈ ਸਰਕਾਰ ਦਾ ਧੰਨਵਾਦ ਕੀਤਾ ਅਤੇ ਕਿਸਾਨਾਂ ਦੀਆਂ ਵੱਖ ਵੱਖ ਮੰਗਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ। ਸੰਯੁਕਤ ਡਾਇਰੈਕਟਰ ਖੇਤੀਬਾੜੀ ਡਾ. ਜਸਵਿੰਦਰਪਾਲ ਸਿੰਘ ਨੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ ਤਾਂ ਜੋ ਹਾੜ੍ਹੀ ਸੀਜ਼ਨ ਦੌਰਾਨ ਖਾਦਾਂ ਦੀ ਕਿਸ ਤਰ੍ਹਾਂ ਦੀ ਘਾਟ ਨਾ ਆ ਸਕੇ। ਇਸ ਕੈਂਪ 'ਚ ਬਾਗਬਾਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਜਗਦੀਸ਼ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ ਮੋਹਾਲੀ ਦੇ ਡਿਪਟੀ ਡਾਇਰੈਕਟਰ ਬੀ.ਐਸ. ਖੱਦਾ, ਖੇਤੀਬਾੜੀ ਵਿਭਾਗ ਅਤੇ ਕੇ.ਵੀ.ਕੇ. ਦੇ ਮਾਹਰਾਂ ਵੱਲੋਂ ਹਾੜ੍ਹੀ ਦੀਆਂ ਫਸਲਾਂ ਅਤੇ ਪਰਾਲੀ ਦੇ ਪ੍ਰਬੰਧਨ ਸਬੰਧੀ ਵਿਚਾਰ ਪੇਸ਼ ਕੀਤੇ। ਮੁੱਖ ਖੇਤੀਬਾੜੀ ਅਫਸਰ ਐੱਸ.ਏ.ਐੱਸ.ਨਗਰ ਡਾ. ਗੁਰਮੇਲ ਸਿੰਘ ਨੇ ਇਸ ਕੈਂਪ 'ਚ ਭਾਗ ਲੈ ਰਹੇ ਸਮੂਹ ਕਿਸਾਨ ਵੀਰਾਂ, ਕਿਸਾਨ ਬੀਬੀਆਂ ਅਤੇ ਵੱਖ ਵੱਖ ਵਿਭਾਗਾ ਦੇ ਨੁਮਾਇੰਦਿਆਂ ਦਾ ਧੰਨਵਾਦ ਕੀਤਾ।

## ਪੰਜਾਬ ਸਰਕਾਰ ਬਿਹਤਰੀਨ ਸੜਕੀ ਨੈੱਟਵਰਕ ਮੁਹੱਈਆ ਕਰਵਾਉਣ ਲਈ ਯਤਨਸ਼ੀਲ : ਬਲਕਾਰ ਸਿੰਘ



**ਜਲੰਧਰ, (ਸ਼ੈਲੀ ਐਲਬਰਟ)**-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਐਤਵਾਰ ਨੂੰ ਸ਼ਹਿਰ ਵਿਖੇ 90 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਦੋ ਵੱਖ-ਵੱਖ ਸੜਕਾਂ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਹਤਰੀਨ ਸੜਕੀ ਨੈੱਟਵਰਕ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਇਸ ਮੌਕੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਅੱਜ ਵਿਰਕ ਇਨਕਲੇਵ ਅਤੇ ਟਾਵਰ ਇਨਕਲੇਵ ਵਿਖੇ 45-45 ਲੱਖ ਰੁਪਏ ਦੀ ਲਾਗਤ ਨਾਲ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ, ਜਿਨ੍ਹਾਂ ਦੇ ਬਣਨ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸ਼ਹਿਰਾਂ ਵਿੱਚ ਆਧੁਨਿਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ, ਜਿਸ ਤਹਿਤ ਸੂਬੇ ਦੀਆਂ ਸਾਰੀਆਂ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚ ਸੁਚੱਜਾ ਸੜਕੀ ਸੰਪਰਕ ਬਣਾਉਣ ਨੂੰ ਪ੍ਰਮੁੱਖ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੜਕਾਂ ਦੀ ਲੋੜੀਂਦੀ ਮੁਰੰਮਤ ਦੇ ਨਾਲ-ਨਾਲ ਨਵੀਆਂ ਸੜਕਾਂ ਬਣਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਜੋ ਲੋਕਾਂ ਲਈ ਆਵਾਜਾਈ ਨੂੰ ਹੋਰ ਆਸਾਨ ਬਣਾਇਆ ਜਾ ਸਕੇ। ਕੈਬਨਿਟ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਕਰਵਾਈ ਜਾਵੇਗੀ, ਜਿਸ ਲਈ ਸਰਕਾਰ ਪਾਸ ਫੰਡਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਮੌਕੇ 'ਤੇ ਮੌਜੂਦ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤਾਂ ਦਿੰਦਿਆਂ ਕਿਹਾ ਕਿ ਸੜਕੀ ਪ੍ਰਾਜੈਕਟਾਂ ਨੂੰ ਗੁਣਵੱਤਾ ਦਾ ਪੂਰਾ ਧਿਆਨ ਰੱਖਦੇ ਹੋਏ ਨਿਰਧਾਰਤ ਸਮੇਂ ਦੇ ਅੰਦਰ ਨੇਪਰੇ ਚਾੜ੍ਹਿਆ ਜਾਵੇ ਤਾਂ ਜੋ ਲੋਕਾਂ ਨੂੰ ਇਹ ਸਹੂਲਤ ਸਮੇਂ ਸਿਰ ਮੁਹੱਈਆ ਕਰਵਾਈ ਜਾ ਸਕੇ।

## ਪੀ ਸੀ ਐੱਮ ਐੱਸ ਡੀ ਕਾਲਜ 'ਚ 'ਬੈਸਟ ਆਊਟ ਆਫ ਵੇਸਟ' ਵਿਸ਼ੇ 'ਤੇ ਅੰਤਰ ਕਲਾਸ ਮੁਕਾਬਲੇ

**ਜਲੰਧਰ (ਇਕਬਾਲ ਸਿੰਘ ਉੱਭੀ)**- ਪੀ.ਸੀ.ਐਮ. ਐਸ.ਡੀ. ਕਾਲਜ ਫਾਰ ਵੂਮੈਨ, ਜਲੰਧਰ ਦੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਵੱਲੋਂ 'ਬੈਸਟ ਆਊਟ ਆਫ ਵੇਸਟ' ਵਿਸ਼ੇ 'ਤੇ ਅੰਤਰ-ਕਲਾਸ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੀਆਂ ਵੱਖ-ਵੱਖ ਜਮਾਤਾਂ ਦੇ 20 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਮੁਕਾਬਲਿਆਂ ਦੇ ਜੇਤੂਆਂ ਨੂੰ ਯੋਗ ਪ੍ਰਿੰਸੀਪਲ ਵੱਲੋਂ ਸਨਮਾਨਤ ਕੀਤਾ ਗਿਆ ਅਤੇ ਪ੍ਰਸ਼ੰਸਾ ਕੀਤੀ ਗਈ। ਇਸ ਮੁਕਾਬਲੇ ਵਿੱਚ ਬੀ ਐਸ ਸੀ (ਐਫ ਡੀ) ਸਮੈਸਟਰ ਪਹਿਲੇ ਦੀ ਪਰਮਦੀਪ ਅਤੇ ਬੀ ਐਸ ਸੀ (ਐਫ ਡੀ) ਸਮੈਸਟਰ ਪੰਜਵੇਂ ਦੀ ਸਿਮਰਨ ਕੁੰਜਲ ਨੇ ਪਹਿਲਾ ਸਥਾਨ ਹਾਸਲ ਕੀਤਾ। ਰੋਸ਼ਨੀ ਅਤੇ ਬੀਵੋਕ ਸਮੈਸਟਰ ਪੰਜਵੇਂ ਦੀ ਨੇਹਾ ਨੇ ਦੂਜਾ ਸਥਾਨ ਹਾਸਲ ਕੀਤਾ। ਐਮ ਐਸ ਸੀ (ਐਫ ਡੀ) ਸਮੈਸਟਰ ਪੰਜਵੇਂ ਦੀ ਸ਼ਿਵਾਨੀ ਅਤੇ ਬੀ ਐਸ ਸੀ ਸਮੈਸਟਰ ਪੰਜਵੇਂ ਦੀ ਮਨਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਹੋਰ ਮਾਣਯੋਗ ਮੈਂਬਰ ਅਤੇ ਯੋਗ ਪ੍ਰਿੰਸੀਪਲ ਪ੍ਰੋ: (ਡਾ:) ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਦੀ ਭਾਗੀਦਾਰੀ ਲਈ ਸ਼ਲਾਘਾ ਕੀਤੀ। ਉਨ੍ਹਾਂ ਨੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੀ ਮੁਖੀ ਸੁਨੀਤਾ ਭੱਲਾ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

## ਮਾਤਾ ਸਵਰਨ ਕੌਰ ਨੂੰ ਭਰਪੂਰ ਸ਼ਰਧਾਂਜਲੀਆਂ

**ਸ਼ਾਹਕੋਟ (ਗਿਆਨ ਸੈਦਪੁਰੀ)**-ਜਸਵਿੰਦਰ ਸਿੰਘ ਥਿੰਦ ਅਤੇ ਸੰਤੋਖ ਸਿੰਘ ਥਿੰਦ ਦੀ ਮਾਤਾ ਸਵਰਨ ਕੌਰ ਨਮਿਤ ਉਨ੍ਹਾਂ ਦੇ ਗ੍ਰਹਿ ਵਿਖੇ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਗੁਰਦੁਆਰਾ ਸਿੰਘ ਸਭਾ ਸੈਦਪੁਰ ਝਿੜੀ ਵਿਖੇ ਕਥਾ ਤੇ ਕੀਰਤਨ ਹੋਇਆ। ਮਾਤਾ ਜੀ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਉਹ ਲੰਬੀ ਉਮਰ ਤੇ ਤੰਦਰੁਸਤ ਸਿਹਤ ਦੌਰਾਨ ਪੂਰੇ ਹੋਏ ਹਨ। ਭਾਈ ਅੰਮ੍ਰਿਤਪਾਲ ਸਿੰਘ ਜੱਕੋਪੁਰ ਦੇ ਕੀਰਤਨੀ ਜਥੇ ਨੇ ਵਿਆਖਿਆ ਸਹਿਤ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ, ਸੀਨੀਅਰ ਆਗੂ ਰਾਣਾ ਹਰਦੀਪ ਸਿੰਘ, ਮਾਰਕੀਟ ਕਮੇਟੀ ਮਹਿਤਪੁਰ ਦੇ ਚੇਅਰਮੈਨ ਬਲਕਾਰ ਸਿੰਘ ਚੱਠਾ, ਆਜ਼ਾਦ ਸਪੋਰਟਸ ਕਲੱਬ ਦੇ ਪ੍ਰਧਾਨ ਬੂਟਾ ਸਿੰਘ ਕਲਸੀ, ਤਰਕਸ਼ੀਲ ਆਗੂ ਸੁਖਵਿੰਦਰ ਬਾਗਪੁਰ ਤੇ ਪਾਲ ਬਾਗਪੁਰ, 'ਆਪ' ਆਗੂ ਮਨਜੀਤ ਸਿੰਘ ਸੈਦਪੁਰ, ਬਲਦੇਵ ਸਿੰਘ ਸਾਬਕਾ ਸਰਪੰਚ ਬਾਜਵਾ ਖੁਰਦ, ਕਿਸਾਨ ਆਗੂ ਰਣਚੇਤ ਸਿੰਘ ਕੋਟਲੀ, ਕਾਮਰੇਡ ਦਰਸ਼ਨ ਸਿੰਘ ਭੋਏਪੁਰੀ, ਐਸ. ਸੀ. ਬੀ.ਸੀ. ਅਧਿਆਪਕ ਯੂਨੀਅਨ ਦੇ ਆਗੂ ਮਾਸਟਰ ਗੁਰਮੇਜ ਲਾਲ ਹੀਰ, ਇੰਦਰਜੀਤ ਢੰਡੋਵਾਲ, ਕੁਲਜੀਤ ਸਿੰਘ ਥਿੰਦ(ਕੁਲਦੀਪ ਸਟੂਡਿਓ ਵਾਲੇ), ਕੰਵਲਜੀਤ ਸਿੰਘ ਲਾਲੀ ਪੀ.ਏ, ਪ੍ਰੀਤਮ ਸਿੰਘ ਸਾਬਕਾ ਸਰਪੰਚ, ਅਮਨਦੀਪ ਸੈਦਪੁਰੀ ਆਦਿ ਨੇ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਸਰਨਜੀਤ ਸਿੰਘ (ਸਾਬ ਥਿੰਦ) ਅਤੇ ਕੁਲਜੀਤ ਸਿੰਘ (ਰਾਜਾ ਥਿੰਦ) (ਦੋਵੇਂ ਪੋਤਰੇ ਮਾਤਾ ਸਵਰਨ ਕੌਰ) ਨੇ ਸਭ ਦਾ ਧੰਨਵਾਦ ਕੀਤਾ।



ਕੀਰਤਨੀ ਜਥਾ ਕੀਰਤਨ ਕਰਦਾ ਹੋਇਆ।

## ਏਸ਼ੀਅਨ ਖੇਡਾਂ 'ਚ ਹਰਮਿਲਨ ਬੈਂਸ 800 ਤੇ 1500 ਮੀਟਰ 'ਚ ਦਿਖਾਵੇਗੀ ਜੌਹਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਚੀਨ ਵਿੱਚ ਹੋ ਰਹੀਆਂ ਏਸ਼ੀਅਨ ਗੇਮਾਂ ਲਈ ਚੁਣੀ ਗਈ ਭਾਰਤ ਦੀ ਐਥਲੈਟਿਕ ਟੀਮ ਵਿੱਚ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਮਾਹਿਲਪੁਰ ਤੋਂ ਹਰਮਿਲਨ ਕੌਰ ਬੈਂਸ 800 ਤੇ 1500 ਮੀਟਰ ਦੀਆਂ ਹੋਣ ਵਾਲੀਆਂ ਦੌੜਾਂ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੀ ਪੰਜਾਬ ਦੀ ਇਕੋ ਇੱਕ ਖਿਡਾਰਨ ਹੈ, ਹਰਮਿਲਨ ਕੌਰ ਬੈਂਸ ਦੇਸ਼ ਦੀ ਟੀਮ ਵਿੱਚ ਸਿਲੈਕਟ ਹੋਣ ਵਾਲੀ ਇਕਲੌਤੀ ਖਿਡਾਰਨ ਹੈ ਜੋ ਕਿ 30 ਸਤੰਬਰ ਨੂੰ ਸਵੇਰ ਸਮੇਂ 1500 ਮੀਟਰ (ਹੀਟ) ਵਿੱਚ ਭਾਗ ਲਵੇਗੀ ਤੇ 1 ਅਕਤੂਬਰ ਨੂੰ 1500 ਮੀਟਰ ਦਾ ਫਾਈਨਲ ਮੁਕਾਬਲਾ ਹੋਵੇਗਾ ਅਤੇ ਇਸੇ ਤਰ੍ਹਾਂ 3 ਅਕਤੂਬਰ ਨੂੰ ਸਵੇਰ ਸਮੇਂ 800 ਮੀਟਰ (ਹੀਟ) ਤੇ 4 ਅਕਤੂਬਰ ਨੂੰ 800 ਮੀਟਰ ਦਾ ਫਾਈਨਲ ਮੁਕਾਬਲਾ ਹੋਵੇਗਾ। ਹਰਮਿਲਨ ਕੌਰ ਦੇ ਮਾਤਾ-ਪਿਤਾ ਵੀ ਐਥਲੈਟਿਕ ਵਿੱਚ ਦੇਸ਼ ਦਾ ਨਾਂਅ ਰੌਸ਼ਨ ਕਰ ਚੁੱਕੇ ਹਨ, ਮਾਂ ਮਾਧੁਰੀ ਕੇ ਸਿੰਘ ਵੱਲੋਂ ਸਾਲ 2002 ਵਿੱਚ ਏਸ਼ੀਅਨ ਮੁਕਾਬਲਿਆਂ ਵਿੱਚ ਬੁਸਾਨ ਵਿਖੇ 800 ਮੀਟਰ ਵਿੱਚ ਸਿਲਵਰ ਮੈਡਲ ਜਿੱਤਿਆ ਸੀ ਤੇ ਪਿਤਾ ਅਮਨਦੀਪ ਬੈਂਸ ਵੱਲੋਂ ਸਾਊਥ ਏਸ਼ੀਅਨ ਗੇਮਜ਼ 1500 ਮੀਟਰ ਮੁਕਾਬਲੇ ਵਿੱਚ ਸਿਲਵਰ ਮੈਡਲ ਜਿੱਤ ਚੁੱਕੇ ਹਨ। ਅਮਨਦੀਪ ਬੈਂਸ ਨੇ ਦੱਸਿਆ ਕਿ ਜਿਲ੍ਹਾ ਐਥਲੈਟਿਕ ਐਸੋਸੀਏਸ਼ਨ ਦੇ ਪ੍ਰਧਾਨ ਰਾਕੇਸ਼ ਅਹੀਰ ਵੱਲੋਂ ਖਿਡਾਰੀਆਂ ਨੂੰ ਅੱਗੇ ਵਧਣ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ ਤੇ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਹਰਮਿਲਨ ਬੈਂਸ ਏਸ਼ੀਅਨ ਗੇਮਜ਼ ਦੇ ਹੋਣ ਜਾ ਰਹੇ ਮੁਕਾਬਲਿਆਂ ਵਿੱਚ ਦੇਸ਼ ਤੇ ਪੰਜਾਬ ਦਾ ਨਾਂਅ ਰੌਸ਼ਨ ਕਰੇਗੀ।

## ਕੌਮੀ ਇਨਸਾਫ ਮੋਰਚੇ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਤੋਂ ਚੇਤਨਾ ਮਾਰਚ 27 ਨੂੰ



**ਆਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)** - ਕੌਮੀ ਇਨਸਾਫ ਮੋਰਚਾ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ 27 ਸਤੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਮੋਹਾਲੀ ਤੱਕ ਖਾਲਸਾਈ ਚੇਤਨਾ ਮਾਰਚ ਕੱਢਿਆ ਜਾ ਰਿਹਾ ਹੈ। ਇਸ ਸੰਬਧੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਡੀਸ਼ਨਲ ਮੈਨੇਜਰ ਨਾਲ ਮੀਟਿੰਗ ਦੌਰਾਨ ਪੁੱਜੇ ਮੋਰਚਾ ਪ੍ਰਬੰਧਕ ਭਾਈ ਪਾਲ ਸਿੰਘ ਫਰਾਂਸ ਨੇ ਦੱਸਿਆ ਕਿ ਮੋਰਚੇ ਦੇ ਚੱਲਦਿਆਂ ਭਾਈ ਸ਼ਮਸ਼ੇਰ ਸਿੰਘ ਦੀ ਪੱਕੀ ਜ਼ਮਾਨਤ 'ਤੇ ਰਿਹਾਅ ਹੋਏ ਹਨ ਅਤੇ ਭਾਈ ਦਵਿੰਦਰਪਾਲ ਸਿੰਘ ਭੁੱਲਰ, ਭਾਈ ਲਖਵਿੰਦਰ ਸਿੰਘ ਤੇ ਗੁਰਮੀਤ ਸਿੰਘ ਦੀ ਜ਼ਮਾਨਤ ਹੋ ਚੁੱਕੀ ਹੈ ਅਤੇ ਬਾਕੀ ਸਿੰਘਾਂ ਦੀ ਵੀ ਜਲਦੀ ਰਿਹਾਈ ਹੋ ਜਾਵੇਗੀ। ਇਸੇ ਤਹਿਤ ਮੋਰਚੇ ਵੱਲੋਂ ਜਿੱਥੇ ਅਲੱਗ ਅਲੱਗ ਥਾਵਾਂ ਤੋਂ ਚੇਤਨਾ ਮਾਰਚ ਕੱਢੇ ਜਾ ਰਹੇ ਹਨ ਉਥੇ ਹੀ 27 ਸਤੰਬਰ ਨੂੰ 9 ਵਜੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਰਵਾਨਾ ਹੋ ਕੇ ਸ੍ਰੀ ਕੀਰਤਪੁਰ ਸਾਹਿਬ, ਘਨੌਲੀ, ਰੋਪੜ, ਕੁਰਾਲੀ, ਰੋਪੜ ਤੋਂ ਮੋਹਾਲੀ ਹੁੰਦਾ ਹੋਇਆ ਚੰਡੀਗੜ੍ਹ ਬਾਰਡਰ 'ਤੇ ਲੱਗੇ ਮੋਰਚੇ 'ਚ ਪੁੱਜੇਗਾ। ਇਸ ਮੌਕੇ ਜਸਵਿੰਦਰ ਸਿੰਘ ਰਾਜਪੁਰਾ, ਗੁਰਮੀਤ ਸਿੰਘ ਸਾਂਟੂ, ਰਵਿੰਦਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਬਜਰੂੜ ਤੇ ਹਰਦੀਪ ਸਿੰਘ ਬੈਦਵਾਨ ਆਦਿ ਆਗੂ ਵੀ ਹਾਜ਼ਰ ਸਨ।

## ਮੁੱਖ ਮੰਤਰੀ ਨੇ ਪਲੇਅ ਸਕੂਲਾਂ ਦੇ ਲਾਭਕਾਰ ਮਾਪਿਆਂ ਨਾਲ ਕੀਤਾ ਸਿੱਧਾ ਸੰਵਾਦ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਨਵੀਂ ਸਿੱਖਿਆ ਨੀਤੀ-2020 ਵਿਚ 3 ਤੋਂ 6 ਸਾਲ ਤਕ ਦੀ ਉਮਰ ਦੇ ਬੱਚੇ ਦੇ ਬੋਧਾਤਮਕ ਅਤੇ ਬੌਧਿਕ ਸਮਰੱਥਾ ਦੇ ਵਿਕਾਸ 'ਤੇ ਜ਼ੋਰ ਦੇਣ ਦੇ ਉਦੇਸ਼ ਨਾਲ ਸੂਬਾ ਸਰਕਾਰ ਨੇ 4,000 ਪਲੇ-ਵੇ ਸਕੂਲ ਖੋਲ੍ਹੇ ਹਨ। ਇਨ੍ਹਾਂ ਸਕੂਲਾਂ ਵਿਚ ਲਗਭਗ 40 ਹਜ਼ਾਰ ਬੱਚਿਆਂ ਦਾ ਦਾਖਲਾ ਹੋਇਆ ਹੈ। ਇਸ ਤੋਂ ਇਲਾਵਾ, ਸਰਕਾਰ ਨੇ ਅਗਲੇ 2 ਸਾਲ ਵਿਚ 4,000 ਅਤੇ ਪਲੇਅ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਲਈ ਲਗਭਗ 2500 ਭਵਨ ਚੋਣ ਕਰ ਲਏ ਗਏ ਹਨ। ਮੁੱਖ ਮੰਤਰੀ ਇੱਥੇ ਮੁੱਖ ਮੰਤਰੀ ਦੀ ਵਿਸ਼ੇਸ਼ ਚਰਚਾ ਪ੍ਰੋਗ੍ਰਾਮ ਦੇ ਤਹਿਤ ਆਡੀਓ ਕਾਨਫ੍ਰੈਂਸਿੰਗ ਰਾਹੀਂ ਪਲੇਅ ਸਕੂਲਾਂ ਦੇ ਲਾਭਕਾਰ ਮਾਪਿਆਂ ਨਾਲ ਸੰਵਾਦ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸਰਕਾਰੀ ਯਤਨਾਂ ਤੋਂ ਇਲਾਵਾ ਕੁਝ ਸਮਾਜਸੇਵਕਾਂ ਨੇ ਵੀ ਪਲੇਅ ਸਕੂਲਾਂ ਦੀ ਵਿਵਸਥਾ 'ਚ ਦਿਲਚਸਪੀ ਦਿਖਾਈ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ 4 ਹਜ਼ਾਰ ਪਲੇਅ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ ਦਾ ਸਰਵੇ ਕਰਵਾਇਆ ਹੈ। ਇਸ ਵਿਚ ਪਿਛਲੇ ਇਕ ਸਾਲ ਵਿਚ 3 ਤੋਂ 5 ਸਾਲ ਤਕ ਦੇ ਬੱਚਿਆਂ ਦੇ ਸਰੀਰਿਕ ਤੇ ਮਾਨਸਿਕ ਵਿਕਾਸ ਦਾ ਡੇਟਾ ਪ੍ਰਾਪਤ ਕੀਤਾ ਹੈ। ਅਸੀਂ ਇਸ ਤੋਂ ਵੀ ਛੋਟੇ ਉਨ੍ਹਾਂ ਬੱਚਿਆਂ ਦੀ ਦੇਖਭਾਲ ਲਈ 500 ਕ੍ਰੈਚ ਸਥਾਪਤ ਕਰਨ ਦਾ ਫੈਸਲਾ ਕੀਤਾ, ਜਿਨ੍ਹਾਂ ਦੀ ਮਾਤਾਵਾਂ ਕੰਮਕਾਜੀ ਹੈ। ਹੁਣ ਤਕ 165 ਕ੍ਰੈਚ ਖੋਲੇ ਜਾ ਚੁੱਕੇ ਹਨ ਅਤੇ 335 ਕ੍ਰੈਚ ਖੋਲਣ ਦੇ ਲਈ ਥਾਵਾਂ ਦੀ ਪਹਿਚਾਣ ਕਰ ਲਈ ਗਈ ਹੈ। ਇਸ ਮੌਕੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੀ ਕਮਿਸ਼ਨਰ ਅਤੇ ਸਕੱਤਰ ਅਮਨੀਤ ਪੀ ਗੁਮਾਰ , ਮੁੱਖ ਮੰਤਰੀ ਦੇ ਉੱਪ ਪ੍ਰਧਾਨ ਸਕੱਤਰ ਕੇ ਮਕਰੰਦ ਪਾਂਡੂਰੰਗ, ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸਭਿਆਚਾਰ ਵਿਭਾਗ ਦੇ ਸੰਯੁਕਤ ਨਿਦੇਸ਼ਕ (ਪ੍ਰਸ਼ਾਸਨ) ਗੌਰਵ ਗੁਪਤਾ ਤੇ ਹੋਰ ਅਧਿਕਾਰੀ ਮੌਜੂਦ ਸਨ।

# ਚਨੌਲੀ ਬਸੀ ਸਕੂਲ ਵਿਖੇ ਚੱਲ ਰਹੇ ਜ਼ਿਲ੍ਹਾ ਪੱਧਰੀ ਵੇਟ ਲਿਫਟਿੰਗ ਤੇ ਪਾਵਰ ਲਿਫਟਿੰਗ ਮੁਕਾਬਲੇ ਸਮਾਪਤ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਨੌਲੀ ਬਸੀ ਵਿਖੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਹਲਕਾ ਵਿਧਾਇਕ ਰੂਪਨਗਰ ਦਿਨੇਸ਼ ਕੁਮਾਰ ਚੱਢਾ ਦੀ ਯੋਗ ਅਗਵਾਈ ਹੇਠ ਚਲ ਰਹੀਆਂ 67ਵੀਆਂ ਪੰਜਾਬ ਰਾਜ ਸਕੂਲ ਖੇਡਾਂ ਦੇ ਅੰਤਰਗਤ ਚਾਰ ਰੋਜ਼ਾ ਜਿਲ੍ਹਾ ਪੱਧਰੀ ਵੇਟਲਿਫਟਿੰਗ ਅਤੇ ਪਾਵਰ ਲਿਫਟਿੰਗ ਮੁਕਾਬਲੇ ਬੀਤੀ ਦੇਰ ਸ਼ਾਮ ਸਮਾਪਤ ਹੋ ਗਏ। ਇਸ ਮੌਕੇ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕਰਨ ਲਈ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਰਾਮ ਕੁਮਾਰ ਮੁਕਾਰੀ ਚੇਅਰਮੈਨ ਇੰਪਰੂਵਮੈਂਟ ਟਰੱਸਟ ਨੰਗਲ ਤੇ ਜ਼ਿਲ੍ਹਾ ਸਕੱਤਰ ਆਮ ਆਦਮੀ ਪਾਰਟੀ ਨੂੰ ਭੇਜਿਆ ਗਿਆ, ਇਸ ਮੌਕੇ ਉਨ੍ਹਾਂ ਨਾਲ ਭਜਨ ਲਾਲ ਸੋਢੀ ਪ੍ਰਧਾਨ ਜ਼ਿਲ੍ਹਾ ਬੀ ਸੀ ਸੈੱਲ ਰੂਪਨਗਰ ਵੀ ਹਾਜ਼ਰ ਸਨ। ਚਨੌਲੀ ਬਸੀ ਸਕੂਲ ਪੁੱਜਣ 'ਤੇ ਪ੍ਰਿੰਸੀਪਲ ਤੇ ਖੇਡਾਂ ਦੇ ਕਨਵੀਨਰ ਸ਼ਰਨਜੀਤ ਕੌਰ, ਸਮੂਹ ਸਟਾਫ ਅਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਵੱਲੋਂ ਰਾਮ ਕੁਮਾਰ ਮੁਕਾਰੀ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸ਼ਰਨਜੀਤ ਕੌਰ ਵੱਲੋਂ ਆਪਣੇ ਸਵਾਗਤੀ ਸੰਬੋਧਨ ਵਿਚ ਸਕੂਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ ਅਤੇ ਸਕੂਲ ਨੂੰ ਮੈਡੀਕਲ, ਨਾਨ ਮੈਡੀਕਲ ਅਤੇ ਕਾਮਰਸ ਗਰੁੱਪ ਦੇਣ ਸਮੇਤ ਹੋਰ ਮੰਗਾਂ ਵੀ ਰੱਖੀਆਂ। ਇਸ ਮੌਕੇ ਰਾਮ ਕੁਮਾਰ ਮੁਕਾਰੀ ਵੱਲੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਤਰਫ ਤੋਂ ਸਕੂਲ ਨੂੰ ਨਵਾਂ ਵੇਟਲਿਫਟਿੰਗ ਸੈਂਟ, ਪਲੇਟਫਾਰਮ ਅਤੇ ਵੇਟਲਿਫਟਿੰਗ ਨਾਲ ਸੰਬੰਧਤ ਹੋਰ ਸਮਾਨ ਉਪਲਬਧ ਕਰਵਾਉਣ ਦਾ ਐਲਾਨ ਕੀਤਾ ਅਤੇ ਸਕੂਲ ਸਟਾਫ ਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਨੂੰ ਭਰੋਸਾ ਦਿੱਤਾ ਕਿ ਸਕੂਲ ਵਿਚ ਮੈਡੀਕਲ , ਨਾਨ ਮੈਡੀਕਲ, ਕਾਮਰਸ ਗਰੁੱਪ ਦੇਣ ਦੀ ਮੰਗ ਬਾਰੇ ਉਹ ਸਿੱਖਿਆ ਮੰਤਰੀ ਨੂੰ ਜਾਣੂ ਕਰਵਾ ਦੇਣਗੇ। ਇਸ ਤੋਂ ਬਾਅਦ ਰਾਮ ਕੁਮਾਰ ਮੁਕਾਰੀ ਵੱਲੋਂ ਜੇਤੂ ਖਿਡਾਰੀਆਂ ਨੂੰ ਮੈਡਲਾਂ, ਟਰਾਫੀਆਂ ਦੀ ਵੰਡ ਅਤੇ ਮੁਕਾਬਲੇ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਵਿਚ ਆਪਣਾ ਯੋਗਦਾਨ ਪਾਉਣ ਵਾਲੇ ਸਮੂਹ ਖੇਡ ਅਧਿਕਾਰੀਆਂ, ਪਿੰਡ ਦੇ ਮੋਹਤਬਰ ਵਿਅਕਤੀਆਂ ਨੂੰ ਯਾਦਗਾਰੀ ਚਿਨ੍ਹ ਦੇ ਕੇ ਉਹਨਾਂ ਦਾ ਬਣਦਾ ਮਾਣ ਸਤਿਕਾਰ ਕੀਤਾ। ਇਸ ਮੌਕੇ ਪ੍ਰਿੰਸੀਪਲ, ਸਮੂਹ ਸਕੂਲ ਸਟਾਫ ਅਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਵੱਲੋਂ ਰਾਮ ਕੁਮਾਰ ਮੁਕਾਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਆਖਰੀ ਦਿਨ ਹੋਏ ਅੰਡਰ 17/19 ਸਾਲ ਲੜਕਿਆਂ ਦੇ ਪਾਵਰ ਲਿਫਟਿੰਗ ਮੁਕਾਬਲਿਆਂ ਦੇ ਨਤੀਜੇ ਜਾਰੀ ਕਰਦੇ ਹੋਏ ਉਪ ਕਨਵੀਨਰ ਲੈਕ. ਅਰਵਿੰਦਰ ਕੁਮਾਰ ਅਤੇ ਉਪ ਕਨਵੀਨਰ ਲੈਕ. ਬਲਜਿੰਦਰ ਰੀਹਲ ਨੇ ਦੱਸਿਆ ਕਿ ਅੰਡਰ 17 ਸਾਲ ਲੜਕਿਆਂ ਦੀ ਆਲ ਓਵਰ ਚੈਂਪੀਅਨਸ਼ਿਪ ਸਰਸਾ ਨੰਗਲ ਸਕੂਲ ਨੇ 40 ਅੰਕ ਪ੍ਰਾਪਤ ਕਰਕੇ ਜਿੱਤੀ, 37 ਅੰਕ ਲੈ ਕੇ ਕੀਰਤਪੁਰ ਸਾਹਿਬ ਸਕੂਲ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ 24 ਅੰਕ ਲੈ ਕੇ ਗਰਦਲਾ ਸਕੂਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸੁਮੀਤ ਕੁਮਾਰ ਸੇਂਟ ਕਾਰਮਲ ਸਕੂਲ ਕਟਲੀ ਨੂੰ ਬੈਸਟ ਪਾਵਰ ਲਿਫਟਰ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਅੰਡਰ 19 ਸਾਲ ਦੀ ਆਲ ਓਵਰ ਚੈਂਪੀਅਨਸ਼ਿਪ 33 ਅੰਕ ਲੈ ਕੇ ਸਰਸਾ ਨੰਗਲ ਨੇ ਜਿੱਤੀ ਜਦਕਿ ਸੈਂਟ ਕਾਰਮਲ ਸਕੂਲ ਕਟਲੀ ਨੇ 24 ਅੰਕ ਲੈ ਕੇ ਦੂਸਰਾ ਸਥਾਨ ਅਤੇ ਚਨੌਲੀ ਬਸੀ ਸਕੂਲ ਨੇ 23 ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਘੱਟ ਭਾਰ ਵਰਗ ਵਿਚ ਸਭ ਤੋਂ ਵੱਧ ਭਾਰ ਚੁੱਕਣ ਵਾਲੇ ਸੁਮੀਤ ਕੁਮਾਰ ਸੇਂਟ ਕਾਰਮਲ ਸਕੂਲ ਕਟਲੀ ਨੂੰ ਬੈਸਟ ਪਾਵਰ ਲਿਫਟਰ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਉਪ ਕਨਵੀਨਰ ਨੇ ਦੱਸਿਆ ਕਿ ਜਿਨ੍ਹਾਂ ਖਿਡਾਰੀਆਂ ਦੀ ਅੰਤਰ ਜ਼ਿਲ੍ਹਾ ਮੁਕਾਬਲਿਆਂ ਦੀ ਚੋਣ ਕੀਤੀ ਗਈ ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ-ਅੰਡਰ 17 ਸਾਲ ਲੜਕਿਆਂ ਦੇ 53 ਕਿਲੋਗਰਾਮ ਭਾਰ ਵਰਗ ਵਿਚ ਅਮਰਪ੍ਰੀਤ ਸਿੰਘ ਚਨੌਲੀ ਬਸੀ, 59 ਕਿਲੋਗਰਾਮ ਭਾਰ ਵਰਗ ਵਿਚ ਕ੍ਰਿਸ਼ਦੀਪ ਸਿੰਘ ਗਰਦਲੇ ਸਕੂਲ, 66 ਕਿਲੋਗਰਾਮ ਭਾਰ ਵਰਗ ਵਿਚ ਬਿੱਟੂ ਕੁਮਾਰ ਲੋਹਗੜ੍ਹ ਫਿੱਡੇ ਸਕੂਲ, 74 ਕਿਲੋਗਰਾਮ ਭਾਰ ਵਰਗ ਵਿਚ ਸੁਜਲ ਕੀਰਤਪੁਰ ਸਾਹਿਬ ਸਕੂਲ, 83 ਕਿਲੋਗਰਾਮ ਭਾਰ ਵਰਗ ਵਿਚ ਯੁਵਰਾਜ ਸਿੰਘ ਸਰਸਾ ਨੰਗਲ ਸਕੂਲ, 93 ਕਿਲੋਗਰਾਮ ਤੋਂ ਵੱਧ ਭਾਰ ਵਰਗ ਵਿਚ ਧਰਮਿੰਦਰ ਮੱਸੇਵਾਲ ਸਕੂਲ ਦੀ ਚੋਣ ਕੀਤੀ ਗਈ। ਅੰਡਰ 19 ਸਾਲ ਉਮਰ ਵਰਗ ਦੇ 53 ਕਿਲੋਗਰਾਮ ਭਾਰ ਵਰਗ ਵਿਚ ਕਰਨ ਸਿੰਘ ਸਰਸਾ ਨੰਗਲ, 59 ਕਿਲੋਗਰਾਮ ਭਾਰ ਵਰਗ ਵਿਚ ਗੁਰਿੰਦਰ ਸਿੰਘ ਮੱਸੇਵਾਲ ਸਕੂਲ, 66 ਕਿਲੋਗਰਾਮ ਭਾਰ ਵਰਗ ਵਿਚ ਸੁਮੀਤ ਕੁਮਾਰ ਸੇਂਟ ਕਾਰਮਲ ਸਕੂਲ ਕਟਲੀ, 74 ਕਿਲੋਗਰਾਮ ਭਾਰ ਵਰਗ ਵਿਚ ਜਸ਼ਨਪ੍ਰੀਤ ਸਿੰਘ ਸੇਂਟ ਕਾਰਮਲ ਸਕੂਲ ਕਟਲੀ, 83 ਕਿਲੋਗਰਾਮ ਭਾਰ ਵਰਗ ਵਿਚ ਜਸ਼ਨਪ੍ਰੀਤ ਸਿੰਘ ਸੇਂਟ ਕਾਰਮਲ ਸਕੂਲ ਕਟਲੀ, 120 ਕਿਲੋਗਰਾਮ ਭਾਰ ਵਰਗ ਵਿਚ ਹਰਸ਼ਪ੍ਰੀਤ ਸਿੰਘ ਕੀਰਤਪੁਰ ਸਾਹਿਬ ਸਕੂਲ ਦੀ ਚੋਣ ਕੀਤੀ ਗਈ।

ਇਸ ਮੌਕੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਲਈ ਸਰਪੰਚ ਭੁਪਿੰਦਰ ਸਿੰਘ ਚਨੌਲੀ, ਡਾ.ਕਮਲਜੀਤ ਸਿੰਘ ਸਾਬਕਾ ਸਰਪੰਚ, ਗੁਰਚਰਨ ਸਿੰਘ ਧੰਨਾ, ਆਪ ਆਗੂ ਜਸਵੰਤ ਸਿੰਘ ਬੱਲਾ, ਮੱਖਣ ਸਿੰਘ ਜਗੀਰਦਾਰ, ਸੰਜੀਵ ਘਈ, ਹਰਪ੍ਰੀਤ ਸਿੰਘ, ਦਲਜੀਤ ਕੌਰ ਡੀ.ਪੀ.ਈ, ਸਰਬਜੀਤ ਕੌਰ ਪੀ.ਟੀ.ਆਈ, ਕੁਲਵਿੰਦਰ ਸਿੰਘ ਪੀ.ਟੀ.ਆਈ, ਨਵਦੀਪ ਸਿੰਘ, ਵਿਜੇ ਕੁਮਾਰ ਅਤੇ ਅਮਨ ਕੁਮਾਰ ਅਤੇ ਲੈਕ ਸ਼ਸ਼ੀ ਬਾਲਾ, ਲੈਕ. ਹਰਨੇਕ ਸਿੰਘ, ਬਲਜਿੰਦਰ ਕੌਰ, ਇੰਦਰ ਦੇਵ, ਮਾ. ਪਵਨ ਕੁਮਾਰ, ਬਲਰਾਮ ਕੁਮਾਰ,ਅਸ਼ਵਨੀ ਕੁਮਾਰ, ਗੁਰਚਰਨ ਸਿੰਘ, ਇੰਦਰਜੀਤ ਸਿੰਘ, ਤਲਵਿੰਦਰ ਸਿੰਘ, ਸਤਵੰਤ ਕੌਰ, ਇੰਦੂ ਸ਼ਰਮਾ, ਰਾਜਵਿੰਦਰ ਕੌਰ, ਹਰਪ੍ਰੀਤ ਸਿੰਘ ਸੇਵਾਦਾਰ, ਦਿਕਸ਼ਾ ਸੈਣੀ ਆਦਿ ਹਾਜ਼ਰ ਸਨ।



## ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਾਹਿਬ ਗੋਕੁਲ ਨਗਰ ਨੂੰ ਸਕੂਲ ਦੇ ਤਬਾਦਲੇ ਦੀ ਰਜਿਸਟਰੀ ਸੌਂਪੀ

**ਹੁਸ਼ਿਆਰਪੁਰ, (ਓ ਪੀ ਰਾਣਾ )**-ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਰਹੀ ਹੈ। ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਨਾਲ-ਨਾਲ ਸਕੂਲਾਂ ਦੇ ਪੱਧਰ ਨੂੰ ਹੋਰ ਵਧੇਰੇ ਬਿਹਤਰ ਬਣਾਇਆ ਜਾ ਰਿਹਾ ਹੈ। ਉਹ ਅੱਜ ਗੁਰਦੁਆਰਾ ਸ੍ਰੀ ਕਲਗੀਧਰ ਗੋਕੁਲ ਨਗਰ ਵਿਚ ਸਰਕਾਰੀ ਐਲੀਮੈਂਟਰੀ ਸਕੂਲ ਗੋਕੁਲ ਨਗਰ ਦੇ ਤਬਾਦਲੇ ਦੀ ਰਜਿਸਟਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ ਦੌਰਾਨ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਹੁਣ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਸਰਕਾਰੀ ਸਕੂਲ ਦੀ ਨਵੀਂ ਇਮਾਰਤ ਬਣਾਈ ਜਾ ਰਹੀ ਹੈ, ਜੋ ਕਿ ਪ੍ਰਸ਼ੰਸਾਯੋਗ ਕਾਰਜ ਹੈ। ਉਨ੍ਹਾਂ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜਲਦ ਤੋਂ ਜਲਦ ਸਕੂਲ ਦੀ ਨਵੀਂ ਇਮਾਰਤ ਬਣਾ ਕੇ ਸਰਕਾਰ ਨੂੰ ਸੌਂਪੀ ਜਾਵੇ, ਤਾਂ ਜੋ ਇਥੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਹੋਰ ਬਿਹਤਰ ਬੁਨਿਆਦੀ ਸੁਵਿਧਾਵਾਂ ਮਿਲ ਸਕਣ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਮਨਜੋਤ ਕੌਰ, ਕੌਂਸਲਰ ਜਸਵੰਤ ਰਾਏ, ਕੁਲਵਿੰਦਰ ਸਿੰਘ, ਹਰਭਗਤ ਸਿੰਘ ਤੁਲੀ, ਪਰਮਜੀਤ ਸਿੰਘ ਟਿਮਾ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ, ਮੀਤ ਪ੍ਰਧਾਨ ਮਨਜੀਤ ਸਿੰਘ, ਖਜ਼ਾਨਚੀ ਹਰਜੀਤ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਸਿੰਘ, ਜਗਤਾਰ ਸਿੰਘ, ਦਵਿੰਦਰ ਸਿੰਘ ਕੋਹਲੀ, ਹਰਮਿੰਦਰ ਸਿੰਘ ਗੋਪੀ ਵੀ ਮੌਜੂਦ ਸਨ।

# ਪੰਜਾਬ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਆਰਥਕ ਲੁੱਟ

ਮਾਨਸਾ (ਪਮਾਰ)

ਸਿੱਖਿਆ ਦਾ ਅਧਿਕਾਰ ਕਾਨੂੰਨ-2009 ਤਹਿਤ ਅੱਠਵੀਂ ਜਮਾਤ ਤੱਕ ਸਾਰੇ ਵਿਦਿਆਰਥੀਆਂ ਤੇ ਦਿਵਿਆਂਗ ਵਿਅਕਤੀਆਂ ਦਾ ਅਧਿਕਾਰ ਕਾਨੂੰਨ-2016 ਤਹਿਤ 18 ਸਾਲ ਉਮਰ ਤੱਕ ਦਿਵਿਆਂਗ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇ ਕਾਨੂੰਨਾਂ ਦੀ ਉਲੰਘਣਾ ਕਰਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਵੀਂ, ਅੱਠਵੀਂ ਤੇ ਦਸਵੀਂ ਦੇ ਸਰਟੀਫਿਕੇਟਾਂ ਦੀ ਹਾਰਡ ਕਾਪੀ ਲੈਣ ਲਈ 200 ਰੁਪਏ ਤੇ ਬਾਰਵੀਂ ਜਮਾਤ ਲਈ 250 ਰੁਪਏ ਪ੍ਰਤੀ ਵਿਦਿਆਰਥੀ ਫੀਸ ਲਗਾਉਣ ਦਾ ਨਵਾਂ ਫ਼ਰਮਾਨ ਜਾਰੀ ਕੀਤਾ ਗਿਆ ਹੈ। ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਜ਼ਿਲ੍ਹਾ ਮਾਨਸਾ ਨੇ ਸਰਟੀਫਿਕੇਟ ਫੀਸ ਲਾਗੂ ਕਰਨ, ਪ੍ਰੀਖਿਆ ਫੀਸ ਵਿੱਚ ਵਾਧੇ ਤੇ ਭਾਰੀ ਜੁਰਮਾਨਿਆਂ ਨੂੰ ਨਜਾਇਜ਼ ਕਰਾਰ ਦਿੰਦਿਆਂ ਇਸ ਸੰਬੰਧੀ ਮੁੱਖ ਮੰਤਰੀ, ਸਿੱਖਿਆ ਮੰਤਰੀ ਪੰਜਾਬ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਚੇਅਰਮੈਨ ਵੱਲ ਡਿਪਟੀ ਕਮਿਸ਼ਨਰ ਮਾਨਸਾ ਸ੍ਰੀ ਪਰਮਵੀਰ ਸਿੰਘ ਰਾਹੀਂ "ਵਿਰੋਧ ਪੱਤਰ" ਭੇਜਦਿਆਂ 3 ਅਕਤੂਬਰ ਨੂੰ ਸਿੱਖਿਆ ਬੋਰਡ ਮੋਹਾਲੀ ਸਥਿਤ ਮੁੱਖ ਦਫ਼ਤਰ ਅੱਗੇ ਰੋਸ ਧਰਨੇ ਵਿੱਚ ਭਰਵੀਂ ਸ਼ਮੂਲੀਅਤ ਦਾ ਐਲਾਨ ਕੀਤਾ। ਇਸ ਮੌਕੇ ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਮਾਨਸਾ, ਖਜ਼ਾਨਚੀ ਸੁਖਵੀਰ ਸਿੰਘ, ਪ੍ਰੈੱਸ ਸਕੱਤਰ ਅਮਰਿੰਦਰ ਸਿੰਘ, ਜ਼ਿਲ੍ਹਾ ਆਗੂ ਹੰਸਾ ਸਿੰਘ ਡੇਲੂਆਣਾ, ਗੁਰਦਾਸ ਸਿੰਘ ਗੁਰਨੇ, ਇਕਬਾਲ ਬਰੇਟਾ, ਸੰਤੋਖ ਗੁਰਨੇ, ਮੀਤ ਪ੍ਰਧਾਨ ਅਸ਼ਵਨੀ ਖੁਡਾਲ, ਜਸਵੀਰ ਭੰਮਾ ਤੇ ਭਰਾਤਰੀ



ਜਥੇਬੰਦੀਆਂ ਵੱਲੋਂ ਹਮਾਇਤ 'ਤੇ ਪੁੱਜੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਦਰਸ਼ਨ ਸਿੰਘ ਟਾਹਲੀਆਂ, ਸਟੂਡੈਂਟ ਪਾਵਰ ਆਫ ਪੰਜਾਬ ਦੇ ਆਗੂ ਪ੍ਰਦੀਪ ਗੁਰੂ, ਗੁਰਵਿੰਦਰ ਨੰਦਗੜ੍ਹ, ਖੇਤ ਮਜ਼ਦੂਰ ਸਭਾ ਦੇ ਆਗੂ ਕ੍ਰਿਸ਼ਨ ਚੌਹਾਨ, ਏਟਕ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਜਮਹੂਰੀ ਕਿਸਾਨ ਸਭਾ ਦੇ ਆਗੂ ਅਮਰੀਕ ਸਿੰਘ ਫਫੜੇ, ਇਨਕਲਾਬੀ ਗਾਇਕ ਅਜਮੇਰ ਅਕਲੀਆ ਨੇ ਕਿਹਾ ਕਿ ਨਤੀਜਾ ਸਰਟੀਫਿਕੇਟ ਦੇਣਾ ਹਰੇਕ ਸੰਸਥਾ ਦਾ ਮੁੱਢਲਾ ਫਰਜ਼ ਹੁੰਦਾ ਹੈ, ਪ੍ਰੰਤੂ ਸਿੱਖਿਆ ਬੋਰਡ ਇਸ ਨੂੰ ਵੀ ਕਮਾਈ ਦੇ ਸਾਧਨ ਵਜੋਂ ਦੇਖ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸਾਰੀਆਂ ਜਮਾਤਾਂ ਦੀ ਬੋਰਡ ਪ੍ਰੀਖਿਆ ਦੇ ਸਰਟੀਫਿਕੇਟਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਦਿਆਂ ਪੂਰੀ ਤਰ੍ਹਾਂ ਮੁਫਤ ਦਿੱਤੇ ਜਾਣ। ਆਗੂਆਂ ਨੇ ਦੱਸਿਆ ਕਿ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਤੋਂ ਲਈਆਂ ਜਾਂਦੀਆਂ ਪ੍ਰੀਖਿਆ ਫੀਸਾਂ, ਰਜਿਸਟ੍ਰੇਸ਼ਨ ਤੇ ਕੰਟੀਨਿਊਏਸ਼ਨ ਫੀਸ ਅਤੇ ਜੁਰਮਾਨਿਆਂ ਤੇ ਲੇਟ ਫੀਸ ਆਦਿ ਵਿੱਚ ਵੀ ਗੈਰ-ਵਾਜਿਬ ਵਾਧਾ ਕੀਤਾ ਗਿਆ ਹੈ। ਇਸ ਵਾਧੇ ਨੂੰ ਵਾਪਸ ਲੈਣ, ਜੁਰਮਾਨਾ ਕਿਸੇ ਵੀ ਹਾਲਤ 'ਚ ਫੀਸ ਤੋਂ ਵੱਧ ਨਾ ਰੱਖਣ ਅਤੇ ਦਸਵੀਂ/ਬਾਰਵੀਂ ਕੰਟੀਨਿਊਏਸ਼ਨ ਤੇ ਪ੍ਰੀਖਿਆ ਫੀਸ ਇੱਕੋ ਵਾਰੀ ਵਿੱਚ ਕੰਪਿਊਟਰ 'ਤੇ ਆਨਲਾਈਨ ਕਰਨ ਦਾ ਪ੍ਰਬੰਧ ਕਰਨਾ ਬਣਦਾ ਹੈ। ਆਗੂਆਂ ਨੇ ਕਿਹਾ ਕਿ ਬੋਰਡ ਜਮਾਤਾਂ ਦੀਆਂ ਪ੍ਰਯੋਗੀ ਪ੍ਰੀਖਿਆਵਾਂ ਸਕੂਲ ਪੱਧਰ 'ਤੇ ਅਧਿਆਪਕਾਂ ਵੱਲੋਂ ਹੀ ਲਈਆਂ ਜਾਂਦੀਆਂ ਹਨ, ਜਿਸ ਕਾਰਨ ਵਿਦਿਆਰਥੀਆਂ ਤੋਂ ਲਈ ਜਾਂਦੀ ਪ੍ਰਯੋਗੀ ਫੀਸ ਪੂਰੀ ਤਰ੍ਹਾਂ ਤਰਕਹੀਣ, ਗੈਰ-ਵਾਜਿਬ ਹੈ ਅਤੇ ਇਹ ਤੁਰੰਤ ਬੰਦ ਕਰਨੀ ਬਣਦੀ ਹੈ।

ਆਗੂਆਂ ਨੇ ਦੱਸਿਆ ਕਿ ਦਰਅਸਲ ਮੁਫ਼ਤ ਕਿਤਾਬਾਂ ਦੀ ਛਪਾਈ ਤੇ ਅੱਠਵੀਂ ਤੱਕ ਫੀਸ ਮੁਆਫ ਕਰਨ ਬਦਲੇ ਪੰਜਾਬ ਸਰਕਾਰ ਵੱਲ ਸਿੱਖਿਆ ਬੋਰਡ ਦੀਆਂ 600 ਕਰੋੜ ਤੋਂ ਵਧੇਰੇ ਦੀਆਂ ਅਦਾਇਗੀਆਂ ਪੈਂਡਿੰਗ ਹਨ, ਜਿਸ ਦਾ ਖਮਿਆਜ਼ਾ ਭਾਰੀ ਫੀਸਾਂ ਤੇ ਇਨ੍ਹਾਂ ਤੋਂ ਵੀ ਵਧੇਰੇ ਜੁਰਮਾਨਿਆਂ ਦੇ ਰੂਪ ਵਿੱਚ ਵਿਦਿਆਰਥੀਆਂ ਤੇ ਸਕੂਲ ਅਧਿਆਪਕਾਂ ਅਤੇ ਤਨਖਾਹਾਂ-ਪੈਨਸ਼ਨਾਂ 'ਤੇ ਲੱਗਦੀਆਂ ਰੋਕਾਂ ਦੇ ਰੂਪ ਵਿੱਚ ਸਿੱਖਿਆ ਬੋਰਡ ਦੇ ਮੁਲਾਜ਼ਮਾਂ ਨੂੰ ਭੁਗਤਣਾ ਪੈ ਰਿਹਾ ਹੈ। ਇਸ ਵਿੱਤੀ ਘਾਟੇ ਨੂੰ ਨਾ ਤਾਂ ਪਹਿਲੀਆਂ ਸਰਕਾਰਾਂ ਨੇ ਪੂਰਿਆ ਅਤੇ ਨਾ ਹੀ ਬਦਲਾਅ ਦਾ ਨਾਹਰਾ ਲਾ ਕੇ ਸੱਤਾ 'ਚ ਆਈ 'ਆਪ' ਸਰਕਾਰ ਨੇ ਪੂਰਾ ਕਰਨ ਦਾ ਕੋਈ ਯਤਨ ਕੀਤਾ ਹੈ, ਸਗੋਂ ਫੀਸ ਵਾਧੇ ਦੀ ਖੁੱਲ੍ਹ ਦਿੱਤੀ ਜਾ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਇਨ੍ਹਾਂ ਅਦਾਇਗੀਆਂ ਦਾ ਫੌਰੀ ਭੁਗਤਾਨ ਕਰਨ ਦੀ ਮੰਗ ਕੀਤੀ ਹੈ। ਇਸੇ ਤਰ੍ਹਾਂ ਵੱਖ-ਵੱਖ ਪੈਂਡਿੰਗ ਮਾਮਲਿਆਂ ਵਿੱਚ ਸਰਕਾਰੀ ਸਕੂਲਾਂ 'ਤੇ ਲੱਗੇ ਲੱਖਾਂ ਰੁਪਏ ਦੇ ਜੁਰਮਾਨਿਆਂ ਕਾਰਨ ਵਿਦਿਆਰਥੀਆਂ ਦੇ ਰੋਕੇ ਸਰਟੀਫਿਕੇਟ ਜਾਰੀ ਕਰਨ ਤੇ ਜੁਰਮਾਨਿਆਂ ਤੋਂ ਵੀ ਵਾਜਿਬ ਰਾਹਤ ਦੇਣ ਦੀ ਮੰਗ ਕੀਤੀ ਗਈ। ਇਸ ਸਮੇਂ ਉਪਰੋਕਤ ਤੋਂ ਇਲਾਵਾ ਕਰਮਜੀਤ ਸਿੰਘ, ਸੁਖਜੀਤ ਸਿੰਘ, ਕੁਲਵਿੰਦਰ ਸਿੰਘ, ਤੋਗਾ ਸਿੰਘ, ਚਮਕੌਰ ਸਿੰਘ ਗੁਰਨੇ, ਬਹਾਦਰ ਸਿੰਘ, ਬਲਜੀਤ ਸਿੰਘ, ਜਸਵਿੰਦਰ ਕੁਮਾਰ ਆਦਿ ਆਗੂ ਹਾਜ਼ਰ ਸਨ।

# ਮੀਂਹ ਦੇ ਪਾਣੀ ਨੇ ਸ਼ਹਿਰ 'ਚ ਹੋਏ ਵਿਕਾਸ ਕੰਮਾਂ ਦੀ ਖੋਲ੍ਹੀ ਪੋਲ

ਜਲਾਲਾਬਾਦ (ਜੰਗੀਰ ਕੌਰ, ਜੀਤ ਕੁਮਾਰ)

ਐਤਵਾਰ ਸਵੇਰੇ ਆਈ ਬਾਰਸ਼ ਨੇ ਇਕ ਵਾਰ ਫਿਰ ਜਲਾਲਾਬਾਦ ਸ਼ਹਿਰ 'ਚ ਹੋਏ ਵਿਕਾਸ ਦੇ ਕੰਮਾਂ ਦੀ ਪੋਲ ਖੋਲ ਕੇ ਰੱਖ ਦਿੱਤੀ ਗਈ ਹੈ। ਸ਼ਹਿਰ ਦੀਆਂ ਸੜਕਾਂ ਜਿਵੇਂ ਕਿ ਰੇਲਵੇ ਰੋਡ, ਨਵੀਂ ਤਹਿਸੀਲ ਰੋਡ, ਪੁਰਾਣਾ ਸਰਕਾਰੀ ਹਸਪਤਾਲ ਰੋਡ, ਅਗਰਵਾਲ ਸਟ੍ਰੀਟ, ਜੀਤ ਸਿੰਘ ਚਾਵਲਾ ਵਾਲੀ ਗਲੀ ਤੋਂ ਇਲਾਵਾ ਹੋਰ ਕਈ ਗਲੀ-ਮੁਹੱਲਿਆਂ ਵਿੱਚ ਬਾਰਸ਼ ਦਾ ਪਾਣੀ ਜਮ੍ਹਾਂ ਹੋ ਗਿਆ ਤੇ ਕਈ ਘੰਟੇ ਤੱਕ ਖੜ੍ਹਿਆ ਗਿਆ, ਜਿਸ 'ਤੇ ਲੋਕਾਂ ਨੂੰ ਲੰਘਣ ਵਿੱਚ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਅਗਰਵਾਲ ਸਟ੍ਰੀਟ ਤੇ ਜੀਤ ਸਿੰਘ ਚਾਵਲਾ ਵਾਲੀ ਗਲੀ ਦੇ ਨਿਵਾਸੀਆਂ ਮਨੀਸ਼ ਬਜਾਜ, ਮਾਨਵ ਨਾਗਪਾਲ, ਲਲਿਤ ਗਾਂਧੀ, ਵਰਿੰਦਰ ਕੰਬੋਜ, ਲੱਕੀ ਸਿਡਾਨਾ, ਸੰਪੀ ਬਜਾਜ, ਗੁਰਮੀਤ ਸਿੰਘ ਸਿਡਾਨਾ, ਮੋਮੀ, ਲਾਲ ਚੰਦ ਸ਼ਰਮਾ, ਵਿਜੈ ਕੁੱਕੜ, ਕਾਲੀ ਮਲੂਜਾ, ਰਾਜੇਸ਼ ਬਜਾਜ ਨੇ ਦੱਸਿਆ ਕਿ ਐਤਵਾਰ ਨੂੰ ਸਵੇਰੇ ਬਾਰਸ਼ ਆਉਣ ਨਾਲ ਜਿੱਥੇ ਸੜਕਾਂ ਤੇ ਮੀਂਹ ਦਾ ਪਾਣੀ ਜਮ੍ਹਾਂ ਹੋ ਗਿਆ ਤੇ ਇਸ ਦੇ ਨਾਲ ਹੀ ਪਹਿਲਾਂ ਤੋਂ ਹੀ ਖਸਤਾ ਹਾਲਤ 'ਚ ਗੁਜ਼ਰ ਰਹੀ ਸੜਕ 'ਤੇ ਆਏ ਮੀਂਹ ਦੇ ਨਾਲ ਪੱਥਰ ਬਾਹਰ ਨਿਕਲ ਗਿਆ, ਜਿਸਦੇ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਵਿੱਚੋਂ ਗੁਜ਼ਰਨਾ ਪਿਆ ਹੈ। ਉਧਰ, ਦੂਜੇ ਪਾਸੇ ਇਸ ਸਮੇਂ ਜੋਕਿ ਝੋਨੇ ਦੀ ਫਸਲ ਲੱਗਭਗ ਪੱਕਣ ਕਿਨਾਰੇ ਖੜੀ ਹੈ, ਲਗਾਤਾਰ ਪੈ ਰਿਹਾ ਮੀਂਹ ਤੇ ਬੱਦਲਵਾਈ ਦੇ ਚਲਦੇ ਉਸ ਝੋਨੇ ਦੀ ਫਸਲ ਲਈ ਨੁਕਸਾਨਦਾਇਕ ਸਾਬਿਤ ਹੋ ਸਕਦਾ ਹੈ, ਕਿਉਂਕਿ ਮੀਂਹ ਤੇ ਤੇਜ਼ ਹਵਾਵਾਂ ਆਉਣ ਨਾਲ ਝੋਨੇ ਦੀ ਫਸਲ ਡਿੱਗਣ ਨਾਲ ਝਾੜ 'ਤੇ ਅਸਰ ਪੈ ਸਕਦਾ ਹੈ। ਯੂਥ ਅਕਾਲੀ ਦਲ ਬਾਦਲ ਦੇ ਕੌਮੀ ਜਥੇਬੰਦਕ ਸਕੱਤਰ ਗੁੱਲੂ ਗੋਰਾਇਆ ਨੇ ਕਿਹਾ ਕਿ ਵਰਤਮਾਨ ਸਮੇਂ ਦੇ ਦੌਰਾਨ ਝੋਨੇ ਦੀ ਫਸਲ ਨੂੰ ਬੂਰ ਪੈ ਚੁੱਕਿਆ ਹੈ, ਜੇਕਰ ਭਵਿੱਖ ਵਿੱਚ ਹੋਰ ਮੀਂਹ ਆਉਂਦਾ ਹੈ ਤਾਂ ਉਪਰੋਕਤ ਝੋਨੇ ਦੀ ਫਸਲ, ਜੋ ਲਗਭਗ ਪੱਕਣ ਕਿਨਾਰੇ ਆ ਚੁੱਕੀ ਹੈ, ਉਸ ਦਾ ਨੁਕਸਾਨ ਹੋਣ ਦਾ ਖਾਦਸ਼ਾ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਫਾਜ਼ਿਲਕਾ ਦੇ ਸੀਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਮੰਨੇਵਾਲਾ ਨੇ ਕਿਹਾ ਕਿ ਅੱਜ ਸਵੇਰੇ ਬੇਮੌਸਮੀ ਮੀਂਹ ਦੇ ਨਾਲ ਆਈ ਹਨੇਰੀ ਮੁਸੀਬਤ ਬਣ ਕੇ ਆਈ ਹੈ, ਜਿਸ ਨਾਲ ਝੋਨੇ ਦੀ ਫਸਲ ਜੋ ਲਗਭਗ ਪੱਕਣ ਕਿਨਾਰੇ ਆ ਚੁੱਕੀ ਹੈ, ਉਹ ਜ਼ਮੀਨ 'ਤੇ ਵਿਛ ਗਈ ਹੈ ਅਤੇ ਅਜਿਹੇ ਹਲਾਤਾਂ ਵਿੱਚ ਇਸ ਝੋਨੇ ਦੀ ਫਸਲ ਦੇ ਝਾੜ 'ਚ ਕਾਫੀ ਪ੍ਰਭਾਵ ਪੈਵੇਗਾ।

**ਬੇਮੌਸਮੀ ਮੀਂਹ ਝੋਨੇ ਦੀ ਫਸਲ ਲਈ ਬਣਿਆ ਮੁਸੀਬਤ**





## ਕਾਤਰਾਂ

### ਜਲੰਧਰ ਰੈਲੀ 'ਚ ਫਿਰੋਜ਼ਪੁਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਕੀਤੀ ਭਰਵੀਂ ਸ਼ਮੂਲੀਅਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਜਲੰਧਰ ਰੈਲੀ ਵਿੱਚ ਫਿਰੋਜ਼ਪੁਰ ਤੋਂ ਵੱਡੀ ਗਿਣਤੀ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਸ਼ਾਮਲ ਹੋਏ।ਪੰਜਾਬ ਸਟੇਟ ਪੈਨਸ਼ਨਰ ਕਨਫੈਡਰੇਸ਼ਨ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਕਿਸ਼ਨ ਸਿੰਘ ਚੰਦ ਜਾਗੋਵਾਲੀਆ ਤੇ ਸੀਨੀਅਰ ਮੀਤ ਪ੍ਰਧਾਨ ਕਿੱਕਰ ਸਿੰਘ, ਜਰਨਲ ਬਲਕਾਰ ਸਿੰਘ ਮਾੜੀਮੇਘਾ, ਬੂਟਾ ਰਾਮ ਤਲਵੰਡੀ ਭਾਈ, ਵਿਜੇ ਗੱਖੜ ਮੱਲਾਂ ਵਾਲਾ, ਬਲਬੀਰ ਸਿੰਘ ਗੋਖੀਵਾਲਾ ਵਾਲਾ ਆਦਿ ਆਗੂਆਂ ਨੇ ਦੱਸਿਆ ਕਿ ਇਸ ਰੈਲੀ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਬੱਸਾਂ, ਕਾਰਾਂ ਤੇ ਰੇਲ ਗੱਡੀ ਰਾਹੀਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਉਨ੍ਹਾਂ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਚੋਣਾਂ ਸਮੇਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਮਸਲੇ ਹੱਲ ਕੀਤੇ ਜਾਣ।ਇਸ ਰੈਲੀ ਵਿੱਚ ਮੇਹਰ ਸਿੰਘ, ਹਰੀਕਿਸ਼ਨ, ਰਮੇਸ਼ ਭੱਟੀ, ਰਾਜ ਸਿੰਘ, ਜੀਤ ਸਿੰਘ, ਕੁਲਵੰਤ ਸਿੰਘ, ਗੁਰਬਚਨ ਸਿੰਘ, ਰਾਮ ਸਿੰਘ, ਰੁਲੀਆ ਸਿੰਘ, ਹਰਨਾਮ ਸਿੰਘ, ਮੁਖਤਿਆਰ ਸਿੰਘ, ਜਰਨੈਲ ਮਸੀ, ਮਹਿੰਗਾ ਰਾਮ, ਵਿਜੈ ਕੁਮਾਰ ਰਾਣਾ, ਸੁਰਜੀਤ ਸਿੰਘ, ਬਖਸ਼ੀਸ਼ ਸਿੰਘ, ਰਾਜ ਕੁਮਾਰ ਅਗਨੀਹੋਤਰੀ, ਰਾਮ ਨਿਵਾਸ, ਹਰਜੀਤ ਸਿੰਘ ਸ਼ਾਮਲ ਹੋਏ।

### ਭਾਰਤੀ ਜਨਤਾ ਪਾਰਟੀ ਵੱਲੋਂ ਖੂਨਦਾਨ ਕੈਂਪ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵੱਲੋਂ ਦੀਦਾਰ ਸਿੰਘ ਭੱਟੀ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਵਿੱਚ ਖੂਨਦਾਨ ਦਾ ਕੈਂਪ ਵਿਸ਼ਵਕਰਮਾ ਹਾਲ ਵਿੱਚ ਲਗਾਇਆ, ਜਿਸ ਵਿੱਚ 52 ਯੂਨਿਟ ਖੂਨ ਰਘੂਨਾਥ ਹੌਸਪੀਟਲ ਲੁਧਿਆਣਾ ਤੋਂ ਆਈ ਬਲੱਡ ਬੈਂਕ ਦੀ ਟੀਮ ਵੱਲੋਂ ਇਕੱਤਰਤ ਕੀਤਾ ਗਿਆ। ਇਸ ਮੌਕੇ ਦੀਦਾਰ ਸਿੰਘ ਭੱਟੀ ਜ਼ਿਲ੍ਹਾ ਪ੍ਰਧਾਨ ਤੋਂ ਇਲਾਵਾ ਹਰੀਸ਼ ਅਗਵਾਲ ਜ਼ਿਲ੍ਹਾ ਜਨਰਲ ਸਕੱਤਰ, ਮੰਡਲ ਪ੍ਰਧਾਨ ਗੁਰਬਖਸ਼ ਸਿੰਘ ਬਖਸ਼ੀ, ਰਜਿੰਦਰ ਸਹੋਤਾ, ਪਰਮਿੰਦਰ ਦਿਉਲ, ਦਿਲਪ੍ਰੀਤ ਭੱਟੀ, ਵਿੱਕੀ ਰਾਏ, ਗੁਰਮੁੱਖ ਸਿੰਘ, ਵਿਵੇਕ ਜੈਨ ਖਮਾਣੋਂ, ਸ਼ਾਮ ਲਾਲ ਨਰੂਲਾ, ਬਲਵੀਰ ਸਿੰਘ, ਦੀਪਕ ਕੁਮਾਰ ਆਦਿ ਮੌਜੂਦ ਸਨ।

### ਕਾਲੀ ਮਾਤਾ ਮੰਦਰ 'ਚ ਆਏ ਸ਼ਰਧਾਲੂ 'ਤੇ ਹਮਲਾ ਨਿੰਦਣਯੋਗ : ਹਨੀ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਬੀਤੇ ਦਿਨੀਂ ਪਟਿਆਲਾ ਦੇ ਕਾਲੀ ਮਾਤਾ ਮੰਦਰ ਕੰਪਲੈਕਸ ਦੇ ਮੁੱਖ ਗੇਟ 'ਤੇ ਮੋਹਾਲੀ ਤੋਂ ਆਏ ਸ਼ਰਧਾਲੂ ਅਮਿਤ ਸ਼ਰਮਾ 'ਤੇ ਸ਼ਰੇਆਮ ਹਮਲਾ ਕਰਨਾ ਤੇ ਬਾਅਦ 'ਚ ਕੁੱਝ ਗੁੰਡਾ ਅਨਸਰਾਂ ਵੱਲੋਂ ਭਾਰੀ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਪਥਰਾਅ ਤੇ ਵਾਹਨਾਂ ਦੀ ਭੰਨਤੋੜ ਕਰਨਾ ਨਿੰਦਣਯੋਗ ਕਾਰਵਾਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼ਿਵ ਸੈਨਾ ਹਿੰਦੁਸਤਾਨ ਦੇ ਸੂਬਾ ਜਨਰਲ ਸਕੱਤਰ ਲਲਿਤ ਕੁਮਾਰ ਹਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਦੌਰਾਨ ਸ਼ਿਵ ਸੈਨਾ ਆਗੂ ਹਨੀ ਨੇ ਆਖਿਆ ਕਿ ਇਹ ਹਮਲਾ ਕਿਸੇ ਵਿਅਕਤੀ ਵਿਸ਼ੇਸ਼ 'ਤੇ ਨਹੀਂ, ਸਗੋਂ ਮੰਦਰ ਦੀ ਪਵਿੱਤਰਤਾ ਨੂੰ ਤੋੜਨ ਤੇ ਹਿੰਦੂ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਬਰਾਬਰ ਹੈ। ਸ਼ਿਵ ਸੈਨਾ ਹਿੰਦੁਸਤਾਨ ਇਸ ਸਮੁੱਚੀ ਘਟਨਾ ਦੀ ਸਖਤ ਨਿਖੇਧੀ ਕਰਦੀ ਹੈ ਤੇ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਪਟਿਆਲਾ ਤੋਂ ਮੰਗ ਕਰਦੀ ਹੈ ਕਿ ਅਜਿਹੇ ਗੁੰਡਾ ਅਨਸਰਾਂ ਵਿਰੁੱਧ ਕਾਰਵਾਈ ਕੀਤੀ ਜਾਵੇ।

### ਅਲੀਕੇ 'ਚ ਸਿਹਤ ਮੇਲਾ ਲਗਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਿਵਲ ਸਰਜਨ ਫਿਰੋਜ਼ਪੁਰ ਡਾਕਟਰ ਮੀਨਾਕਸ਼ੀ ਅਬਰੋਲ ਦੀਆਂ ਹਦਾਇਤਾਂ ਤੇ ਐੱਸ ਐੱਮ ਓ ਮਮਦੋਟ ਡਾਕਟਰ ਰੇਖਾ ਭੱਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਮਮਦੋਟ ਅਧੀਨ ਪੈਂਦੇ ਹੈੱਲਥ ਐਂਡ ਵੈੱਲਨੈੱਸ ਸੈਂਟਰ ਪਿੰਡ ਅਲੀਕੇ ਵਿਖੇ ਆਯੂਸ਼ਮਾਨ ਭਵ ਪ੍ਰੋਗਰਾਮ ਤਹਿਤ ਸਿਹਤ ਮੇਲਾ ਲਗਾਇਆ ਗਿਆ, ਜਿਸ ਵਿੱਚ ਸੀ ਐੱਚ ਓ ਮਿਸਜ਼ ਰੇਨੂੰ ਗਿੱਲ ਨੇ ਦੱਸਿਆ ਕਿ ਮੇਲੇ ਵਿੱਚ 30 ਸਾਲ ਤੇ ਇਸ ਤੋਂ ਉੱਪਰ ਉਮਰ ਦੇ ਮਰੀਜ਼ਾਂ ਦੀਆਂ ਗੈਰਸੰਚਾਰੀ ਬਿਮਾਰੀਆਂ ਜਿਵੇਂ ਬਲੱਡ ਪ੍ਰੈਸ਼ਰ, ਸ਼ੂਗਰ ਤੇ ਕੈਂਸਰ ਆਦਿ ਦੀ ਜਾਂਚ ਕੀਤੀ ਗਈ ਅਤੇ ਲੋਕਾਂ ਨੂੰ ਬਿਮਾਰੀਆਂ ਪ੍ਰਤੀ ਜਾਗਰੂਕ ਕੀਤਾ ਗਿਆ।ਮੇਲੇ ਵਿੱਚ ਆਸ਼ਾ ਵਰਕਰਾਂ ਵੱਲੋਂ ਲੋਕਾਂ ਦੀਆਂ ਆਭਾ ਆਈ ਡੀਜ਼ ਵੀ ਬਣਾਈਆਂ ਗਈਆਂ। ਇਸ ਮੌਕੇ ਸਕੂਲ ਹੈੱਲਥ ਅੰਬੈਸਡਰ ਅਨਮੋਲ ਸ਼ਰਮਾ, ਸਿਮਰਨਜੀਤ ਕੌਰ, ਬਲਜਿੰਦਰ ਕੌਰ, ਪਰਮਿੰਦਰ ਕੌਰ ਆਸ਼ਾ ਸੁਪਰਵਾਈਜ਼ਰ ਤੇ ਹੋਰ ਹਾਜ਼ਰ ਸਨ।

### ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਮੀਟਿੰਗ ਭਲਕੇ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-'ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਮੁੱਚੇ ਜ਼ਿਲ੍ਹਾ ਜਥੇਦਾਰ ਸਾਹਿਬ, ਵਰਕਿੰਗ ਕਮੇਟੀ ਮੈਂਬਰ ਸਾਹਿਬਾਨ, ਇਸਤਰੀ ਵਿੰਗ ਦੇ ਅਹੁਦੇਦਾਰ ਸਭ ਦੀ ਮੀਟਿੰਗ ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਗਵਾਈ ਹੇਠ ਹੋਵੇਗੀ, ਜਿਸ ਵਿੱਚ ਪਾਰਟੀ ਦੇ ਭਵਿੱਖਤ ਪ੍ਰੋਗਰਾਮਾਂ, ਕੈਨੇਡਾ, ਇੰਡੀਆ ਦੇ ਗੰਭੀਰ ਮੁੱਦੇ ਉਤੇ ਪੈਦਾ ਹੋਏ ਹਾਲਾਤ ਤੇ ਆਉਣ ਵਾਲੇ ਸਮੇ ਵਿਚ ਪਾਰਟੀ ਦੀਆਂ ਰਣਨੀਤੀਆ ਨੂੰ ਤਹਿ ਕਰਨ ਹਿੱਤ ਵਿਚਾਰਾਂ ਹੋਣਗੀਆਂ, ਜਿਸ ਵਿਚ ਸਭ ਜ਼ਿਲ੍ਹਾ ਜਥੇਦਾਰ ਸਾਹਿਬਾਨ, ਅਗਜੈਕਟਿਵ ਮੈਬਰ ਸਾਹਿਬਾਨ, ਇਸਤਰੀ ਵਿੰਗ ਦੇ ਅਹੁਦੇਦਾਰਾਂ ਨੂੰ ਸਮੇਂ ਨਾਲ ਪਹੁੰਚਦੇ ਹੋਏ ਆਪਣੇ ਵਿਚਾਰਾਂ ਰਾਹੀ ਯੋਗਦਾਨ ਪਾਉਣ ਦੀ ਅਪੀਲ ਕੀਤੀ ਜਾਂਦੀ ਹੈ।

### ਠੀਕਰੀ ਪਹਿਰਾ ਲਗਾਉਣ ਦੇ ਆਦੇਸ਼

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਮੈਜਿਸਟਰੇਟ ਸ੍ਰੀਮਤੀ ਪ੍ਰਨੀਤ ਸ਼ੇਰਗਿੱਲ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਹਦੂਦ ਵਿੱਚ ਸਮੂਹ ਧਾਰਮਿਕ ਸਥਾਨਾਂ 'ਤੇ ਅਗਲੇ ਹੁਕਮਾਂ ਤੱਕ ਠੀਕਰੀ ਪਹਿਰਾ ਲਗਾਉਣ ਲਈ ਪਿੰਡਾਂ ਦੀਆਂ ਸਮੂਹ ਪੰਚਾਇਤਾਂ ਤੇ ਧਾਰਮਿਕ ਸਥਾਨਾਂ ਦੀਆਂ ਕਮੇਟੀਆਂ, ਬੋਰਡ, ਟਰੱਸਟ ਦੇ ਮੁਖੀਆਂ ਦੀ ਜ਼ਿੰਮੇਵਾਰੀ ਲਗਾਈ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਪਿਛਲੇ ਦਿਨੀਂ ਧਾਰਮਿਕ ਸਥਾਨਾਂ 'ਤੇ ਸ਼ਰਾਰਤੀ ਅਨਸਰਾਂ ਵੱਲੋਂ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਹਨ। ਇਸ ਕਾਰਨ ਇਲਾਕੇ ਵਿੱਚ ਤਨਾਵ ਪੈਦਾ ਹੁੰਦਾ ਹੈ ਤੇ ਲੋਕਾਂ ਦੀ ਜਾਨ-ਮਾਲ ਨੂੰ ਨੁਕਸਾਨ ਪਹੁੰਚਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਉਨ੍ਹਾ ਕਿਹਾ ਕਿ ਇਹ ਹੁਕਮ 22 ਨਵੰਬਰ 2023 ਤੱਕ ਲਾਗੂ ਰਹਿਣਗੇ।

# ਭਾਜਪਾ ਵੱਲੋਂ 'ਮੇਰੀ ਮਿੱਟੀ, ਮੇਰਾ ਦੇਸ਼' ਮੁਹਿੰਮ ਦੀ ਸ਼ੁਰੂਆਤ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਪਿੰਡ ਚੜੇਵਾਨ ਵਿਖੇ ਭਾਜਪਾ ਵੱਲੋਂ ਜਸਵੰਤ ਦੇ ਗ੍ਰਹਿ ਤੋਂ ਮੇਰੀ ਮਿੱਟੀ ਮੇਰਾ ਦੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।

ਇਸ ਦੇ ਨਾਲ ਹੀ ਝਬੇਲਵਾਲੀ ਵਿਖੇ ਸਰਬਜੀਤ ਸਿੰਘ ਦੀ ਦੁਕਾਨ ਤੋਂ ਮੇਰੀ ਮਿੱਟੀ ਮੇਰਾ ਦੇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਸਮਾਗਮ 'ਚ ਮੰਡਲ ਪ੍ਰਧਾਨ ਬਰੀਵਾਲਾ ਮੋਹਰ ਸਿੰਘ ਅਤੇ ਪ੍ਰਭਾਰੀ, ਬੁਲਾਰੇ ਅਨੁਰਾਗ ਸ਼ਰਮਾ ਤੇ ਹੋਰ ਭਾਜਪਾ ਆਗੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਇਸ ਮੁਹਿੰਮ ਤੋਂ ਇਲਾਵਾ ਆਉਂਦੀਆਂ ਚੋਣਾਂ ਦੇ ਸਬੰਧ 'ਚ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

# ਕੰਪਿਊਟਰ ਅਧਿਆਪਕ 28 ਨੂੰ ਖਟਕੜ ਕਲਾਂ 'ਚ ਕਰਨਗੇ ਰੋਸ ਰੈਲੀ



**ਫਿਰੋਜ਼ਪੁਰ/ਮਾਨਸਾ (ਅਸ਼ੋਕ ਸ਼ਰਮਾ/ਪਮਾਰ)**-ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ ਮੀਟਿੰਗ ਸਕੱਤਰੇਤ ਚੰਡੀਗੜ੍ਹ ਵਿਖੇ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨਤਾਰਨ ਦੀ ਅਗਵਾਈ ਹੇਠ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨਾਲ ਹੋਈ, ਜਿਸ ਦੀ ਜਾਣਕਾਰੀ ਸੂਬਾ ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਦਵਿੰਦਰ ਸਿੰਘ ਨੇ ਸਾਂਝੇ ਤੌਰ 'ਤੇ ਪ੍ਰੈੱਸ ਨੂੰ ਦਿੱਤੀ ਗਈ।ਮੀਟਿੰਗ ਦੌਰਾਨ ਸਿੱਖਿਆ ਮੰਤਰੀ ਨੇ ਟਾਲ-ਮਟੋਲ ਦੀ ਨੀਤੀ ਪਹਿਲੀਆਂ ਹੋਈਆਂ ਮੀਟਿੰਗਾਂ ਦੀ ਤਰ੍ਹਾਂ ਹੀ ਕੰਪਿਊਟਰ ਅਧਿਆਪਕਾਂ ਪ੍ਰਤੀ ਦਿਖਾਈ ਗਈ, ਜਿਸ ਕਾਰਨ ਜਥੇਬੰਦੀ ਵੱਲੋਂ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਹੱਕ-ਸੱਚ ਦੀ ਆਵਾਜ਼ ਬੁਲੰਦ ਕਰਨ ਖਾਤਰ ਤੇ ਕੰਪਿਊਟਰ ਅਧਿਆਪਕਾਂ ਨਾਲ ਕੀਤੇ ਵਾਅਦਿਆਂ ਨੂੰ ਚੇਤੇ ਕਰਵਾਉਣ ਲਈ ਖਟਕੜ ਕਲਾਂ, ਨਵਾ ਸ਼ਹਿਰ ਵਿਖੇ ਰੋਸ ਰੈਲੀ ਕਰਨ ਦਾ ਫੈਸਲਾ ਲਿਆ ਗਿਆ।ਬੇਸ਼ੱਕ 15 ਸਤੰਬਰ 2022 ਤੇ ਬਾਅਦ ਵਿੱਚ ਅਨੇਕਾਂ ਵਾਰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅਖਬਾਰਾਂ, ਸੋਸ਼ਲ ਮੀਡੀਆ ਤੇ ਆਮ ਆਦਮੀ ਪਾਰਟੀ ਦੇ ਵੱਖ-ਵੱਖ ਮੰਚਾਂ 'ਤੇ ਕੰਪਿਊਟਰ ਅਧਿਆਪਕਾਂ ਨੂੰ ਦੀਵਾਲੀ ਦੇ ਮੌਕੇ 'ਤੇ ਬਣਦੇ ਲਾਭ ਦੇਣ ਦਾ ਐਲਾਨ ਕੀਤਾ ਸੀ, ਜੋ ਇੱਕ ਸਾਲ ਬੀਤ ਜਾਣ ਉਪਰੰਤ ਵੀ ਪੂਰਾ ਨਹੀਂ ਕੀਤਾ ਗਿਆ।ਜਥੇਬੰਦੀ ਦੇ ਆਗੂਆਂ ਨੇ ਕਿਹਾ ਕੰਪਿਊਟਰ ਅਧਿਆਪਕਾਂ ਦਾ 6ਵਾਂ ਤਨਖਾਹ ਕਮਿਸ਼ਨ, ਏਸੀਪੀ ਤੇ ਹੋਰ ਵਿੱਤੀ ਲਾਭ ਜਬਰੀ ਰੋਕੇ ਹਨ, ਜਿਨ੍ਹਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ, 90 ਦੇ ਕਰੀਬ ਮ੍ਰਿਤਕ ਕੰਪਿਊਟਰ ਅਧਿਆਪਕਾਂ ਦੇ ਪਰਿਵਾਰ, ਜੋ ਸੜਕਾਂ 'ਤੇ ਰੁਲ ਰਹੇ ਹਨ, ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਨਾ ਹੀ ਨੌਕਰੀ ਦਿੱਤੀ, ਨਾ ਹੀ ਇੱਕ ਧੇਲੇ ਦੀ ਸਹਾਇਤਾ ਕੀਤੀ, ਜਿਸ ਕਾਰਨ 13,14,15 ਅਕਤੂਬਰ ਨੂੰ ਸੰਗਰੂਰ ਵਿਖੇ ਚੇਤਾਵਨੀ ਤਹਿਤ ਤਿੰਨ ਦਿਨਾਂ ਦਾ ਸੰਕੇਤਕ ਧਰਨਾ ਲਗਾਇਆ ਜਾਵੇਗਾ ਤੇ ਸੰਗਰੂਰ ਦੇ ਬਾਜ਼ਾਰਾਂ ਵਿੱਚ ਪੈਂਫਲਿਟ ਰਾਹੀਂ ਆਮ ਜਨਤਾ ਨੂੰ ਕੰਪਿਊਟਰ ਅਧਿਆਪਕਾਂ ਨਾਲ ਕੀਤੇ ਵਾਅਦਿਆਂ ਨੂੰ ਉਜਾਗਰ ਕੀਤਾ ਜਾਵੇਗਾ। ਜੇਕਰ ਫਿਰ ਵੀ ਕੰਪਿਊਟਰ ਅਧਿਆਪਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਜਾਂਦਾ ਤਾਂ 22 ਅਕਤੂਬਰ ਨੂੰ ਜ਼ਿਲ੍ਹਾ ਪੱਧਰੀ ਦੁਸਹਿਰੇ ਦੇ ਨਜ਼ਦੀਕ ਪੰਜਾਬ ਸਰਕਾਰ ਦੀ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ।ਜੇਕਰ ਪੰਜਾਬ ਸਰਕਾਰ ਇਸ ਸਮੇਂ ਦੌਰਾਨ ਕੰਪਿਊਟਰ ਅਧਿਆਪਕਾਂ ਦੇ ਮਸਲਿਆਂ ਦਾ ਕੋਈ ਹੱਲ ਨਹੀਂ ਲੈ ਆਉਂਦੀ ਤਾਂ 29 ਅਕਤੂਬਰ ਨੂੰ ਸੰਗਰੂਰ ਵਿਖੇ ਹੱਲਾ-ਬੋਲ ਰੈਲੀ ਕੀਤੀ ਜਾਵੇਗੀ, ਜਿਸ ਦੀ ਸਮੁੱਚੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਮੀਟਿੰਗ ਦੌਰਾਨ ਰਵਿੰਦਰ ਸਿੰਘ, ਸਰਵਜੋਤ ਸਿੰਘ ਮੁੱਤੀ, ਸਰਬਜੀਤ ਸਿੰਘ ਸਿੰਘ ਕਲਸੀ, ਹਰਪਾਲ ਸਿੰਘ, ਸ਼ਮਸ਼ੇਰ ਸਿੰਘ, ਪ੍ਰਿਤਪਾਲ ਸਿੰਘ, ਹਰਪ੍ਰੀਤ ਸਿੰਘ, ਜਗਦੀਪ ਸਿੰਘ, ਜਤਿੰਦਰ ਕੁਮਾਰ, ਚੇਤਨ ਕੱਕੜ, ਅਮਿਤ ਬਰਿਆ, ਜਸਪ੍ਰੀਤ ਸੈਣੀ, ਹਰਬੰਸ, ਰੋਹਿਤ ਸ਼ਰਮਾ, ਸਤਨਾਮ ਸਿੰਘ, ਅਜੇ ਕੁਮਾਰ, ਸੰਜੀਵ ਮਮਚੰਦਾ, ਮਿਸਾਲ ਧਵਨ, ਗੌਰਵ, ਮੁਕੇਸ਼ ਚੌਹਾਨ, ਉਮਾ, ਨੈਨਸੀ, ਦੀਪਤੀ ਆਦਿ ਕੰਪਿਊਟਰ ਅਧਿਆਪਕ ਹਾਜ਼ਰ ਸਨ।

# ਬਾਬਾ ਸ੍ਰੀ ਚੰਦ ਦੇ ਜਨਮ ਦਿਹਾੜੇ ਮੌਕੇ ਧਾਰਮਕ ਸਮਾਗਮ



**ਤਪਾ ਮੰਡੀ (ਅਰੁਣ ਗੋਇਲ)**-ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ, ਉਦਾਸੀਨ ਪੰਥ ਦੇ ਬਾਨੀ ਬਾਬਾ ਸ੍ਰੀ ਚੰਦ ਜੀ ਦੇ 529ਵੇਂ ਜਨਮ ਦਿਹਾੜੇ ਮੌਕੇ ਡੇਰਾ ਬਾਬਾ ਇੰਦਰ ਦਾਸ ਤਪਾ ਵਿਖੇ ਸ੍ਰੀ ਚੰਦਰ ਸਿਧਾਂਤ ਸਾਗਰ ਜੀ ਦੇ ਭੋਗ ਪਾਏ ਗਏ। ਇਸ ਮੌਕੇ ਡੇਰਾ ਸੰਚਾਲਕ ਸੰਤ ਬਾਬਾ ਭਗਵਾਨ ਦਾਸ ਜੀ ਨੇ ਦੱਸਿਆ ਕਿ ਸ੍ਰੀ ਚੰਦ ਜੀ ਨੇ ਛੋਟੀ ਉਮਰ ਵਿੱਚ ਹੀ ਯੋਗ ਦੇ ਤਰੀਕੇ ਵਿੱਚ ਮੁਹਾਰਤ ਹਾਸਲ ਕਰ ਲਈ ਸੀ, ਉਹ ਅਪਣੇ ਪਿਤਾ ਗੁਰੂ ਨਾਨਕ ਦੇਵ ਜੀ ਦੇ ਪ੍ਰਤੀ ਹਮੇਸ਼ਾ ਸਮਰਪਤ ਰਹੇ ਅਤੇ ਉਨ੍ਹਾ ਉਦਾਸੀਨ ਸੰਪਰਦਾਇ ਦੀ ਨੀਂਹ ਰੱਖੀ। ਉਨ੍ਹਾ ਦੂਰ-ਦੂਰ ਤੱਕ ਯਾਤਰਾ ਕੀਤੀ ਤੇ ਗੁਰੂ ਨਾਨਕ ਜੀ ਬਾਰੇ ਜਾਗਰੂਕਤਾ ਫੈਲਾਈ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਲਵਾਈ ਤੇ ਲੰਗਰ ਵਰਤਾਇਆ ਗਿਆ। ਇਸ ਮੌਕੇ ਦੀਪਾ ਗਰਗ, ਸੰਜੀਵ ਕੁਮਾਰ ਟਾਂਡਾ, ਮਿਸਤਰੀ ਹਰਪਾਲ ਸਿੰਘ, ਮਹਿੰਦਰ ਸਿੰਘ ਨੂਰੀ, ਸੁਰੇਸ਼ ਕੁਮਾਰ ਪੱਖੋ, ਕਾਲਾ ਭੂਤ, ਅਸ਼ੋਕ ਕੁਮਾਰ ਭੂਤ, ਮੱਖਣ ਚੀਫ, ਸੁਭਾਸ਼ ਕੁਮਾਰ ਪਤਾਸਾ, ਪਵਨ ਕੁਮਾਰ ਬਤਾਰਾ, ਗੋਲਡੀ ਮਹਿਤਾ, ਕਮਲ ਵਿਰਕ ਆਦਿ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਲਵਾਈ।

# ਜੌੜਾਮਾਜਰਾ ਵੱਲੋਂ ਗਾਜੀਪੁਰ ਗਊਸ਼ਾਲਾ ਵਿਖੇ ਬਾਇਓ ਗੈਸ ਪਲਾਂਟ ਦਾ ਉਦਘਾਟਨ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸਮਾਣਾ ਦੀ ਗਾਜੀਪੁਰ ਗਊਸ਼ਾਲਾ ਵਿਖੇ ਸਵੱਛ ਭਾਰਤ ਮਿਸ਼ਨ-2 ਤਹਿਤ ਪੰਜਾਬ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਪੇਡਾ ਰਾਹੀਂ ਕਰੀਬ 48 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਗਏ ਬਾਇਓਗੈਸ ਪਲਾਂਟ ਦਾ ਉਦਘਾਟਨ ਕੀਤਾ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਜਨਤਾ ਮਾਡਲ ਬਾਇਓਗੈਸ ਪਲਾਂਟ ਵਿੱਚ 2.5 ਟਨ ਗੋਹੇ ਦੀ ਰੋਜ਼ਾਨਾ ਵਰਤੋਂ ਕੀਤੀ ਜਾਵੇਗੀ, ਜਿਸ ਤੋਂ ਬਾਇਓਗੈਸ ਪੈਦਾ ਹੋਵੇਗੀ।

ਇਸ ਮੌਕੇ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਰਾਜ ਅੰਦਰ ਸੜਕਾਂ 'ਤੇ ਫਿਰਦੇ ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾਵਾਂ ਵਿੱਚ ਲਿਜਾ ਕੇ ਜਿੱਥੇ ਲੋਕਾਂ ਨੂੰ ਅਵਾਰਾ ਪਸ਼ੂਆਂ ਕਾਰਨ ਪੈਦਾ ਹੁੰਦੀ ਪ੍ਰੇਸ਼ਾਨੀ ਤੋਂ ਰਾਹਤ ਦਿਵਾਉਣ ਲਈ ਵਚਨਬੱਧ ਹੈ, ਉਥੇ ਹੀ ਗਊਧਨ ਦੀ ਵੀ ਬਿਹਤਰ ਸਾਂਭ-ਸੰਭਾਲ ਕੀਤੀ ਜਾਵੇਗੀ। ਬਾਗਬਾਨੀ, ਸੁਤੰਤਰਤਾ ਸੰਗਰਾਮੀ ਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਇਸ ਨਾਲ ਬਾਇਓਗੈਸ ਪਲਾਂਟ ਨਾਲ ਸਾਫ਼ ਬਾਲਣ, ਸਿਹਤ ਤੇ ਖੁਸ਼ੀ ਪ੍ਰਾਪਤ ਹੁੰਦੀ ਹੈ। ਇਹ ਪੇਂਡੂ ਸਵੱਛਤਾ ਤੇ ਵਾਤਾਵਰਣ ਨੂੰ ਸੁਧਾਰਨ ਵਿੱਚ ਵੀ ਮਦਦ ਕਰਦਾ ਹੈ, ਜਦਕਿ ਗਊਸ਼ਾਲਾ ਵਿਖੇ ਪੈਦਾ ਹੁੰਦੇ ਗੋਹੇ ਨੂੰ ਇਸ ਪਲਾਂਟ ਵਿਖੇ ਵਰਤਿਆ ਜਾਵੇਗਾ ਤੇ ਇਸ ਨਾਲ ਵਾਤਾਵਰਣ ਸ਼ੁੱਧ ਹੋਵੇਗਾ ਅਤੇ ਇਸ ਗੋਹੇ ਦੀ ਵੀ ਸਦਵਰਤੋਂ ਵੀ ਕੀਤੀ ਜਾ ਸਕੇਗੀ। ਉਨ੍ਹਾਂ ਦੱਸਿਆ ਕਿ ਇਸ ਨਾਲ ਘੱਟੋ-ਘੱਟ 43500 ਰੁਪਏ ਮਹੀਨਾ ਦੀ ਵੱਖ-ਵੱਖ ਤਰੀਕਿਆਂ ਨਾਲ ਬਚਤ ਹੋ ਸਕੇਗੀ।

ਇਸ ਮੌਕੇ ਹਰਜਿੰਦਰ ਸਿੰਘ ਮਿੰਟੂ, ਗੁਰਦੇਵ ਸਿੰਘ ਟਿਵਾਣਾ, ਸੁਰਜੀਤ ਸਿੰਘ ਫ਼ੌਜੀ, ਅਮਰਦੀਪ ਸਿੰਘ ਸੋਨੂ ਥਿੰਦ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਐੱਸ.ਡੀ.ਓ. ਗੁਰਪ੍ਰੀਤ ਕੌਰ, ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ, ਲਖਵਿੰਦਰ ਸਿੰਘ ਜਵੰਦਾ ਦੇ ਈ ਗੁਰਮੀਤ ਸਿੰਘ ਤੇ ਹੋਰ ਅਧਿਕਾਰੀ ਮੌਜੂਦ ਸਨ।

# ਸ੍ਰੀ ਕ੍ਰਿਸ਼ਨਾ ਕਲੱਬ ਵੱਲੋਂ ਭੰਡਾਰਾ ਤੇ ਜਗਰਾਤਾ



**ਜਗਰਾਓਂ (ਅਮਿਤ ਖੰਨਾ)**-ਸ੍ਰੀ ਕ੍ਰਿਸ਼ਨਾ ਕਲੱਬ ਜਗਰਾਉਂ ਵੱਲੋਂ 19ਵਾਂ ਭਗਵਤੀ ਜਾਗਰਣ 'ਚ ਸਾਰੀ ਰਾਤ ਨਾਮੀ ਭਜਨ ਗਾਇਕਾਂ ਦੀਆਂ ਭੇਟਾਂ ਦੀ ਛਹਿਬਰ 'ਤੇ ਸ਼ਰਧਾਲੂ ਝੂੰਮਦੇ ਰਹੇ। ਇਸ ਭਗਵਤੀ ਜਾਗਰਣ ਵਿੱਚ ਚਿੰਤਪੂਰਨੀ ਮਾਂ ਤੋਂ ਆਈ ਪਵਿੱਤਰ ਜੋਤ ਦੇ ਦਰਸ਼ਨਾਂ ਲਈ ਸਾਰੀ ਰਾਤ ਸ਼ਰਧਾਲੂਆਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਰਹੀਆਂ, ਸਾਰੀ ਰਾਤ ਉੱਥੇ ਹੀ ਵਿਸ਼ਾਲ ਪੰਡਾਲ ਜਾਗਰਣ ਦੀ ਸ਼ੋਭਾ ਨੂੰ ਚਾਰ ਚੰਨ ਲਗਾ ਰਿਹਾ ਸੀ ਤੇ ਪੰਡਾਲ ਦੀ ਸਜਾਵਟ ਦੇਖਣ ਯੋਗ ਸੀ। ਇਸ ਮੌਕੇ ਮੁੱਖ ਮਹਿਮਾਨ ਸ੍ਰ. ਕਰਨਜੀਤ ਸੋਨੀ ਗਾਲਿਬ ਨੇ ਜਗਰਾਤੇ ਦਾ ਉਦਘਾਟਨ ਕੀਤਾ। ਇਸ ਮੌਕੇ ਭੰਡਾਰੇ ਦਾ ਉਦਘਾਟਨ ਡੀ.ਐੱਸ.ਪੀ. ਸਤਵਿੰਦਰ ਸਿੰਘ ਵਿਰਕ ਨੇ ਕੀਤਾ। ਇਸ ਉਪਰੰਤ ਸਤਨਾਮ ਚੰਚਲ ਐਂਡ ਪਾਰਟੀ ਵੱਲੋਂ ਗਣੇਸ਼ ਵੰਦਨਾ ਨਾਲ ਭਗਵਤੀ ਜਾਗਰਣ ਦਾ ਆਗਾਜ਼ ਹੋਇਆ। ਗਾਇਕ ਗੌਤਮ ਜਲੰਧਰੀ ਤੇ ਮਥੁਰਾ ਬ੍ਰਿੰਦਾਵਨ ਦੇ ਕਨ੍ਹੱਈਆ ਬ੍ਰਿਜਵਾਸੀ ਨੇ ਲਗਾਤਾਰ ਮਹਾਮਾਈ ਦਾ ਗੁਣਗਾਨ ਕਰਕੇ ਸ਼ਰਧਾਲੂਆਂ ਨੂੰ ਝੂਮਣ ਲਾ ਦਿੱਤਾ। ਮੰਚ ਸੰਚਾਲਨ ਦੀ ਭੂਮਿਕਾ ਕੈਪਟਨ ਨਰੇਸ਼ ਵਰਮਾ ਨੇ ਬਾਖੂਬੀ ਨਿਭਾਈ। ਇਸ ਮੌਕੇ ਪ੍ਰਧਾਨ ਰੋਹਿਤ ਗੋਇਲ ਦੀ ਅਗਵਾਈ ਵਿੱਚ ਅਹੁਦੇਦਾਰ ਤੇ ਮੈਂਬਰਾਂ ਵੱਲੋਂ ਆਏ ਮਹਿਮਾਨਾਂ, ਸ਼ਖਸੀਅਤਾਂ ਦੇ ਸਹਿਯੋਗੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਅਵਿਨਾਸ਼ ਮਿੱਤਲ, ਪ੍ਰਧਾਨ ਰੋਹਿਤ ਗੋਇਲ, ਡੀ ਐੱਸ ਪੀ ਸਤਵਿੰਦਰ ਸਿੰਘ ਵਿਰਕ, ਇੰਸਪੈਕਟਰ ਜਗਜੀਤ ਸਿੰਘ, ਹਲਕਾ ਜਗਰਾਓਂ ਦੇ ਇੰਚਾਰਜ ਜਗਤਾਰ ਸਿੰਘ ਜੱਗਾ ਹਿਸੋਵਾਲ, ਪ੍ਰਧਾਨ ਨਗਰ ਕੌਂਸਲ ਜਤਿੰਦਰ ਪਾਲ ਰਾਣਾ, ਕਾਂਗਰਸ ਦੇ ਬਲਾਕ ਪ੍ਰਧਾਨ ਨਵਦੀਪ ਸਿੰਘ, ਕੌਂਸਲਰ ਰਵਿੰਦਰਪਾਲ ਰਾਜੂ ਕਾਮਰੇਡ, ਰਮਨ ਬਜਾਜ, ਪੁਨੀਤ ਜੈਨ, ਕਮਲ ਗੁਪਤਾ, ਨੀਰਜ ਅਗਰਵਾਲ, ਸੁਨੀਲ ਸਿੰਗਲਾ, ਨਰੇਸ਼ ਗਰਗ, ਅਜੇ ਗੋਇਲ, ਗੋਪੀ ਸ਼ਰਮਾ, ਰਾਜ ਨਰੂਲਾ, ਮੋਹਿਤ ਜੈਨ ਹਾਜ਼ਰ ਸਨ।

# ਨਗਰ ਕੌਂਸਲ ਵੱਲੋਂ ਮੈਡੀਕਲ ਤੇ ਭਲਾਈ ਸਕੀਮਾਂ ਸੰਬੰਧੀ ਕੈਂਪ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਡਾ. ਰੀਟਾ ਬਾਲਾ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਦੇ ਸਹਿਯੋਗ ਨਾਲ ਕਾਰਜ ਸਾਧਕ ਅਫਸਰ ਸ੍ਰੀ ਰਜਨੀਸ਼ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੁਪਰਡੈਂਟ ਸ੍ਰੀ ਵੀਰਪਾਲ ਸਿੰਘ, ਐੱਸ ਆਈ ਪਰਮਜੀਤ ਸਿੰਘ ਦੀ ਅਗਵਾਈ ਪੰਜਾਬ ਸਰਕਾਰ ਦੇ ਥੀਮ ਸਵੱਛਤਾ ਹੀ ਸੇਵਾ ਦੇ ਅੰਤਰਗਤ ਨਗਰ ਕੌਂਸਲ ਸ੍ਰੀ ਮੁਕਤਸਰ ਸਾਹਿਬ 'ਚ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ, ਜਿਸ ਵਿੱਚ ਸਿਵਿਲ ਸਰਜਨ ਡਾਕਟਰ ਰੀਟਾ ਬਲਾ ਦੇ ਨਿਰਦੇਸ਼ਾਂ ਅਨੁਸਾਰ ਡਾਕਟਰ ਨੇਤਲੀ ਮੈਡੀਕਲ ਅਫਸਰ ਤੇ ਭਗਵਾਨ ਦਾਸ ਹੈਲਥ ਇੰਸਪੈਕਟਰ ਦੀ ਟੀਮ ਵੱਲੋਂ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ ਅਤੇ ਸਿਹਤ ਵਿਭਾਗ ਦੀਆਂ ਸਕੀਮਾਂ ਜ਼ਨਨੀ ਸੁਰੱਖਿਆ ਯੋਜਨਾ, ਬਾਲੜੀ ਸੁਰੱਖਿਆ ਯੋਜਨਾ ਆਯੂਸ਼ਮਾਨ ਭਵ ਯੋਜਨਾ, ਨਸ਼ਿਆਂ ਦੀ ਰੋਕਥਾਮ ਸੰਬੰਧੀ ਜਾਣਕਾਰੀ ਦਿੱਤੀ ਗਈ। ਸਵੱਛ ਟੀਮ ਦੁਆਰਾ ਹਾਜ਼ਰੀਨ ਨੂੰ ਗਿੱਲੇ ਤੇ ਸੁੱਕੇ ਕੂੜੇ ਦੇ ਸਹੀ ਨਿਪਟਾਰੇ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਘਰ ਤੋਂ ਇਕੱਠੇ ਕੀਤੇ ਜਾਂਦੇ ਗਿੱਲੇ ਕੂੜੇ ਤੋਂ ਨਗਰ ਕੌਂਸਲ ਵਿੱਚ ਜੈਵਿਕ ਖਾਦ ਬਣਾਈ ਤੇ ਵੰਡੀ ਜਾ ਰਹੀ ਹੈ। ਹੈਲਥ ਸਟਾਫ ਨੂੰ ਕੌਂਸਲ 'ਚ ਬਣਿਆ ਕੰਪੋਸਟ ਯੂਨਿਟ ਦਿਖਾਇਆ ਅਤੇ ਖਾਦ ਬਣਾਉਣ ਸਬੰਧੀ ਜਾਣਕਾਰੀ ਦਿੱਤੀ। ਨਰਿੰਦਰਜੀਤ ਸਿੰਘ ਖੁਰਾਕ ਸਪਲਾਈ ਵਿਭਾਗ ਦੀ ਟੀਮ ਵੱਲੋਂ ਪੀ. ਐੱਮ. ਉਜਾਲਾ ਯੋਜਨਾ ਬਾਰੇ, ਪ੍ਰਦੀਪ ਸਿੰਘ ਸੀ. ਐੱਮ. ਐੱਮ. ਤੇ ਰਾਜਦੀਪ ਕੌਰ ਸੀ ਓ ਨੇ ਨੈਸ਼ਨਲ ਲੇਵਲੀ ਹੁੱਡ ਮਿਸ਼ਨ ਬਾਰੇ ਅਤੇ ਇੰਸ. ਛਿੰਦਰਪਾਲ ਸਿੰਘ ਨੇ ਆਵਾਸ ਯੋਜਨਾ ਬਾਰੇ ਜਾਣਕਾਰੀ ਦਿੱਤੀ। ਅੰਤ ਵਿੱਚ ਸੁਪਰਡੈਂਟ ਵੀਰਪਾਲ ਸਿੰਘ ਨੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਜੀ ਆਇਆਂ ਆਖਿਆ ਤੇ ਉਨ੍ਹਾਂ ਨੂੰ ਨਗਰ ਕੌਂਸਲ ਵਿੱਚ ਤਿਆਰ ਕੀਤੀ ਗਈ ਜੈਵਿਕ ਖਾਦ ਦਿੱਤੀ ਗਈ। ਇਸ ਮੌਕੇ ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਰਾਜ ਕੁਮਾਰ, ਵਿਜੇ ਕੁਮਾਰ, ਸਤਪਾਲ ਸਿੰਘ, ਰਵਿੰਦਰ ਸਿੰਘ ਅਤੇ ਸਵੱਛ ਟੀਮ ਦੇ ਮੈਂਬਰ ਹਾਜ਼ਰ ਸਨ।

# ਰਾਧਾ ਅਸ਼ਟਮੀ ਧੂਮ-ਧਾਮ ਨਾਲ ਮਨਾਈ



**ਤਪਾ ਮੰਡੀ (ਅਰੁਣ ਗੋਇਲ)**-ਸਥਾਨਕ ਅੰਦਰਲੀ ਗਊਸ਼ਾਲਾ 'ਚ ਸਥਿਤ ਮੰਦਿਰ ਸ੍ਰੀ ਰਾਧਾ ਕ੍ਰਿਸ਼ਨ 'ਚ ਸ਼੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਮੰਡਲ ਤਪਾ ਵੱਲੋਂ ਮੰਡਲ ਦੇ ਪ੍ਰਧਾਨ ਮੁਨੀਸ਼ ਕੁਮਾਰ ਅਜੇ ਦੀ ਦੇਖ-ਰੇਖ ਹੇਠ ਰਾਧਾ ਅਸ਼ਟਮੀ ਦਾ ਤਿਉਹਾਰ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਧਾਰਮਿਕ ਸਮਾਗਮ 'ਚ ਵੱਡੀ ਗਿਣਤੀ ਸ਼ਹਿਰ ਨਿਵਾਸੀਆਂ ਨੇ ਪਹੁੰਚ ਕੇ ਸ਼੍ਰੀ ਰਾਧਾ ਕ੍ਰਿਸ਼ਨ ਦੇ ਭਜਨਾਂ ਨੂੰ ਸਰਵਣ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਰਾਧਾ ਰਾਣੀ ਦੀ ਪੂਜਾ ਬਿਨਾਂ ਕ੍ਰਿਸ਼ਨ ਦੀ ਪੂਜਾ ਅਧੂਰੀ ਮੰਨੀ ਜਾਂਦੀ ਹੈ, ਰਾਧੇ ਤੋਂ ਬਿਨਾਂ ਕ੍ਰਿਸ਼ਨ ਅਧੂਰੇ ਹੁੰਦੇ ਹਨ। ਇਸ ਮੌਕੇ ਨਰੇਸ਼ ਕੁਮਾਰ, ਜੀਤ ਰਾਈਆ, ਲਵਲੀ ਕੁਮਾਰ, ਅਜੇ ਕੁਮਾਰ ਬੌਬੀ, ਸੂਰਜ ਭਾਨ, ਪ੍ਰਵੀਨ ਸ਼ਾਂਤ, ਯੋਗੇਸ਼ ਕੁਮਾਰ, ਵਿਨੇ ਕੁਮਾਰ ਕਾਲਾ, ਲੱਕੀ ਭੈਣੀ, ਮਦਨ ਭੱਟਾ, ਸ਼ਨੀ ਬਾਂਸਲ, ਰਾਕੇਸ਼ ਕੁਮਾਰ, ਐਡਵੋਕੇਟ ਜਨਕ ਰਾਜ ਗਾਰਗੀ, ਮਦਨ ਲਾਲ ਗਰਗ, ਬਿੱਟੂ ਭੈਣੀ, ਜਗਦੀਸ਼ ਰਾਏ ਘੁੰਨਸ, ਦੀਪਕ ਬਾਂਸਲ, ਰਾਜੀਵ ਕੁਮਾਰ, ਰਾਜੂ ਮੌੜ, ਪੱਪੂ ਮੌੜ, ਰਵੀ ਮੌੜ, ਰਜਿੰਦਰ ਢਿੱਲਵਾਂ, ਮੰਗੂ ਮੌੜ, ਬਿੰਦਰ ਸੁਨਾਮੀਆਂ ਆਦਿ ਸਮੂਹ ਮੰਡੀ ਨਿਵਾਸੀ ਮੌਜੂਦ ਸਨ।

# ਸਵੱਛਤਾ ਅਭਿਆਨ ਤਹਿਤ ਜਾਗਰੂਕਤਾ ਕੈਂਪ ਲਗਾਇਆ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਮੰਡਲ ਫਾਜ਼ਿਲਕਾ ਦੇ ਕਾਰਜਕਾਰੀ ਇੰਜੀਨੀਅਰ ਧਰਮਿੰਦਰ ਸਿੰਘ ਦੇ ਆਦੇਸ਼ਾਂ ਅਨੁਸਾਰ ਉੱਪ ਮੰਡਲ ਇੰਜੀਨੀਅਰ ਅਰਵਿੰਦ ਬਲਾਣਾ ਦੀ ਰਹਿਨੁਮਈ ਹੇਠ ਸਵੱਛਤਾ ਹੀ ਸੇਵਾ ਪੰਦਰਵਾੜਾ ਮੁਹਿੰਮ 2023 ਦੀ ਚੱਲ ਰਹੀ ਲੜੀ ਅਧੀਨ ਪਿੰਡ ਜ਼ੱਲਾ ਲੱਖੇਕੇ ਹਿਠਾੜ (ਧੁਨਕੀਆ) ਵਿਖੇ ਪਿੰਡ ਵਾਸੀਆਂ ਨੂੰ ਆਪਣੇ ਘਰ ਤੇ ਆਪਣੇ ਆਲੇ ਦੁਆਲੇ ਦੇ ਚੌਗਿਰਦੇ ਨੂੰ ਸਾਫ ਰੱਖਣ ਸਬੰਧੀ ਜਾਗਰੂਕ ਕੈਂਪ ਲਗਾਇਆ ਗਿਆ। ਇਸ ਮੌਕੇ ਆਈ.ਈ.ਸੀ. ਮੈਡਮ ਸ਼੍ਰੀਮਤੀ ਪੂਨਮ ਖੁੰਗਰ, ਐੱਸਡੀਓ ਅਰਵਿੰਦ ਬਲਾਣਾ, ਬੀ.ਆਰ.ਸੀ. ਸ਼੍ਰੀਮਤੀ ਪਰਮਿੰਦਰ ਕੌਰ, ਅਮਨਦੀਪ ਕੰਬੋਜ ਮੌਜੂਦ ਸਨ।

ਉਪਰੋਕਤ ਪਿੰਡ 'ਚ ਇਕੱਠੇ ਹੋਏ ਲੋਕਾਂ ਨਾਲ ਗੱਲਬਾਤ ਕਰਦਿਆਂ ਐੱਸ.ਡੀ.ਓ. ਅਰਵਿੰਦ ਬਲਾਣਾ ਨੇ ਕਿਹਾ ਕਿ ਪਿੰਡਾਂ 'ਚ ਲੋਕਾਂ ਨੂੰ ਗਿੱਲੇ ਤੇ ਸੁੱਕੇ ਕੂੜੇ ਦੇ ਸਹੀ ਤੇ ਸੁਰੱਖਿਅਤ ਨਿਪਟਾਰੇ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਵਾਲੇ ਥੈਲੇ ਬੰਦ ਕਰਕੇ ਆਪਣੇ ਘਰ ਦੇ ਬਣੇ ਥੈਲੇ ਜਾਂ ਜੂਟ ਦੇ ਥੈਲਿਆਂ ਦਾ ਇਸਤੇਮਾਲ ਕਰਨ ਬਾਰੇ ਪਿੰਡ ਵਾਸੀਆਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਵੱਖ ਵੱਖ ਪਿੰਡਾਂ ਤੇ ਸਕੂਲਾਂ ਵਿੱਚ ਜਾ ਕੇ ਇਸ ਮੁਹਿੰਮ ਨਾਲ ਲੋਕਾਂ ਤੇ ਵਿਦਿਆਰਥੀਆਂ ਨੂੰ ਪਲਾਸਟਿਕ ਦੇ ਲਿਫਾਫਿਆਂ ਦੇ ਨੁਕਸਾਨਾਂ ਬਾਰੇ ਅਤੇ ਕੱਪੜੇ ਦੇ ਬਣੇ ਥੈਲਿਆਂ ਦੀ ਵਰਤੋਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਆਪਣੇ ਆਲੇ-ਦੁਆਲੇ ਸਾਫ-ਸਫਾਈ ਰੱਖਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਜੋ ਸਾਫ-ਸਫਾਈ ਹੋਣ ਨਾਲ ਗੰਦਗੀ ਮੁਕਤ ਵਾਤਾਵਰਣ ਦੀ ਸਿਰਜਣਾ ਕੀਤੀ ਜਾ ਸਕੇ।

# ਕੇਂਦਰ ਸਰਕਾਰ ਵਾਅਦੇ ਮੁਤਾਬਕ ਅਗਰੋਹਾ ਧਾਮ ਨੂੰ ਰੇਲਵੇ ਲਾਈਨ ਨਾਲ ਜੋੜੇ : ਬਜਰੰਗ ਗਰਗ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਅਗਰਵਾਲ ਸਮਾਜ ਦੇ ਨੁਮਾਇੰਦਿਆਂ ਦੀ ਅਹਿਮ ਮੀਟਿੰਗ ਅਗਰਸੈਨ ਸਮਾਜ ਦੇ ਕੌਮੀ ਪ੍ਰਧਾਨ ਬਜਰੰਗ ਗਰਗ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੌਰਾਨ ਮਦਨ ਲਾਲ ਗੋਇਲ ਨੂੰ ਅਗਰੋਹਾ ਧਾਮ ਅਗਰਸੈਨ ਸਮਾਜ ਦੀ ਪਾਤੜਾਂ ਇਕਾਈ ਦਾ ਪ੍ਰਧਾਨ ਤੇ ਸੋਨੂੰ ਮਿੱਤਲ ਨੂੰ ਯੁਵਾ ਇਕਾਈ ਪਾਤੜਾਂ ਦਾ ਪ੍ਰਧਾਨ ਬਣਾਇਆ ਗਿਆ। ਇਸ ਦੌਰਾਨ ਅਗਰੋਹਾ ਧਾਮ ਵਿਖੇ 29 ਅਕਤੂਬਰ ਨੂੰ ਹੋਣ ਵਾਲੀ ਕੌਮੀ ਕਾਨਫਰੰਸ ਸਬੰਧੀ ਪੰਜਾਬ ਰਾਜ ਵਿੱਚ ਪ੍ਰਚਾਰ ਕਰਨ ਦੀ ਡਿਊਟੀ ਪਾਤੜਾਂ ਟੀਮ ਦੀ ਲਗਾਈ ਗਈ। ਮੀਟਿੰਗ ਦੌਰਾਨ ਅਗਰਸੈਨ ਸਮਾਜ ਦੇ ਕੌਮੀ ਪ੍ਰਧਾਨ ਬਜਰੰਗ ਗਰਗ ਨੇ ਕਿਹਾ ਕਿ ਅਗਰੋਹਾ ਵਿੱਚ ਮਹਾਰਾਜਾ ਅਗਰਸੈਨ ਜੀ ਦੇ ਨਾਮ 'ਤੇ 267 ਏਕੜ ਵਿੱਚ ਮੈਡੀਕਲ ਕਾਲਜ ਬਣਾਇਆ ਗਿਆ ਹੈ। ਸੁਸਾਇਟੀ ਨੇ ਮੈਡੀਕਲ ਕਾਲਜ ਬਣਾਉਣ ਲਈ ਦਿਨ-ਰਾਤ ਮਿਹਨਤ ਕੀਤੀ, ਜਿਸ ਦਾ ਨਤੀਜਾ ਹੈ ਕਿ ਅੱਜ ਮੈਡੀਕਲ ਕਾਲਜ 'ਚ ਰੋਜ਼ਾਨਾ 3000 ਦੇ ਕਰੀਬ ਓ ਪੀ ਡੀਜ਼ ਕਰਵਾਈਆਂ ਜਾਂਦੀਆਂ ਹਨ, ਪਰ ਸੁਸਾਇਟੀ ਦੀ ਪ੍ਰਬੰਧਕੀ ਕਮੇਟੀ ਕੋਲ ਐੱਮ ਬੀ ਬੀ ਐੱਸ ਦੇ ਵਿਦਿਆਰਥੀਆਂ ਦੇ ਦਾਖਲੇ ਵਿੱਚ ਕੋਈ ਕੋਟਾ ਨਹੀਂ ਹੈ, ਜਦੋਂਕਿ ਸਰਕਾਰ ਐੱਮ ਬੀ ਬੀ ਐੱਸ ਦੇ ਵਿਦਿਆਰਥੀਆਂ ਦੇ ਦਾਖਲੇ ਲਈ ਕੋਈ ਕੋਟਾ ਨਹੀਂ ਦਿੰਦੀ। ਪ੍ਰਬੰਧਕ ਕਮੇਟੀ ਨੂੰ ਘੱਟੋ-ਘੱਟ 20 ਫੀਸਦੀ ਕੋਟਾ ਦਿੱਤਾ ਜਾਵੇ। ਸ੍ਰੀ ਗਰਗ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਆਪਣੇ ਐਲਾਨ ਅਨੁਸਾਰ ਅਗਰੋਹਾ ਨੂੰ ਰੇਲਵੇ ਲਾਈਨ ਨਾਲ ਜੋੜਨਾ ਚਾਹੀਦਾ ਹੈ, ਜਦਕਿ ਪਿਛਲੇ ਬਜਟ 'ਚ ਸਰਕਾਰ ਨੇ 93 ਕਿਲੋਮੀਟਰ ਲੰਬੀ ਹਿਸਾਰ-ਅਗਰੋਹਾ-ਸਿਰਸਾ ਰੇਲਵੇ ਲਾਈਨ ਨੂੰ ਮਨਜ਼ੂਰੀ ਦਿੱਤੀ ਹੈ। ਬਜਰੰਗ ਗਰਗ ਨੇ ਕਿਹਾ ਕਿ ਮਹਾਰਾਜਾ ਅਗਰਸੈਨ ਜੀ ਦਾ ਮਹਿਲ, ਜੋ ਕਿ 125 ਏਕੜ ਰਕਬੇ ਵਿੱਚ ਬਣਿਆ ਸੀ, ਹੁਣ ਟਿੱਲਿਆਂ ਵਿੱਚ ਤਬਦੀਲ ਹੋ ਚੁੱਕਾ ਹੈ। ਸਰਕਾਰ ਆਪਣੇ ਵਾਅਦੇ ਅਨੁਸਾਰ ਇਸ ਦੀ ਖੁਦਾਈ ਦਾ ਕੰਮ ਤੁਰੰਤ ਸ਼ੁਰੂ ਕਰੇ। ਬਜਰੰਗ ਗਰਗ ਨੇ ਕਿਹਾ ਕਿ ਅਗਰੋਹਾ ਮਹਾਰਾਜਾ ਅਗਰਸੈਨ ਜੀ ਦੀ ਧਾਰਮਿਕ ਨਗਰੀ ਹੈ। ਕੇਂਦਰ ਸਰਕਾਰ ਨੂੰ ਅਗਰੋਹਾ ਨੂੰ ਸੈਰ ਸਪਾਟਾ ਸਥਾਨ ਬਣਾਉਣਾ ਚਾਹੀਦਾ ਹੈ। ਅਗਰੋਹਾ ਧਾਮ 30 ਏਕੜ ਵਿੱਚ ਬਣਿਆ ਹੈ। ਹਰ ਰੋਜ਼ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਹਜ਼ਾਰਾਂ ਸ਼ਰਧਾਲੂ ਅਗਰੋਹਾ ਧਾਮ ਦੇ ਦਰਸ਼ਨਾਂ ਲਈ ਆਉਂਦੇ ਹਨ, ਜਿਸ ਵਿੱਚ ਠਹਿਰਨ ਲਈ 280 ਕਮਰੇ ਤੇ 12 ਹਾਲ ਬਣਾਏ ਗਏ ਹਨ। ਅਗਰੋਹਾ ਧਾਮ ਦੇਸ਼ ਦਾ ਪੰਜਵਾਂ ਧਾਮ ਹੈ, ਜਿਸ ਨਾਲ ਦੇਸ਼ ਦੇ ਨਾਗਰਿਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਅਗਰੋਹਾ ਦੇ ਵਿਕਾਸ ਵੱਲ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਤੇ ਅਗਰੋਹਾ ਦੇ ਵਿਕਾਸ ਲਈ ਸਰਕਾਰ ਨੂੰ ਵੀ ਵਿਸ਼ੇਸ਼ ਪੈਕੇਜ ਦੇਣਾ ਚਾਹੀਦਾ ਹੈ ਤਾਂ ਜੋ ਅਗਰੋਹਾ ਧਰਮਨਗਰੀ ਨੂੰ ਸੁੰਦਰ ਢੰਗ ਨਾਲ ਬਣਾਇਆ ਜਾ ਸਕੇ। ਇਸ ਮੌਕੇ ਕੀਤੀ ਗਈ ਚੋਣ ਵਿੱਚ ਸੀਨੀਅਰ ਮੀਤ ਪ੍ਰਧਾਨ ਆਸ਼ੂ ਪਟਵਾਰੀ, ਚੇਅਰਮੈਨ ਵਰੁਣ ਕਾਂਸਲ, ਮੀਤ ਪ੍ਰਧਾਨ ਜਤਿੰਦਰ ਕਾਂਸਲ, ਸੈਕਟਰੀ ਸੁਸ਼ੀਲ ਕੁਮਾਰ ਤੋਂ ਇਲਾਵਾ ਅਸ਼ੋਕ ਕੁਮਾਰ, ਸੰਦੀਪ ਸਿੰਗਲਾ, ਸੁਨੀਲ ਬੌਬੀ, ਟੀਨੂੰ ਗਰਗ, ਵਿੱਕੀ ਬਾਂਸਲ, ਅਮਿਤ ਗੋਇਲ, ਕਰਨਵੀਰ ਗੋਇਲ ਤੇ ਦੀਪਕ ਜਿੰਦਲ ਆਦਿ ਹਾਜ਼ਰ ਸਨ।

**ਮਦਨ ਲਾਲ ਗੋਇਲ ਪਾਤੜਾਂ ਇਕਾਈ ਤੇ ਸੋਨੂੰ ਮਿੱਤਲ ਯੁਵਾ ਇਕਾਈ ਦੇ ਪ੍ਰਧਾਨ ਬਣੇ**



# ਗੁਰਮੀਤ ਕੜਿਆਲਵੀ ਦਾ ਕਹਾਣੀ ਸੰਗ੍ਰਹਿ 'ਮੋਰ ਪੈਲ ਕਿਉਂ ਨਹੀਂ ਪਾਉਂਦੇ' ਰਿਲੀਜ਼



'ਮੋਰ ਪੈਲ ਕਿਉਂ ਨਹੀਂ ਪਾਉਂਦੇ' ਰਿਲੀਜ਼ ਕਰਦੇ ਹੋਏ ਜ਼ਿਲ੍ਹਾ ਭਾਸ਼ਾ ਅਫਸਰ ਫਰੀਦਕੋਟ ਮਨਜੀਤ ਪੁਰੀ ਤੇ ਹੋਰ।

**ਮੋਗਾ (ਅਮਰਜੀਤ ਬੱਬਰੀ)**-ਮਹਿੰਦਰ ਸਾਥੀ ਯਾਦਗਾਰੀ ਮੰਚ ਦੇ ਪ੍ਰਧਾਨ ਤੇ ਪ੍ਰਸਿੱਧ ਸਾਹਿਤਕਾਰ ਗੁਰਮੀਤ ਕੜਿਆਲਵੀ ਦਾ ਪੰਜਵਾਂ ਕਹਾਣੀ ਸੰਗ੍ਰਹਿ 'ਮੋਰ ਪੈਲ ਕਿਉਂ ਨਹੀਂ ਪਾਉਂਦੇ' ਲੋਕ ਅਰਪਣ ਕੀਤਾ ਗਿਆ। ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਪੁਸਤਕ ਦੇ ਪ੍ਰਕਾਸ਼ਕ ਸੁਮਿਤ ਗੁਲਾਟੀ (ਚੇਤਨਾ ਪ੍ਰਕਾਸ਼ਨ ਲੁਧਿਆਣਾ) ਨੇ ਦੱਸਿਆ ਕਿ ਪੁਸਤਕ ਵਿੱਚ ਕੁੱਲ 12 ਕਹਾਣੀਆਂ ਦਰਜ ਹਨ, ਜੋ ਮਨੁੱਖ ਅੰਦਰਲੀਆਂ ਮਾਨਸਿਕ ਗੰਢਾਂ, ਸਮਾਜ ਵਿੱਚ ਪਾਈਆਂ ਜਾਂਦੀਆਂ ਵਿਸੰਗਤੀਆਂ ਬਾਰੇ ਹਨ। ਗੁਲਾਟੀ ਨੇ ਦੱਸਿਆ ਕਿ ਗੁਰਮੀਤ ਦੀਆਂ ਪਹਿਲੀਆਂ ਪੁਸਤਕਾਂ ਪਾਠਕਾਂ ਦੀ ਭਰਵੀਂ ਪਸੰਦ ਬਣੀਆਂ ਹਨ।

ਪੀਪਲਜ਼ ਫੋਰਮ ਬਰਗਾੜੀ ਦੇ ਪ੍ਰਕਾਸ਼ਕ ਖੁਸ਼ਵੰਤ ਬਰਗਾੜੀ ਨੇ ਗੁਰਮੀਤ ਨੂੰ ਹਾਸ਼ੀਆਗ੍ਰਸਤ ਲੋਕਾਂ ਦਾ ਕਹਾਣੀਕਾਰ ਕਿਹਾ। ਬਰਗਾੜੀ ਨੇ ਦੱਸਿਆ ਕਿ ਗੁਰਮੀਤ ਨਿਰਾਸ਼ਾ ਭਰੀਆਂ ਸਥਿਤੀਆਂ ਵਿੱਚ ਵੀ ਆਸ਼ਾ ਦੀ ਕਿਰਨ ਵੇਖਦਾ ਹੈ। ਉਸ ਦੀਆਂ ਕਹਾਣੀਆਂ ਪਾਠਕ ਨੂੰ ਨਿਰਾਸ਼ ਨਹੀਂ ਕਰਦੀਆਂ, ਬਲਕਿ ਹਲੂਣਾ ਦਿੰਦੀਆਂ ਹਨ। ਜ਼ਿਲ੍ਹਾ ਭਾਸ਼ਾ ਅਫਸਰ ਫਰੀਦਕੋਟ ਤੇ ਉੱਘੇ ਸ਼ਾਇਰ ਮਨਜੀਤ ਪੁਰੀ ਨੇ ਗੁਰਮੀਤ ਕੜਿਆਲਵੀ ਨੂੰ ਨਵੀਂ ਪੁਸਤਕ ਦੀ ਮੁਬਾਰਕਬਾਦ ਦਿੰਦਿਆਂ ਉਸ ਨੂੰ ਸਮਾਜਿਕ ਚੇਤਨਾ ਵਾਲਾ ਸਾਹਿਤਕਾਰ ਆਖਿਆ, ਜਿਸ ਦੀਆਂ ਰਚਨਾਵਾਂ ਸਮਾਜ ਦੀਆਂ ਗਲਤ ਕਦਰਾਂ ਕੀਮਤਾਂ ਉੱਪਰ ਸਵਾਲ ਖੜੇ ਕਰਦੀਆਂ ਹਨ। ਸ੍ਰੀ ਰਾਜੇਸ਼ ਕੁਮਾਰ ਪ੍ਰਿੰਸੀਪਲ ਬਰਜਿੰਦਰਾ ਕਾਲਜ ਨੇ ਗੁਰਮੀਤ ਅੰਦਰਲੇ ਸੰਵੇਦਨਸ਼ੀਲ ਮਨੁੱਖ ਦੀ ਗੱਲ ਕੀਤੀ, ਜੋ ਸਮਾਜ ਨੂੰ ਬਿਹਤਰੀਨ ਬਣਾਉਣ ਦਾ ਇੱਛੁਕ ਹੈ। ਖੋਜ ਅਫਸਰ ਕੰਵਰਜੀਤ ਸਿੰਘ ਸਿੱਧੂ ਨੇ ਗੁਰਮੀਤ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਹ ਹੁਣ ਤੱਕ ਪੰਜ ਕਹਾਣੀ ਸੰਗ੍ਰਹਿ, ਇਕ ਨਾਵਲ, ਤਿੰਨ ਵਾਰਤਕ ਪੁਸਤਕਾਂ, ਅੱਠ ਬਾਲ ਸਾਹਿਤ ਦੀਆਂ ਪੁਸਤਕਾਂ, ਇੱਕ ਕਾਵਿ-ਪੁਸਤਕ ਤੇ ਨਾਟਕ ਲਿਖ ਚੁੱਕਾ ਹੈ। ਇਹ ਸਾਰੀਆਂ ਪੁਸਤਕਾਂ ਨੂੰ ਪਾਠਕਾਂ ਦੀ ਭਰਪੂਰ ਪ੍ਰਵਾਨਗੀ ਪ੍ਰਾਪਤ ਹੋਈ ਹੈ।

ਪ੍ਰੋ. ਪੂਜਾ ਭੱਲਾ, ਪ੍ਰੋ. ਰਾਜੇਸ਼ ਮੋਹਨ, ਪ੍ਰਸਿੱਧ ਸ਼ਾਇਰ ਧਾਮੀ ਗਿੱਲ, ਗੁਰਪ੍ਰੀਤ ਧਰਮਕੋਟ, ਅਮਨਦੀਪ ਕੌਰ ਖੀਵਾ, ਲਵਪ੍ਰੀਤ ਫੇਰੋਕੇ, ਅਮਨਦੀਪ ਸਿੰਘ ਬਾਬਾ ਚੇਅਰਮੈਨ, ਕਮਲਜੀਤ ਸਿੰਘ ਐੱਮ ਸੀ, ਸਿਮਰਜੀਤ ਕੌਰ ਸਿੰਮੀ, ਤੌਫੀਕ ਗਿੱਲ ਵੀ ਇਸ ਮੌਕੇ ਹਾਜ਼ਰ ਸਨ। ਪੰਜਾਬੀ ਭਵਨ ਕੈਨੇਡਾ ਦੇ ਸੁੱਖੀ ਬਾਠ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

# 'ਕਾਰਪੋਰੇਟ ਭਜਾਓ, ਮੋਦੀ ਹਰਾਓ' ਬੈਨਰ ਹੇਠ ਆਰ ਐੱਮ ਪੀ ਆਈ ਦੀ ਰਾਜਨੀਤਕ ਕਾਨਫਰੰਸ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਅੰਮ੍ਰਿਤਸਰ ਵਿਰਸਾ ਵਿਹਾਰ ਵਿਖੇ ਆਰਐੱਮਪੀਆਈ ਵਲੋਂ ਕਾਰਪੋਰੇਟ ਭਜਾਓ, ਮੋਦੀ ਹਰਾਓ ਅਤੇ ਲੋਕ ਪੱਖੀ ਰਾਜਸੀ ਬਦਲ ਉਸਾਰਨ ਦੇ ਬੈਨਰ ਹੇਠ ਰਾਜਨੀਤਕ ਕਾਨਫਰੰਸ ਸਾਥੀ ਰਤਨ ਸਿੰਘ, ਰੰਧਾਵਾ, ਸਾਥੀ ਕਿਰਪਾਲ ਸਿੰਘ, ਮੁਖਤਾਰ ਸਿੰਘ ਮੁਹਾਵਾ, ਪਲਵਿੰਦਰ ਸਿੰਘ ਮੱਟੂ, ਬੀਬੀ ਸਵਿੰਦਰ ਕੌਰ, ਮਨਦੀਪ ਸਿੰਘ ਬੱਬਲੂ ਅਤੇ ਗੁਰਪ੍ਰੀਤ ਸਿੰਘ ਸੋਨੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸ਼ਹਿਰ ਵਿੱਚੋਂ ਵੱਡੀ ਗਿਣਤੀ ਵਿੱਚ ਮਜ਼ਦੂਰਾਂ, ਨੌਜਵਾਨਾਂ ਤੇ ਹੋਰ ਸਾਥੀਆਂ ਨੇ ਭਾਗ ਲਿਆ। ਰੈਲੀ ਨੂੰ ਸੰਬੋਧਨ ਕਰਦਿਆਂ ਆਰਐੱਮਪੀ ਆਈ ਦੇ ਸੂਬਾਈ ਪ੍ਰਧਾਨ ਸਾਥੀ ਰਤਨ ਸਿੰਘ ਰੰਧਾਵਾ ਨੇ ਮੋਦੀ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਫਾਸ਼ੀਵਾਦੀ ਏਜੰਡੇ ਤਹਿਤ ਘੱਟ ਗਿਣਤੀਆਂ ਤੇ ਕੀਤੇ ਜਾ ਰਹੇ ਜਬਰ ਅਤੇ ਹਿੰਦੂ ਰਾਸ਼ਟਰ ਬਣਾਉਣ ਦੇ ਨਾਂ ਤੇ ਮਿਹਨਤਕਸ਼ ਲੋਕਾਂ ਵਲੋਂ ਆਪਣੇ ਹੱਕਾਂ ਲਈ ਲੜੇ ਜਾ ਰਹੇ ਘੋਲਾਂ ਨੂੰ ਕਮਜ਼ੋਰ ਕਰਨ ਤੇ ਸੁਚੇਤ ਕਰਦਿਆਂ ਕਿਹਾ ਕਿ ਅੱਜ ਇਸਦਾ ਵਿਰੋਧ ਕਰਨਾ ਅਤੇ ਲੋਕਾਂ ਦੀ ਏਕਤਾ ਕਾਇਮ ਰੱਖਣਾ ਸਮੇਂ ਦੀ ਮੁੱਖ ਲੋੜ ਹੈ। ਸਾਥੀ ਮੁਖਤਾਰ ਸਿੰਘ ਮੁਹਾਵਾ ਨੇ ਬੋਲਦਿਆਂ ਕਿਹਾ ਕਿ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਅਤੇ ਫਾਸ਼ੀਵਾਦੀ ਨੀਤੀਆਂ ਨੂੰ ਭਾਂਜ ਦੇਣ ਲਈ ਅਤੇ ਲੋਕ ਪੱਖੀ ਬਦਲ ਉਸਾਰਨ ਲਈ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਅਤੇ ਮੁਲਾਜ਼ਮਾਂ ਨੂੰ ਇਕੱਠੇ ਹੋ ਕੇ ਆਪਣੇ ਆਪਣੇ ਅਦਾਰਿਆਂ ਵਿੱਚ ਅਤੇ ਸਾਂਝੇ ਸੰਘਰਸ਼ ਉਸਾਰਨ ਦੀ ਵੱਡੀ ਲੋੜ ਹੈ।

ਸਾਥੀ ਜਗਤਾਰ ਸਿੰਘ ਕਰਮਪੁਰਾ ਨੇ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਤੇ ਬੋਲਦਿਆਂ ਦੱਸਿਆ ਕਿ ਮੋਦੀ ਸਰਕਾਰ ਜਨਤਕ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਵੇਚ ਕੇ ਪੂੰਜੀਪਤੀਆਂ ਨੂੰ ਮਜ਼ਬੂਤ ਕਰ ਰਹੀ ਹੈ ਜਦੋਂਕਿ ਸਨਅਤੀ ਮਜ਼ਦੂਰਾਂ ਦੇ ਕੰਮ ਦੇ ਘੰਟੇ ਵਧਾ ਕੇ ਮਜ਼ਦੂਰਾਂ ਦੀ ਲੁੱਟ ਕੀਤੀ ਜਾ ਰਹੀ ਹੈ। ਬੁਲਾਰਿਆਂ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੇ ਦੋਸ਼ ਲਾਇਆ ਕਿ ਉਹ ਵੀ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਹੀ ਲਾਗੂ ਕਰ ਰਹੀ ਹੈ ਅਤੇ ਨਿੱਜੀਕਰਨ ਨੂੰ ਬੜਾਵਾ ਦੇ ਰਹੀ ਹੈ ਜਿਸ ਦੇ ਖਿਲਾਫ ਪੰਜਾਬ ਦੀਆਂ ਸਮੁੱਚੀਆਂ ਜਥੇਬੰਦੀਆਂ ਤੇ ਲੁਟ ਹੋ ਰਹੇ ਮਿਹਨਤੀ ਲੋਕਾਂ ਨੂੰ ਸਾਂਝੇ ਤੌਰ ਤੇ ਲੜਨ ਦੀ ਲੋੜ ਹੈ। ਪਾਰਟੀ ਆਗੂਆਂ ਵੱਲੋਂ ਆਰਐੱਮਪੀਆਈ ਵਲੋਂ ਕਾਰਪੋਰੇਟ ਪੱਖੀ ਅਤੇ ਲੋਕ ਵਿਰੋਧੀ ਸਰਕਾਰ ਦੇ ਖਿਲਾਫ ਕੀਤੀਆਂ ਜਾ ਰਹੀਆਂ ਕਾਨਫਰੰਸਾਂ ਵਿੱਚ ਲੋਕਾਂ ਵਲੋਂ ਮਿਲ ਰਹੇ ਹੁੰਗਾਰੇ ਤੋਂ ਪ੍ਰਸੰਨਤਾ ਜ਼ਾਹਿਰ ਕਰਦਿਆਂ ਇਸ ਲਾਮਬੰਦੀ ਨੂੰ ਹੋਰ ਤਿੱਖਾ ਕਰਨ ਦਾ ਪ੍ਰਣ ਲਿਆ। ਅੱਜ ਦੀ ਇਸ ਰੈਲੀ ਨੂੰ ਕਾਮਯਾਬ ਕਰਨ ਲਈ ਪਾਰਟੀ ਆਗੂਆਂ ਸਾਥੀ ਗੁਰਮਤਿ ਸਿੰਘ ਮਾਨ, ਵਿਜੇ ਕੁਮਾਰ, ਡਾਕਟਰ ਰਾਮ ਸਰਨ, ਅਮੋਲਕ ਸਿੰਘ, ਰਕੇਸ਼ ਯੂਪੀ, ਸਾਥੀ ਗੌਤਮ, ਕਿਸ਼ੋਰ ਸਿੰਘ, ਸੁਰਿੰਦਰ ਸਿੰਘ ਛਿੰਦਾ, ਧਰਮ ਸਿੰਘ ਪੱਟੀ ਆਦਿ ਆਗੂਆਂ ਨੇ ਭਰਪੂਰ ਯੋਗਦਾਨ ਪਾਉਂਦਿਆਂ ਆਪਣੇ ਵਿਚਾਰ ਰੱਖੇ। ਅਖੀਰ ਵਿੱਚ ਸਾਥੀ ਕਿਰਪਾਲ ਸਿੰਘ ਗਿੱਲ ਨੇ ਆਏ ਸਾਥੀਆਂ ਦਾ ਧੰਨਵਾਦ ਕਰਦਿਆਂ 3 ਤਰੀਕ ਦੀ ਮਜ਼ਦੂਰਾਂ ਵੱਲੋਂ ਕੀਤੀ ਜਾ ਰਹੀ ਹੜਤਾਲ ਨੂੰ ਕਾਮਯਾਬ ਕਰਨ ਦਾ ਭਰੋਸਾ ਦਿੱਤਾ।

# ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ 2 ਨੌਜਵਾਨ ਗੰਭੀਰ ਜ਼ਖਮੀ



**ਗੁਰਦਾਸਪੁਰ (ਜਨਕ ਮਹਾਜਨ)**-ਪਠਾਨਕੋਟ-ਅੰਮ੍ਰਿਤਸਰ ਨੈਸ਼ਨਲ ਹਾਈਵੇਅ 'ਤੇ ਸਥਿਤ ਪਿੰਡ ਸੋਹਲ ਨੇੜੇ ਕਾਰ ਅਤੇ ਮੋਟਰਸਾਈਕਲ ਵਿਚਕਾਰ ਹੋਈ ਜ਼ਬਰਦਸਤ ਟੱਕਰ 'ਚ ਮੋਟਰਸਾਈਕਲ ਸਵਾਰ ਦੋ ਨੌਜਵਾਨ ਗੰਭੀਰ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਐਂਬੂਲੈਂਸ ਦੀ ਮਦਦ ਨਾਲ ਇਲਾਜ ਲਈ ਗੁਰਦਾਸਪੁਰ ਦੇ ਸਿਵਲ ਹਸਪਤਾਲ ਭੇਜ ਦਿੱਤਾ ਗਿਆ। ਇਸ ਟੱਕਰ ਕਾਰਨ ਕਾਰ ਡਿਵਾਈਡਰ ਨਾਲ ਟਕਰਾ ਕੇ ਪਲਟ ਗਈ ਅਤੇ ਕਾਰ 'ਚ ਸਵਾਰ ਪਤੀ-ਪਤਨੀ ਨੂੰ ਵੀ ਸੱਟਾਂ ਲੱਗੀਆਂ, ਜਦਕਿ ਮੌਕੇ 'ਤੇ ਪਹੁੰਚੇ ਪੁਲਸ ਮੁਲਾਜ਼ਮਾਂ ਨੇ ਦੋਵੇਂ ਵਾਹਨਾਂ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਦਿੰਦੇ ਹੋਏ ਕਾਰ ਚਾਲਕ ਨੌਜਵਾਨ ਤਰੁਣ ਸ਼ਰਮਾ ਨੇ ਦੱਸਿਆ ਕਿ ਮੈਂ ਅੰਮ੍ਰਿਤਸਰ ਦਾ ਰਹਿਣ ਵਾਲਾ ਹਾਂ। ਪਤਨੀ ਨਾਲ ਡਲਹੌਜ਼ੀ ਤੋਂ ਵਾਪਿਸ ਅੰਮ੍ਰਿਤਸਰ ਆ ਰਿਹਾ ਸੀ। ਪਿੰਡ ਸੋਹਲ ਨੇੜੇ ਇਹ ਹਾਦਸਾ ਵਾਪਰ ਗਿਆ। ਜ਼ਖਮੀ ਨੌਜਵਾਨਾਂ ਦੀ ਪਹਿਚਾਣ ਰਾਣਾ ਪੁੱਤਰ ਹਰਜੀਤ ਅਤੇ ਸ਼ੀਲਾ ਪੁੱਤਰ ਕਾਲਾ ਵਾਸੀ ਪਿੰਡ ਸੋਹਲ ਵਜੋਂ ਹੋਈ ਹੈ। ਇਸ ਤੋਂ ਬਾਅਦ ਉਥੇ ਖੜ੍ਹੇ ਰਾਹਗੀਰਾਂ ਵਲੋਂ ਤੁਰੰਤ ਐਂਬੂਲੈਂਸ ਬੁਲਾਈ ਗਈ, ਜਿਸ ਦੀ ਮਦਦ ਨਾਲ ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਗੁਰਦਾਸਪੁਰ ਭੇਜਿਆ ਗਿਆ ਹੈ। ਮੌਕੇ 'ਤੇ ਪਹੁੰਚੇ ਪੁਲਸ ਮੁਲਾਜ਼ਮਾਂ ਨੇ ਦੋਵਾਂ ਵਾਹਨਾਂ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਈਟੀਓ ਨੇ ਮੀਂਹ ਤੋਂ ਪ੍ਰਭਾਵਿਤ ਪੀੜ੍ਹਤਾਂ ਨੂੰ ਮੁਆਵਜ਼ਾ ਰਾਸ਼ੀ ਦੇ ਚੈੱਕ ਵੰਡੇ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਮਾਰਕੀਟ ਕਮੇਟੀ ਜੰਡਿਆਲਾ ਗੁਰੂ ਵਿਖੇ ਜੰਡਿਆਲਾ ਗੁਰੂ ਹਲਕੇ ਦੇ ਵੱਖ-ਵੱਖ ਖੇਤਰਾਂ ਵਿੱਚ ਮੀਂਹ ਨਾਲ ਮਕਾਨਾਂ ਦੀਆਂ ਛੱਤਾਂ ਡਿੱਗਣ ਕਾਰਨ ਹੋਏ ਨੁਕਸਾਨ ਦੇ ਪੰਜ ਪਰਿਵਾਰਾਂ ਨੂੰ 6 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ। ਸ: ਈਟੀਓ ਨੇ ਮੁਆਵਜ਼ਾ ਰਾਸ਼ੀ ਦੇ ਚੈੱਕ ਤਕਸੀਮ ਕਰਨ ਮੌਕੇ ਕਿਹਾ ਕਿ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਮੀਂਹ ਤੋਂ ਪ੍ਰਭਾਵਿਤ ਪੀੜ੍ਹਤਾਂ ਦੇ ਨਾਲ ਖੜ੍ਹੀ ਹੈ ਅਤੇ ਸਰਕਾਰ ਵਲੋਂ ਪ੍ਰਭਾਵਿਤ ਲੋਕਾਂ ਨੂੰ ਰਾਹਤ ਦੇਣ ਲਈ ਮੁਆਵਜ਼ਾ ਰਾਸ਼ੀ ਵੰਡਣੀ ਸ਼ੁਰੂ ਕਰ ਦਿੱਤੀ ਹੈ। ਕੈਬਨਿਟ ਮੰਤਰੀ ਵਲੋਂ ਮੰਗੋ ਪਤਨੀ ਬਾਗ ਸਿੰਘ, ਪਿੰਡ ਬੰਡਾਲਾ, ਬਲਜਿੰਦਰ ਸਿੰਘ ਪੁੱਤਰ ਬੰਤਾ ਸਿੰਘ ਪਿੰਡ ਬੰਡਾਲਾ, ਹਰਪ੍ਰੀਤ ਸਿੰਘ ਪੁੱਤਰ ਪ੍ਰਕਾਸ਼ ਸਿੰਘ ਪਿੰਡ ਵਡਾਲਾ ਜੌਹਲ ਪੁੱਤਰ ਜਗੀਰ ਸਿੰਘ ਪਿੰਡ ਰੱਖ ਦੇਵੀਦਾਸਪੁਰਾ, ਸਰਬਜੀਤ ਕੌਰ ਪਤਨੀ ਬੂਟਾ ਸਿੰਘ, ਪਿੰਡ ਨਵਾਂ ਪਿੰਡ ਦੇ ਹਰੇਕ ਪਰੀਵਾਰ ਨੂੰ 1 ਲੱਖ 20 ਹਜ਼ਾਰ ਸਹਾਇਤਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁਆਵਜ਼ਾ ਵੰਡਣ ਦੀ ਪ੍ਰਕ੍ਰਿਆ ਤੇ ਨਿਰੰਤਰ ਨਜ਼ਰ ਰੱਖੀ ਜਾ ਰਹੀ ਹੈ ਅਤੇ ਇਸ ਕੰਮ ਵਿੱਚ ਹੋਰ ਤੇਜ਼ੀ ਲਿਆਉਣ ਲਈ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਜਿਸਦਾ ਨੁਕਸਾਨ ਹੋਇਆ ਹੈ ਨੂੰ ਮੁਆਵਜ਼ਾ ਨਹੀਂ ਮਿਲਿਆ ਤਾਂ ਉਹ ਸਬੰਧਤ ਅਧਿਕਾਰੀਆਂ ਨੂੰ ਧਿਆਨ ਵਿੱਚ ਲਿਆਵੇ ਤਾਂ ਜੋ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਜਾ ਸਕੇ। ਇਸ ਮੌਕੇ ਚੇਅਰਮੈਨ ਛਨਾਖ ਸਿੰਘ ਗਹਿਰੀ ਮੰਡੀ ਜੰਡਿਆਲਾ, ਅਕਵਿੰਦਰ ਕੌਰ ਨਾਇਬ ਤਹਿਸੀਲਦਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਹਾਜਰ ਸਨ।

# ਪੰਜਾਬ ਇਸਤਰੀ ਸਭਾ ਵੱਲੋਂ 16ਵੀਂ ਸੂਬਾਈ ਕਾਨਫਰੰਸ ਬਾਬਤ ਵਿਚਾਰ-ਵਟਾਂਦਰਾ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਪੰਜਾਬ ਇਸਤਰੀ ਸਭਾ ਤਰਨਤਾਰਨ ਦੇ ਬਲਾਕ ਝਬਾਲ ਵਿਖੇ ਜ਼ਿਲਾ ਪ੍ਰਧਾਨ ਸੀਮਾ ਸੋਹਲ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ਵਿਚ ਸੂਬਾ ਜਨਰਲ ਸਕੱਤਰ ਰਜਿੰਦਰਪਾਲ ਕੌਰ ਉਚੇਚੇ ਤੌਰ 'ਤੇ ਪਹੁੰਚੇ। ਮੀਟਿੰਗ ਵਿੱਚ ਪੰਜਾਬ ਇਸਤਰੀ ਸਭਾ ਦੀ 16ਵੀਂ ਸੂਬਾਈ ਕਾਨਫਰੰਸ ਜੋ ਕਿ 7-8 ਅਕਤੂਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋ ਰਹੀ ਹੈ, ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਬਲਾਕ ਜਨਰਲ ਸਕੱਤਰ ਕੰਵਲਜੀਤ ਅਤੇ ਪ੍ਰਧਾਨ ਸਲਵਿੰਦਰ ਨੇ ਕਾਨਫਰੰਸ ਵਾਸਤੇ ਡੈਲੀਗੇਟਾਂ ਦੀ ਚੋਣ ਕੀਤੀ ਅਤੇ ਪ੍ਰਬੰਧਾਂ ਅਤੇ ਫੰਡ ਵਿੱਚ ਪੂਰਾ ਹਿੱਸਾ ਪਾਉਣ ਦਾ ਵਿਸ਼ਵਾਸ ਸੂਬਾ ਜਨਰਲ ਸਕੱਤਰ ਨੂੰ ਦਿਵਾਇਆ ਗਿਆ। ਜ਼ਿਲਾ ਪ੍ਰਧਾਨ ਸੀਮਾ ਸੋਹਲ ਨੇ ਔਰਤਾਂ ਨੂੰ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਦਾ ਜ਼ਿਕਰ ਕੀਤਾ। ਮੀਤ ਪ੍ਰਧਾਨ ਬਲਵਿੰਦਰ ਨੇ ਕਿਹਾ ਕਿ ਔਰਤਾਂ ਦੀ ਸਥਿੱਤੀ ਵਿੱਚ ਸੁਧਾਰ ਲਿਆਉਣ ਲਈ ਰੁਜ਼ਗਾਰ ਦਾ ਮਿਲਣਾ ਜ਼ਰੂਰੀ ਹੈ। ਸੂਬਾ ਜਨਰਲ ਸਕੱਤਰ ਰਾਜਿੰਦਰਪਾਲ ਕੌਰ ਨੇ ਇਸ ਗੱਲ ਤੇ ਖੁਸ਼ੀ ਪ੍ਰਗਟ ਕੀਤੀ ਕਿ ਕੈਬਨਿਟ ਨੇ ਮਹਿਲਾ ਰਾਖਵਾਂਕਰਨ ਬਿੱਲ ਪਾਸ ਕਰ ਦਿੱਤਾ ਹੈ ਜਿਸ ਵਾਸਤੇ ਅਸੀਂ 25 ਸਾਲ ਤੋਂ ਲੜ ਰਹੇ ਸੀ। ਕਦੇ ਗਿਰਜਾ ਵਿਆਸ ਕੋਲੋਂ ਅਤੇ ਕਦੇ ਉਮਾ ਭਾਰਤੀ ਕੋਲੋਂ ਵਿਰੋਧ ਕਰਵਾ ਕੇ ਬਿੱਲ ਲਮਕਾਇਆ ਜਾ ਰਿਹਾ ਸੀ। ਹੁਣ ਵੀ ਸਾਨੂੰ ਸ਼ੱਕ ਹੈ ਕਿ ਕੋਈ ਨਾ ਕੋਈ ਅੜਿੱਕਾ ਪਾ ਕੇ ਲਟਕਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਹ ਚੁਣਾਵੀ ਜੁਮਲਾ ਵੀ ਸਾਬਤ ਹੋ ਸਕਦਾ ਹੈ। ਇਸ ਵਾਸਤੇ ਫਿਰ ਸਾਨੂੰ ਲੜਾਈ ਲੜਨੀ ਪਵੇਗੀ। ਜ਼ਿਲਾ ਜਨਰਲ ਸਕੱਤਰ ਰੁਪਿੰਦਰ ਮਾੜੀਮੇਘਾ ਨੇ ਝਬਾਲ ਬਲਾਕ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਝਬਾਲ ਬਲਾਕ ਹਮੇਸ਼ਾ ਹਰ ਕੰਮ ਵਿੱਚ ਅੱਗੇ ਰਹਿੰਦਾ ਹੈ। ਇਸ ਮੌਕੇ ਰੀਤੂ ਮਨੋਜ, ਸੰਜੂ ਅਤੇ ਗੁਰਵੰਤ ਕੌਰ ਨੇ ਵੀ ਹਿੱਸਾ ਲਿਆ।

# ਬੈਡਮਿੰਟਨ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਮੁਕਾਬਲੇ 'ਚ ਦੋ ਸੋਨ ਤਮਗੇ ਜਿੱਤੇ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਸਥਾਨਕ ਬਹਿਰਾਮਪੁਰ ਰੋਡ 'ਤੇ ਸਥਿਤ ਟੀਸੀ ਇੰਟਰਨੈਸ਼ਨਲ ਸਕੂਲ ਦੀਆਂ ਹੋਣਹਾਰ ਬੈਡਮਿੰਟਨ ਖਿਡਾਰਨਾਂ ਨੇ ਸਕੂਲ ਖੇਡਾਂ ਵਿੱਚ ਜ਼ਿਲ੍ਹਾ ਪੱਧਰ 'ਤੇ ਸੋਨ ਤਮਗੇ ਜਿੱਤ ਕੇ ਸਕੂਲ ਅਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ। ਇਨ੍ਹਾਂ ਹੋਣਹਾਰ ਖਿਡਾਰੀਆਂ ਦਾ ਸਕੂਲ ਪਹੁੰਚਣ ਤੇ ਚੇਅਰਮੈਨ ਰਵਿੰਦਰ ਸ਼ਰਮਾ ਵੱਲੋਂ ਸਨਮਾਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਦੱਸਿਆ ਕਿ ਹਾਲ ਹੀ ਵਿੱਚ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਐੱਸਐੱਸਐੱਮ ਕਾਲਜ ਦੀਨਾਨਗਰ ਵਿਖੇ ਜ਼ਿਲ੍ਹਾ ਪੱਧਰੀ ਸਕੂਲ ਬੈਡਮਿੰਟਨ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਸਕੂਲ ਦੀ ਹੋਣਹਾਰ ਬੈਡਮਿੰਟਨ ਖਿਡਾਰਨਾਂ ਅੰਡਰ 14 ਵਰਗ ਵਿੱਚ ਪਰਾਗੁਣ ਅੰਗੁਰਾਲ ਪੁੱਤਰੀ ਦਿਨੇਸ਼ ਕੁਮਾਰ ਅਤੇ ਅੰਡਰ 17 ਵਰਗ ਵਿੱਚ ਪ੍ਰਾਚੀ ਸੈਣੀ ਪੁੱਤਰੀ ਕਿਸ਼ੋਰ ਕੁਮਾਰ ਨੇ ਭਾਗ ਲਿਆ ਅਤੇ ਸੋਨ ਤਮਗੇ ਜਿੱਤ ਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।

ਉਨ੍ਹਾਂ ਕਿਹਾ ਕਿ ਸਕੂਲ ਹੋਣਹਾਰ ਖਿਡਾਰੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰਦਾ ਹੈ ਤਾਂ ਜੋ ਉਹ ਆਪਣਾ ਭਵਿੱਖ ਉਜਵਲ ਬਣਾ ਸਕਣ। ਉਨ੍ਹਾਂ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਵੀ ਹਾਜ਼ਰ ਸੀ।

# ਚਾਵਾਂ ਨੇੜੇ ਟੇਢਾ ਮੋੜ ਹੋਣ ਕਰਕੇ ਨਿੱਤ ਵਾਪਰਦੇ ਨੇ ਸੜਕੀ ਹਾਦਸੇ



**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ ਵਿਚਕਾਰ ਪੈਂਦੇ ਪਿੰਡ ਚਾਵਾਂ ਨੇੜੇ ਸੜਕ ਵਿਚ ਟੇਢਾ ਮੋੜ ਅਤੇ ਢਲਾਨ ਹੋਣ ਕਾਰਨ ਆਏ ਦਿਨ ਸੜਕੀ ਹਾਦਸੇ ਹੁੰਦੇ ਰਹਿੰਦੇ ਹਨ ਜਿਸ ਨਾਲ ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੁੰਦਾ ਰਹਿੰਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀਆਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਸੜਕ ਤੋਂ ਰੋਜ਼ਾਨਾਂ ਅਤੇ ਪੰਜਾਬ ਅਤੇ ਹੋਰ ਰਾਜਾਂ ਨੂੰ ਹਜ਼ਾਰਾਂ ਗੱਡੀਆਂ ਤੇਜ਼ ਰਫ਼ਤਾਰ ਵਿਚ ਗੁਜ਼ਰਦੀਆਂ ਹਨ ਅਤੇ ਇਥੇ ਢਲਾਨ ਹੋਣ ਕਰਕੇ ਗੱਡੀਆਂ ਦਾ ਸੰਤੁਲਨ ਵਿਗੜਨ ਨਾਲ ਗੱਡੀਆਂ ਪਲਟ ਜਾਂਦੀਆਂ ਹਨ।

ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਇਕ ਟਿੱਪਰ ਨੇ ਇਥੇ ਕਈ ਨੌਜਵਾਨਾਂ ਦੀ ਜਾਨ ਲਈ ਸੀ ਜਿਸ ਨਾਲ ਇਲਾਕੇ ਦੇ ਲੋਕ ਅਜੇ ਤੱਕ ਵੀ ਸਹਿਮੇ ਹੋਏ ਨਜ਼ਰ ਆ ਰਹੇ ਹਨ ਅਤੇ ਜਿਹੜੀ ਮਾਰਕੀਟ ਵਿਚ ਟੱਰਕ ਵੱਜਿਆ ਸੀ ਉਹ ਬਿਲਕੁਲ ਖ਼ਤਮ ਹੋ ਗਈ ਹੈ ਤੇ ਲੋਕ ਉਥੇ ਬੈਠਣ ਤੋਂ ਵੀ ਗੁਰੇਜ਼ ਕਰਦੇ ਹਨ ਜਦੋਂਕਿ ਉਥੇ ਹਮੇਸ਼ਾ ਟੈਂਪੂ ਅਤੇ ਈ ਰਿਕਸ਼ੇ, ਆਟੋ ਆਮ ਖੜ੍ਹੇ ਰਹਿੰਦੇ ਹਨ ਅਤੇ ਇਸ ਚੁਰਾਹੇ ਤੋਂ ਗੁਰਦੁਆਰਾ ਘੱਲੂਘਾਰਾ ਨੂੰ ਸੜਕ ਜਾਂਦੀ ਹੈ।

ਲੋਕਾਂ ਦੀ ਲੋਕ ਨਿਰਮਾਣ ਵਿਭਾਗ ਪਾਸੋਂ ਮੰਗ ਹੈ ਕਿ ਉਪਰੋਕਤ ਜਗ੍ਹਾ 'ਤੇ ਸਪੀਡ ਬਰੇਕਰ ਜਾਂ ਬੈਰੀਕੇਡ ਲਗਾਏ ਜਾਣ ਜਾਂ ਫ਼ਿਰ ਯੋਗ ਪ੍ਰਬੰਧ ਕੀਤੇ ਜਾਣ ਜਿਸ ਨਾਲ ਹਾਦਸੇ ਹੋਣ ਤੋਂ ਬਚਾਅ ਹੋ ਸਕੇ।

# ਸਮਾਜ ਸੇਵੀ ਸੰਦੀਪ ਕੌਸ਼ਲ ਸੈਂਕੜੇ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਥਾਨਕ ਸ਼ਹਿਰ ਅਜਨਾਲਾ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਨੌਜਵਾਨ ਆਗੂ ਅਤੇ ਸਮਾਜ ਸੇਵੀ ਐਡਵੋਕੇਟ ਸੰਦੀਪ ਕੌਸ਼ਲ ਆਪਣੇ ਸੈਂਕੜੇ ਸਮਰਥਕਾਂ ਸਮੇਤ ਭਾਜਪਾ ਵਿੱਚ ਸ਼ਾਮਲ ਹੋ ਗਏ ਜਿਨ੍ਹਾਂ ਦਾ ਓਬੀਸੀ ਸੈੱਲ ਦੇ ਸੂਬਾ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ ਅਤੇ ਅੰਮ੍ਰਿਤਸਰ ਦਿਹਾਤੀ ਦੇ ਜ਼ਿਲ੍ਹਾ ਇੰਚਾਰਜ ਡਾ. ਰਾਜ ਕੁਮਾਰ ਵੇਰਕਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

ਇਸ ਸਬੰਧੀ ਬੋਨੀ ਅਮਰਪਾਲ ਸਿੰਘ ਅਜਨਾਲਾ ਅਤੇ ਡਾ: ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਦਿਨੋਂ-ਦਿਨ ਮਜ਼ਬੂਤ ਹੋ ਰਹੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲੋਕਾਂ ਦੀ ਭਲਾਈ ਲਈ ਲਏ ਗਏ ਫੈਸਲਿਆਂ ਤੋਂ ਨੌਜਵਾਨ ਵਰਗ ਵੀ ਖੁਸ਼ ਹੈ ਜਿਸ ਤੋਂ ਪ੍ਰਭਾਵਿਤ ਹੋ ਕੇ ਅਜਨਾਲਾ ਵਿੱਚ ਸੈਂਕੜੇ ਨੌਜਵਾਨ ਭਾਜਪਾ ਵਿੱਚ ਸ਼ਾਮਲ ਹੋਏ ਹਨ।

# ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਨਵਾਂ ਵਿੱਦਿਅਕ ਸੈਸ਼ਨ ਸ਼ੁਰੂ



ਗੁਰਦਾਸਪੁਰ (ਜਨਕ ਮਹਾਜਨ)-ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਬੀਐੱਡ ਤੇ ਈਟੀਟੀ ਸੈਸ਼ਨ 2023-24 ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਦੀ ਦੇਖਰੇਖ ਹੇਠ ਕੀਤੀ ਗਈ। ਪ੍ਰੋਗਰਾਮ ਦਾ ਆਗਾਜ਼ ਪਵਿੱਤਰ ਹਵਨ ਯੱਗ ਅਤੇ ਮੰਤਰ ਉਚਾਰਨ ਦੇ ਨਾਲ ਕੀਤਾ ਗਿਆ ਜਿਸ ਵਿਚ ਬੀਐਡ ਅਤੇ ਈਟੀਟੀ ਦੇ ਵਿਦਿਆਰਥੀਆਂ ਤੋਂ ਇਲਾਵਾ ਕਾਲਜ ਸਟਾਫ਼ ਨੇ ਵੀ ਹਿੱਸਾ ਲਿਆ। ਇਸ ਪ੍ਰੋਗਰਾਮ ਵਿਚ ਕਾਲਜ ਮੈਨੇਜਮੈਂਟ ਕਮੇਟੀ ਮੈਂਬਰ ਡਾ. ਵਿਨੋਦ ਮਹਾਜਨ, ਪ੍ਰੋਫੈਸਰ ਰਵੀਸ਼ੰਕਰ ਤੋਂ ਇਲਾਵਾ ਮੈਡਮ ਸੁਨੀਤਾ ਗੁਪਤਾ ਆਦਿ ਹਾਜ਼ਰ ਸਨ।

ਸਾਰੇ ਸਟਾਫ਼ ਅਤੇ ਵਿਦਿਆਰਥੀਆਂ ਨੇ ਇਸ ਹਵਨਯੱਗ ਵਿਚ ਆਹੂਤੀਆਂ ਪਾ ਕੇ ਆਪਣਾ ਆਪਣਾ ਯੋਗਦਾਨ ਪਾਇਆ ਅਤੇ ਕਾਲਜ ਦੀ ਬਿਹਤਰੀ ਲਈ ਮੰਗਲ ਕਾਮਨਾ ਕੀਤੀ। ਕਾਲਜ ਮੈਨੇਜਮੈਂਟ ਕਮੇਟੀ ਮੈਂਬਰ ਡਾ. ਵਿਨੋਦ ਮਹਾਜਨ ਨੇ ਕਾਲਜ ਵਿਚ ਦਾਖ਼ਲ ਹੋਏ ਵਿਦਿਆਰਥੀਆਂ ਦੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਬੱਚਿਆਂ ਨੂੰ ਆਪਣਾ ਜੀਵਨ ਸਫ਼ਲਾ ਬਣਾਉਣ ਲਈ ਮਿਹਨਤ ਅਤੇ ਇਮਾਨਦਾਰੀ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਰਜਨੀਸ਼ ਬਾਲਾ, ਅਨੂ ਸੈਣੀ, ਨਿਧੀ, ਅਤੁਲ ਅਗਰਵਾਲ, ਸੰਦੀਪ ਸ਼ਰਮਾ ਆਦਿ ਹਾਜ਼ਰ ਸਨ।

# ਪੰਡਿਤ ਦੀਨ ਦਿਆਲ ਉਪਾਧਿਆਏ ਦਾ ਜਨਮ ਦਿਨ ਮਨਾਇਆ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਕੁਮਾਰ ਜਾਖੜ ਅਤੇ ਸ਼ਿਵਬੀਰ ਸਿੰਘ ਰਾਜਨ ਜ਼ਿਲ੍ਹਾ ਪ੍ਰਧਾਨ ਭਾਜਪਾ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬੂਥ ਨੰਬਰ 132 ਪਿੰਡ ਲੋਹਗੜ੍ਹ ਕੋਠੇ ਦੀਨਾਨਗਰ ਵਿਖੇ ਪੰਡਿਤ ਦੀਨ ਦਿਆਲ ਉਪਾਧਿਆਏ ਦਾ ਜਨਮ ਦਿਨ ਸੀਪੀ ਸੋਹਲ ਮੰਡਲ ਭਾਜਪਾ ਪ੍ਰਧਾਨ ਸਾਹੋਵਾਲ ਅਤੇ ਯਸ ਪਾਲ ਕੰਡਾਲ ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਗੁਰਦਾਸਪੁਰ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਯਸ਼ਪਾਲ ਕੁੰਡਲ ਭਾਜਪਾ ਜ਼ਿਲ੍ਹਾ ਗੁਰਦਾਸਪੁਰ ਦੇ ਜਨਰਲ ਸਕੱਤਰ ਨੇ ਫੁੱਲ ਭੇਟ ਕਰਦੇ ਹੋਏ ਉਨ੍ਹਾਂ ਦੇ ਜੀਵਨ ਬਾਰੇ ਦੱਸਿਆ ਅਤੇ ਕਿਹਾ ਕਿ ਸਾਨੂੰ ਪੰਡਿਤ ਦੀਨਦਿਆਲ ਉਪਾਧਿਆਏ ਦੇ ਦਰਸਾਏ ਮਾਰਗ ਤੇ ਚੱਲਣ ਦੀ ਲੋੜ ਹੈ ਅਤੇ ਭਾਜਪਾ ਨੂੰ ਮਜ਼ਬੂਤ ਕਰਨ ਲਈ ਬੂਥ ਪੱਧਰ ਤੇ ਇਕੱਠੇ ਹੋ ਕੇ ਕੰਮ ਕਰਨ ਦੀ ਲੋੜ ਹੈ। ਇਸ ਮੌਕੇ ਲੀਲਾ ਠੱਕਰ, ਸੁਮਨ ਬਾਲਾ, ਪ੍ਰਦੀਪ ਠਾਕਰ ਕਸ਼ਮੀਰ ਸਿੰਘ, ਪ੍ਰਦੀਪ ਗਾਂਧੀ, ਡਿੰਪਲ ਸੰਗੀਤਾ ਕਸ਼ਮੀਰ ਲਾਲ ਦੀਪਕ ਆਦਿ ਹਾਜ਼ਰ ਸਨ।



# ਲੋਹੇ ਦੇ ਐਂਗਲ ਚੋਰੀ ਕਰਨ ਵਾਲੇ ਦੋ ਮੁਲਜ਼ਮ ਕਾਬੂ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਦੀਨਾਨਗਰ ਥਾਣੇ ਦੀ ਪੁਲਸ ਨੇ ਲੋਹੇ ਦੇ ਐਂਗਲ ਚੋਰੀ ਕਰਨ ਵਾਲੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਕੇਸ ਦਰਜ ਕਰ ਲਿਆ ਹੈ।

ਥਾਣਾ ਸਦਰ ਦੇ ਇੰਚਾਰਜ ਜਤਿੰਦਰ ਪਾਲ ਨੇ ਦੱਸਿਆ ਕਿ ਐੱਸਆਈ ਸੁਰਜੀਤ ਸਿੰਘ ਨੇ ਪੁਲਸ ਪਾਰਟੀ ਨਾਲ ਝੰਡੇਚੱਕਾ ਬਾਈਪਾਸ 'ਤੇ ਨਾਕਾਬੰਦੀ ਕੀਤੀ ਹੋਈ ਸੀ। ਸੂਚਨਾ ਦੇ ਆਧਾਰ ਤੇ ਵਾਹਨਾਂ ਦੀ ਚੈਕਿੰਗ ਕਰਦੇ ਹੋਏ ਈ-ਰਿਕਸ਼ਾ ਸਵਾਰ ਸੁਰਜੀਤ ਕੁਮਾਰ ਅਤੇ ਬਿੱਲਾ ਮਸੀਹ ਵਾਸੀ ਵਿਕਾਸ ਨਗਰ ਪਨਿਆੜ ਨੂੰ ਰੋਕਿਆ ਗਿਆ।

ਇਹ ਦੋਵੇਂ ਸਰਕਾਰੀ ਖੰਡ ਮਿੱਲ ਪਨਿਆੜ ਦੀ ਕੰਧ ਤੋਂ ਲੋਹੇ ਦੇ ਐਂਗਲ ਚੋਰੀ ਕਰਕੇ ਲਿਆ ਰਹੇ ਸਨ। ਮਾਮਲਾ ਦਰਜ ਕਰਕੇ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਗੁ. ਟਾਹਲੀ ਸਾਹਿਬ ਵਿਖੇ ਲੱਗਾ ਬਾਬਾ ਸ੍ਰੀ ਚੰਦ ਜੀ ਦਾ ਜੋੜ ਮੇਲਾ



ਝਬਾਲ (ਹਰਜਿੰਦਰ ਸਿੰਘ ਸੋਨੀ)-ਪਿੰਡ ਜਗਤਪੁਰਾ ਵਿਖੇ ਸਰਪੰਚ ਗੁਪਾਲ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕੇ ਪਿੰਡ ਵਿੱਚ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਬਾਬਾ ਸ੍ਰੀ ਚੰਦ ਜੀ ਦਾ ਸਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਲਾਕੇ ਅਤੇ ਨਗਰ ਤੇ ਐੱਨਆਰਆਈ ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰਾਂ ਨੇ ਬਾਬਾ ਸ੍ਰੀ ਚੰਦ ਜੀ ਦਾ ਜੀਵਨ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸ਼ਾਮ ਦੇ ਟਾਈਮ ਕਬੱਡੀ ਦੇ ਮੈਚ ਕਰਾਏ ਗਏ। ਜਿੱਤਣ ਵਾਲੀਆਂ ਟੀਮਾਂ ਨੂੰ ਮੇਲਾ ਪ੍ਰਬੰਕ ਕਮੇਟੀ ਵੱਲੋਂ ਅਤੇ ਪਿੰਡ ਦੀ ਪ੍ਰਚਾਇਤ ਸਰਪੰਚ ਗੁਰਪਾਲ ਸਿੰਘ ਵੱਲੋਂ ਜਿੱਤਣ ਵਾਲੀਆਂ ਟੀਮਾਂ ਨੂੰ ਇਨਾਮ ਦਿੱਤੇ ਗਏ।

ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ। ਇਸ ਮੌਕੇ ਗੁਰਦੁਆਰਾ ਪ੍ਰਬੰਕ ਕਮੇਟੀ ਪ੍ਰਧਾਨ ਦਲਬੀਰ ਸਿੰਘ, ਗੁਰਵਿੰਦਰ ਸਿੰਘ ਢਿੱਲੋਂ, ਅਜੀਤ ਸਿੰਘ ਲਹੀਆਂ, ਰਵੇਲ ਸਿੰਘ ਠੇਕੇਦਾਰ, ਗੁਲਵਿੰਦਰ ਸਿੰਘ, ਹਰਭਜਨ ਸਿੰਘ ਵਿਰਕ, ਮੇਜਰ ਸਿੰਘ, ਸਤਪਾਲ ਸਿੰਘ, ਸੁਖਮੰਦਰ ਸਿੰਘ, ਹਰਜਿੰਦਰ ਸਿੰਘ, ਲਵਪੀਤ ਸਿੰਘ, ਰਵੇਲ ਸਿੰਘ , ਜਸ਼ਨਦੀਪ ਸਿੰਘ ਕੈਨੇਡਾ, ਸੁਖ ਅਮਰੀਕਾ, ਨਿਸ਼ਾਨ ਢਿੱਲੋਂ, ਨਿਸ਼ਾਨ ਸਿੰਘ, ਕਾਬਲ ਸਿੰਘ, ਗੁਰਸੇਵਕ ਸਿੰਘ ਵਿਰਕ ਆਦਿ ਹਾਜ਼ਰ ਸਨ।

# ਪੱਤਰਕਾਰ ਢਿੱਲੋਂ ਨੂੰ ਸਦਮਾ, ਮਾਤਾ ਦਾ ਦਿਹਾਂਤ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੱਤਰਕਾਰ ਅਵਤਾਰ ਸਿੰਘ ਢਿੱਲੋਂ ਤੇ ਕਿਸਾਨ ਆਗੂ ਸੁਖਬੀਰ ਸਿੰਘ ਨੂੰ ਉਸ ਵੇਲੇ ਵੱਡਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਅਮਰਜੀਤ ਕੌਰ ਜੋ ਅੱਜ ਤੜਕਸਾਰ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ ਜਿਨ੍ਹਾਂ ਦਾ ਅੰਤਿਮ ਸਸਕਾਰ ਪੱਟੀ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਖੁਸ਼ਵਿੰਦਰ ਸਿੰਘ ਭਾਟੀਆ, ਕੌਂਸਲਰ ਕੁਲਵੰਤ ਸਿੰਘ ਕਲਸੀ, ਕਿਸਾਨ ਸੰਘਰਸ਼ ਕਮੇਟੀ ਵੱਲੋਂ ਮੁਖਤਿਆਰ ਸਿੰਘ ਸਭਰਾ, ਸਤਨਾਮ ਸਿੰਘ ਹਰੀਕੇ, ਸਵਰਨ ਸਿੰਘ ਖਹਿਰਾ ਹਰੀਕੇ, ਸਾਬਕਾ ਕੌਂਸਲਰ ਕਵਲਜੀਤ ਸਿੰਘ, ਆੜ੍ਹਤੀ ਰਾਜਬੀਰ ਸਿੰਘ ਖਹਿਰਾ, ਅਮਰੀਕ ਸਿੰਘ ਭੁੱਲਰ, ਨਛੱਤਰ ਸਿੰਘ ਰਾੜੀਆ, ਗੁਰਮੀਤ ਸਿੰਘ ਜੇਈ, ਭੋਲਾ ਸਿੰਘ ਰਾੜੀਆ, ਪ੍ਰਤਾਪ ਸਿੰਘ , ਲਖਵਿੰਦਰ ਸਿੰਘ ਖਹਿਰਾ, ਐਡਵੋਕੇਟ ਹਰਪ੍ਰੀਤ ਸਿੰਘ, ਬਲਬੀਰ ਸਿੰਘ ਲੁਹਾਰੀਆ, ਬਲਵਿੰਦਰ ਸਿੰਘ ਭੁੱਲਰ, ਬਲਰਾਜ ਸਿੰਘ ਸੇਖੋਂ, ਗੁਰਦੀਪ ਸਿੰਘ ਮੱਲਾ, ਮਨਦੀਪ ਸਿੰਘ ਮੰਨਾ, ਬਾਬਾ ਕੁਲਵਿੰਦਰ ਸਿੰਘ ਬੱਬੂ, ਮਹਾਵੀਰ ਸਿੰਘ, ਅਵਤਾਰ ਸਿੰਘ, ਬਾਬਾ ਗੁਰਮੀਤ ਸਿੰਘ, ਜੋਗਾ ਸਿੰਘ, ਬਿੱਲਾ ਜੋਸਨ, ਸੁਖਵੰਤ ਸਿੰਘ ਕਾਲੇਕੇ, ਸਰਪੰਚ ਠਾਣਾ ਸਿੰਘ ਆਦਿ ਤੋਂ ਇਲਾਵਾ ਪੱਤਰਕਾਰ ਭਾਈਚਾਰਾ, ਕਿਸਾਨ ਆਗੂ, ਸਮਾਜ ਸੇਵੀ, ਸਾਕ ਸਬੰਧੀ ਤੇ ਸਨੇਹੀ ਮੌਜੂਦ ਸਨ।

# 'ਭਾਰਤੀ ਸ਼ਾਸਤਰੀ ਸੰਗੀਤ ਦੇ ਵਿਗਿਆਨਿਕ ਪਹਿਲੂ' ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਕਰਵਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਦੇ ਪੋਸਟ ਗ੍ਰੈਜੂਏਟ ਸੰਗੀਤ ਵਿਭਾਗ ਵੱਲੋਂ 'ਭਾਰਤੀ ਸ਼ਾਸਤਰੀ ਸੰਗੀਤ ਦੇ ਵਿਗਿਆਨਿਕ ਪਹਿਲੂ' ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਕਰਵਾਏ ਉਕਤ ਪ੍ਰੋਗਰਾਮ ਮੌਕੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤੋਂ ਡਾ. ਅਮਨਦੀਪ ਸਿੰਘ ਮੱਕੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਨੂੰ ਪੌਦਾ ਭੇਟ ਕਰ ਕੇ ਸਵਾਗਤ ਕਰਨ ਉਪਰੰਤ ਡਾ. ਆਤਮ ਸਿੰਘ ਰੰਧਾਵਾ ਨੇ ਸੰਗੀਤ ਨੂੰ ਰੂਹਾਨੀਅਤ ਨਾਲ ਜੋੜਦਿਆਂ ਪ੍ਰਮਾਤਮਾ ਨਾਲ ਮਿਲਾਪ ਦੇ ਸਾਧਨ ਵਜੋਂ ਅਤੇ ਸਮੁੱਚੇ ਵਿਸ਼ਵ ਨੂੰ ਜੋੜਨ ਵਾਲੀ ਭਾਸ਼ਾ ਆਖਿਆ। ਇਸ ਮੌਕੇ ਡਾ. ਮੱਕੜ ਨੇ ਸੰਗੀਤ ਅਤੇ ਵਿਗਿਆਨ ਦੇ ਪਰਸਪਰ ਸਬੰਧ ਨੂੰ ਪੀ. ਪੀ. ਟੀ. ਦੀ ਸਹਾਇਤਾ ਨਾਲ ਬੜੇ ਹੀ ਸਰਲ ਅਤੇ ਸੁਚੱਜੇ ਢੰਗ ਨਾਲ ਵਿਦਿਆਰਥੀਆਂ ਦੇ ਸਨਮੁੱਖ ਪ੍ਰਸਤੁਤ ਕੀਤਾ। ਭਾਸ਼ਣ 'ਚ ਤਾਰਤਾ, ਤੀਵ੍ਰਤਾ ਅਤੇ ਨਾਦ ਦੇ ਗੁਣਾਂ ਨੂੰ ਵਿਗਿਆਨਕ ਢੰਗ ਨਾਲ ਦਰਸਾਉਂਦੇ ਹੋਏ ਬਹੁਤ ਹੀ ਵਧੀਆ ਅਤੇ ਅਸਰਦਾਰ ਉਦਾਹਰਣਾਂ ਦਿੰਦੇ ਹੋਏ ਤਾਨਪੁਰਾ, ਸਿਤਾਰ, ਬਾਂਸੁਰੀ, ਤਬਲਾ ਅਤੇ ਗਿਟਾਰ ਆਦਿ ਸੰਗੀਤ ਦੇ ਵੱਖ-ਵੱਖ ਸਾਜ਼ਾਂ ਦਾ ਪ੍ਰਯੋਗ ਕੀਤਾ। ਇਸ ਦੌਰਾਨ ਵਿਦਿਆਰਥੀਆਂ ਦੁਆਰਾ ਪ੍ਰਸ਼ਨ ਪੁੱਛੇ ਗਏ ਜਿਨ੍ਹਾਂ ਦੇ ਡਾ. ਮੱਕੜ ਵੱਲੋਂ ਸਰਲ ਰੂਪ ਨਾਲ ਜਵਾਬ ਦਿੱਤੇ ਗਏ। ਇਸ ਉਪਰੰਤ 'ਆਰਟੀਫ਼ੀਸ਼ੀਅਲ ਇੰਟੈਲੀਜੈਂਸ' ਦਾ ਸੰਗੀਤ 'ਤੇ ਪ੍ਰਭਾਵ ਵਿਸ਼ੇ 'ਤੇ ਵਿਸ਼ੇਸ਼ ਚਾਨਣਾ ਪਾਇਆ ਗਿਆ ਅਤੇ ਇਸ ਦੇ ਆਗਮਨ ਨਾਲ ਭਵਿੱਖ 'ਚ ਆਉਣ ਵਾਲੀਆਂ ਚੁਣੌਤੀਆਂ ਬਾਰੇ ਵਿਦਿਆਰਥੀਆਂ ਨਾਲ ਚਰਚਾ ਕੀਤੀ ਗਈ। ਇਸ ਦੌਰਾਨ ਪ੍ਰਿੰ: ਡਾ. ਮਹਿਲ ਸਿੰਘ ਨੇ ਕਿਹਾ ਕਿ ਸੰਗੀਤ ਇਕ ਅਜਿਹੀ ਕਲਾ ਹੈ ਜੋ ਵਿਦਿਆਰਥੀਆਂ ਦੇ ਬਹੁ-ਪੱਖੀ ਵਿਕਾਸ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ ਅਤੇ ਸੰਗੀਤ ਵਿਸ਼ੇ ਨਾਲ ਜੁੜੇ ਵਿਦਿਆਰਥੀ ਵਧੇਰੇ ਸੰਵੇਦਨਸ਼ੀਲ ਅਤੇ ਸਹਿਜਤਾ ਨਾਲ ਲਬਰੇਜ਼ ਹੁੰਦੇ ਹਨ। ਇਸ ਮੌਕੇ ਮੰਚ-ਸੰਚਾਲਨ ਦਾ ਕਾਰਜ ਪ੍ਰੋ. ਰੋਜ਼ੀ ਨੇ ਨਿਭਾਉਂਦਿਆਂ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰੋ. ਜਸਪ੍ਰੀਤ ਕੌਰ, ਡਾ. ਸੁਨੀਤਾ ਰਾਣੀ, ਪ੍ਰੋ. ਨਵਜੋਤ ਕੌਰ, ਡਾ. ਹਰਮੀਕ ਸਿੰਘ, ਪ੍ਰੋ. ਰਾਹੁਲ, ਡਾ. ਅਮਨ ਕੌਰ, ਡਾ ਪਰਮਿੰਦਰ ਸਿੰਘ, ਡਾ. ਭੁਪਿੰਦਰ ਸਿੰਘ, ਡਾ. ਕੁਲਦੀਪ ਸਿੰਘ ਢਿੱਲੋਂ, ਡਾ. ਹੀਰਾ ਸਿੰਘ, ਡਾ. ਮਿੰਨੀ ਸਲਵਾਨ, ਡਾ. ਹਰਜੀਤ ਕੌਰ, ਡਾ. ਜਸਵੀਰ ਸਿੰਘ, ਡਾ. ਅਮਨਦੀਪ ਕੌਰ, ਡਾ. ਮਨੀਸ਼ ਆਦਿ ਮੌਜੂਦ ਸਨ।

# ਖ਼ੂਨ ਦੇਣ ਵਾਲੇ 91 ਡੋਨਰਾਂ ਦੀ ਸੇਵਾ ਨੂੰ ਸਲਾਮ: ਪੁਰੇਵਾਲ/ਮੱਲ੍ਹੀ



ਧਾਰੀਵਾਲ/ਕਲਾਨੌਰ (ਮਨਦੀਪ ਸਿੰਘ ਵਿੱਕੀ, ਮਨਦੀਪ ਕੁਮਾਰ)-ਬਾਬਾ ਸ੍ਰੀ ਚੰਦ ਜੀ ਦੇ ਅਸਥਾਨ ਪਿੰਡ ਬੋਹੜਵਡਾਲਾ ਵਿਖੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਏ ਗਏ 529ਵੇਂ ਪ੍ਰਕਾਸ਼ ਦਿਹਾੜੇ ਦੌਰਾਨ ਸਮਾਜਿਕ ਗਤੀਵਿਧੀਆਂ ਸੇਵਾ ਸੁਸਾਇਟੀ ਕਲਾਨੌਰ ਅਤੇ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਵਲੋਂ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੇ ਸਮਾਜ ਸੇਵਕਾਂ ਦੀ ਮਦਦ ਨਾਲ ਮੈਗਾ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ 'ਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਸਮੇਤ 91 ਡੋਨਰਾਂ ਵਲੋਂ ਖ਼ੂਨਦਾਨ ਕੀਤਾ ਗਿਆ। ਸਮਾਗਮਾਂ 'ਚ ਸਾਬਕਾ ਕੈਬਨਿਟ ਮੰਤਰੀ ਜਥੇ. ਸੁੱਚਾ ਸਿੰਘ ਛੋਟੇਪੁਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਰਵੀਕਰਨ ਸਿੰਘ ਕਾਹਲੋਂ ਵਲੋਂ ਵੀ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਸੁਸਾਇਟੀ ਦੇ ਨੁਮਾਇੰਦੇ ਗੁਰਸ਼ਰਨਜੀਤ ਸਿੰਘ ਪੁਰੇਵਾਲ, ਸੁਖਵਿੰਦਰ ਸਿੰਘ ਮੱਲ੍ਹੀ, ਗੁਰਦੀਪ ਸਿੰਘ ਬੋਹੜਵਡਾਲਾ, ਲਖਵਿੰਦਰ ਸਿੰਘ ਮੱਲ੍ਹੀ ਆਦਿ ਨੇ ਖ਼ੂਨ ਦੇਣ ਵਾਲੇ ਡੋਨਰਾਂ ਦੀ ਸੇਵਾ ਨੂੰ ਸਲਾਮ ਕਰਦਿਆਂ ਕਿਹਾ ਕਿ ਹੁਣ ਜਦੋਂ ਕਿ ਡੇਂਗੂ ਦਾ ਸੀਜ਼ਨ ਚੱਲ ਰਿਹਾ ਹੈ ਅਤੇ ਖ਼ੂਨ ਦੀ ਕਮੀ ਨੂੰ ਵੇਖਦਿਆਂ ਹੋਇਆਂ ਡੋਨਰਾਂ ਵਲੋਂ ਖ਼ੂਨਦਾਨ ਦੀ ਇਸ ਸੇਵਾ 'ਚ ਖ਼ੂਨ ਦੇ ਕੇ ਆਪਣਾ ਯੋਗਦਾਨ ਪਾਇਆ ਹੈ। ਉਨ੍ਹਾਂ ਦੱਸਿਆ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਕਲਾਨੌਰ ਦੇ ਪ੍ਰਾਚੀਨ ਸ਼ਿਵ ਮੰਦਿਰ 'ਚ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ ਜਿਸ 'ਚ ਸਿਵਲ ਹਸਪਤਾਲ ਬਲੱਡ ਬੈਂਕ ਬਟਾਲਾ ਤੇ ਅੰਮ੍ਰਿਤਸਰ ਦੀਆਂ ਟੀਮਾਂ ਪਹੁੰਚਣਗੀਆਂ। ਇਸ ਮੌਕੇ ਪ੍ਰਧਾਨ ਭੁਪਿੰਦਰ ਸਿੰਘ, ਗੁਰਦੀਪ ਸਿੰਘ ਕਾਹਲੋਂ, ਲਖਵਿੰਦਰ ਸਿੰਘ ਮੱਲ੍ਹੀ, ਭਾਈ ਦਰਸ਼ਨ ਸਿੰਘ, ਪਲਵਿੰਦਰ ਸਿੰਘ ਮਾਹਲ, ਹਰਦੀਪ ਸਿੰਘ ਕਾਹਲੋਂ, ਕੇ.ਪੀ. ਬਾਜਵਾ, ਆਦਰਸ਼ ਕੁਮਾਰ, ਰਾਜੇਸ਼ ਕੁਮਾਰ ਬੱਬੀ, ਪ੍ਰਦੀਪ ਬਲਹੋਤਰਾ, ਗਗਨਦੀਪ ਸਿੰਘ ਗੱਗੂ, ਅੰਮ੍ਰਿਤਪਾਲ ਸਿੰਘ, ਨਿਰਮਲ ਸਿੰਘ ਦੋਸਤਪੁਰ, ਬਲਾਕ ਪ੍ਰਧਾਨ ਨਵਪ੍ਰੀਤ ਸਿੰਘ ਪਵਾਰ, ਅਜੀਤ ਸਿੰਘ ਖੋਖਰ ਕਾਮਲਪੁਰ, ਜਤਿੰਦਰ ਸਿੰਘ ਡੇਅਰੀਵਾਲ ਕਿਰਨ, ਲਵਦੀਪ, ਸੁਬੇਗ ਸਿੰਘ ਮੱਲ੍ਹੀ, ਗੁਰਭੇਜ ਸਿੰਘ , ਰਵੇਲ ਸਿੰਘ ਚੰਦੂ ਵਡਾਲਾ, ਸਤਨਾਮ ਸਿੰਘ ਸਾਲ੍ਹੇਚੱਕ, ਭਗਵੰਤ ਸਿੰਘ, ਕੇਵਲ ਸਿੰਘ ਰੁੜਿਆਣਾ ਵੀ ਹਾਜ਼ਰ ਰਹੇ।

# ਜ਼ਿਲ੍ਹਾ ਪੱਧਰੀ ਟੂਰਨਾਮੈਂਟ ਦੀਆਂ ਤਿਆਰੀਆਂ ਦਾ ਆਗਾਜ਼

## ਟੂਰਨਾਮੈਂਟ ਦੀ ਆਫ ਲਾਈਨ ਐਂਟਰੀ ਖੇਡ ਵੈਨਿਊ 'ਤੇ ਸਵੇਰੇ 11:00 ਵਜੇ ਤੱਕ ਹੀ ਲਈ ਜਾਵੇਗੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਸਰਕਾਰ, ਖੇਡ ਵਿਭਾਗ ਪੰਜਾਬ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2023 ਦਾ ਆਯੋਜਨ ਪੰਜਾਬ ਦੇ ਹਰੇਕ ਵਸਨੀਕ ਨੂੰ ਖੇਡਾਂ ਨਾਲ ਜੋੜਨ ਦੇ ਉਦੇਸ਼ ਨਾਲ ਕੀਤਾ ਜਾ ਰਿਹਾ ਹੈ। ਇਸ ਖੇਡ ਮੇਲੇ ਵਿੱਚ ਵੱਖ-ਵੱਖ ਪੱਧਰਾਂ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਖਚੈਨ ਸਿੰਘ ਨੇ ਦਸਿੱਆ ਕਿ ਜ਼ਿਲ੍ਹਾ ਪੱਧਰੀ ਖੇਡਾਂ ਦੀ ਸ਼ੁਰੂਆਤ ਵੱਖ-ਵੱਖ ਖੇਡ ਵੈਨਿਊ ਤੇ 26-09-2023 ਤੋਂ 05-10-2023 ਤੱਕ ਹੋ ਰਹੀ ਹੈ। ਜ਼ਿਲ੍ਹਾ ਪੱਧਰ ਤੇ ਅੰ-14,17,21, 21 ਤੋਂ 30, 31 ਤੋਂ 40 ਉਮਰ ਵਰਗ ਵਿੱਚ ਕੁੱਲ 11 ਬਾਸਕਿਟਬਾਲ, ਫੁੱਟਬਾਲ, ਹੈਂਡਬਾਲ, ਹਾਕੀ, ਖੋ-ਖੋ, ਪਾਵਰਲਿਫਟਿੰਗ, ਸ਼ੂਟਿੰਗ, ਸਾਫਟਬਾਲ, ਤੈਰਾਕੀ, ਵੇਟਲਿਫਟਿੰਗ, ਗੱਤਕਾ ਜਦਕਿ ਅੰ-14,17,21, 21 ਤੋਂ 30, 31 ਤੋਂ 40, 41 ਤੋਂ 55, 56 ਤੋਂ 65 ਅਤੇ 65 ਸਾਲ ਤੋਂ ਉਪਰ ਉਮਰ ਵਰਗ ਵਿੱਚ ਕੁੱਲ 7 ਐਥਲੈਟਿਕਸ, ਬੈਡਮਿੰਟਨ, ਚੈਸ, ਲਾਅਨ ਟੈਨਿਸ, ਟੇਬਲ ਟੈਨਿਸ, ਵਾਲੀਬਾਲ ਸਮੈਸਿੰਗ, ਵਾਲੀਬਾਲ ਸ਼ੂਟਿੰਗ, ਉਮਰ ਵਰਗ ਅੰ 14,17,21, 21 ਤੋਂ 25, ਸੀਨੀਅਰ ਵਰਗ ਅਤੇ 25 ਵਰਗ ਤੋਂ ਉਪਰ ਵਿੱਚ ਜੂਡੋ, ਉਮਰ ਵਰਗ ਅੰ 14, ਅੰ 17, ਅੰ 20 ਅਤੇ ਸੀਨੀਅਰ ਵਰਗ ਵਿੱਚ ਕਬੱਡੀ ਨੈਸ਼ਨਲ ਸਟਾਈਲ ਅਤੇ ਕਬੱਡੀ ਸਰਕਲ ਸਟਾਈਲ, ਉਮਰ ਵਰਗ ਅੰ-14,17,21, 21 ਤੋਂ 40 ਵਿੱਚ ਕਿੱਕ ਬਾਕਸਿੰਗ, ਉਮਰ ਵਰਗ ਅੰ 14, 17, 19, 40 ਵਰਗ ਵਿੱਚ ਗੇਮ ਬਾਕਸਿੰਗ, ਉਮਰ ਵਰਗ ਅੰ-14, 17, 20, 23, 23 ਤੋਂ 35 ਅਤੇ 35 ਤੋਂ ਉਪਰ ਵਿੱਚ ਗੇਮ ਕੁਸ਼ਤੀ ਕਰਵਾਈ ਜਾ ਰਹੀ ਹੈ। ਇਨ੍ਹਾਂ ਜ਼ਿਲ੍ਹਾ ਪੱਧਰੀ ਖੇਡਾਂ ਦੇ ਵੈਨਿਊ ਅਤੇ ਗੇਮਾਂ ਦੇ ਈਵੈਂਟ ਸਬੰਧੀ ਵੇਧੇਰੇ ਜਾਣਕਾਰੀ ਲਈ ਦਫਤਰ ਜ਼ਿਲ੍ਹਾ ਸਪੋਰਟਸ ਅਫਸਰ ਅੰਮ੍ਰਿਤਸਰ ਐੱਮਐੱਮ ਮਾਲਵੀਆ ਰੋਡ ਅੰਮ੍ਰਿਤਸਰ ਵਿਖੇ ਸਪੰਰਕ ਕੀਤਾ ਜਾ ਸਕਦਾ ਹੈ। ਵਿਅਕਤੀਗਤ ਅਤੇ ਟੀਮ ਗੇਮ ਵਿੱਚ ਪਹਿਲਾ, ਦੂਜਾ, ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਸਰਟੀਫਿਕੇਟ ਦੇ ਕੇ ਸਪੋਰਟਸ ਵਿਭਾਗ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਇਨ੍ਹਾਂ ਟੂਰਨਾਮੈਂਟਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਦੀ ਉਮਰ ਦਾ ਮਾਪਦੰਡ ਹੇਠ ਲਿਖੇ ਅਨੁਸਾਰ ਹੈ। ਉਨ੍ਹਾਂ ਨੇ ਦੱਸਿਆ ਕਿ 1. ਅੰਡਰ -14 (ਮਿਤੀ: 01-01-2010 ਤੋਂ ਬਾਅਦ ਦਾ ਜਨਮ ) 2.ਅੰਡਰ -17 (ਮਿਤੀ: 01-01-2007 ਤੋਂ ਬਾਅਦ ਦਾ ਜਨਮ )3. ਅੰਡਰ-21 (ਮਿਤੀ: 01-01-2023 ਤੋਂ ਬਾਅਦ ਦਾ ਜਨਮ) 4.ਅੰਡਰ -21 ਤੋਂ 30 (ਮਿਤੀ: 01-01-1994 ਤੋਂ 31-12-2002 ਤੱਕ) 5. ਅੰਡਰ-31 ਤੋਂ 40 (ਮਿਤੀ: 01-01-1984 ਤੋਂ 31-12-1993 ਤੱਕ) 6. ਅੰਡਰ -41 ਤੋਂ 55 ਵਰਗ (ਮਿਤੀ 01-01-1969 ਤੋਂ 31-12-1983 ਤੱਕ) 7. ਅੰਡਰ-56 ਤੋਂ 65 ਵਰਗ (01-01-1959 ਤੋਂ 31-12-1968 ਤੱਕ) 8. 65 ਸਾਲ ਤੋਂ ਉਪਰ (31-12-1958 ਜਾਂ ਉਸ ਤੋਂ ਪਹਿਲਾਂ ਵਾਲਾ)। ਖਿਡਾਰੀਆਂ ਨੂੰ ਰਿਫਰੈਸ਼ਮੈਂਟ ਅਤੇ ਲੰਚ ਮੁਹੱਈਆ ਕਰਵਾਇਆ ਜਾਵੇਗਾ। ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਭਾਗ ਲੈਣ ਸਬੰਧੀ ਨਿਯਮ ਅਤੇ ਸ਼ਰਤਾਂ ਇਸ ਪ੍ਰਕਾਰ ਹਨ। ਖਿਡਾਰੀ ਪੰਜਾਬ ਦਾ ਵਸਨੀਕ ਹੋਣਾ ਚਾਹੀਦਾ ਹੈ ਅਤੇ ਉਸ ਕੋਲ ਰਿਹਾਇਸ਼ੀ ਸਰਟੀਫਿਕੇਟ ਜਾਂ ਪੰਜਾਬ ਦਾ ਅਧਾਰ ਕਾਰਡ ਹੋਣਾ ਚਾਹੀਦਾ ਹੈ। ਪੰਜਾਬ ਸਰਕਾਰ ਦੇ ਵਿਭਾਗਾਂ ਵਿੱਚ ਕੰਮ ਕਰਦੇ ਕਰਮਚਾਰੀ, ਜੋ ਚੰਡੀਗੜ੍ਹ ਵਿੱਚ ਰਹਿ ਰਹੇ ਹਨ, ਖੁਦ ਅਤੇ ਉਨ੍ਹਾਂ ਦੇ ਆਸ਼ਰਿਤ ਵੀ ਖੇਡਾਂ ਵਿੱਚ ਭਾਗ ਲੈ ਸਕਦੇ ਹਨ। ਇੱਕ ਖਿਡਾਰੀ ਇੱਕ ਟੀਮ ਗੇਮ ਜਾਂ ਵਿਅਕਤੀਗਤ ਖੇਡ ਵਿੱਚ ਵੱਧ ਤੋਂ ਵੱਧ ਦੋ ਈਵੈਂਟਾਂ ਵਿੱਚ ਭਾਗ ਲੈ ਸਕਦਾ ਹੈ। ਇੱਕ ਖਿਡਾਰੀ ਇੱਕ ਉਮਰ ਵਰਗ ਵਿੱਚ (ਜੋ ਅਸਲ ਉਮਰ ਦੇ ਹਿਸਾਬ ਨਾਲ) ਹਿੱਸਾ ਲੈ ਸਕਦਾ ਹੈ। ਸਾਰੇ ਸਕੂਲ, ਪਿੰਡ, ਸ਼ਹਿਰ, ਬਲਾਕ/ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਭਾਗ ਲੈ ਸਕਦੇ ਹਨ। ਖੇਡ ਵਿਭਾਗ ਪੰਜਾਬ ਦੀਆਂ ਰੈਜ਼ੀਡੈਂਟ ਅਕੈਡਮੀਆਂ ਦਾ ਖਿਡਾਰੀ ਆਪਣੀ ਅਕੈਡਮੀ ਵਾਲੇ ਜ਼ਿਲ੍ਹੇ ਵਿੱਚ ਇਨਾਂ 6 ਖੇਡਾਂ (ਫੁੱਟਬਾਲ, ਕਬੱਡੀ ਨੈਸ਼ਨਲ ਅਤੇ ਸਰਕਲ ਸਟਾਈਲ, ਖੋਹ ਖੋਹ, ਵਾਲੀਬਾਲ ਸ਼ੂਟਿੰਗ ਅਤੇ ਵਾਲੀਬਾਲ ਸਮੈਸਿੰਗ, ਐਥਲੈਟਿਕਸ) ਜ਼ਿਲ੍ਹਾ ਪੱਧਰੀ ਵਿੱਚ ਭਾਗ ਲੈ ਸਕਣ ਯੋਗ ਹੋਵੇਗਾ।

ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਸਬੰਧਤ ਖੇਡ ਦੀਆਂ ਰਾਸ਼ਟਰੀ ਫੈਡਰੇਸ਼ਨਾਂ ਦੁਆਰਾ ਅਪਣਾਏ ਰੂਲਜ਼ ਅਤੇ ਰੈਗੂਲੇਸ਼ਨਜ਼ ਲਾਗੂ ਕੀਤੇ ਜਾਣਗੇ। ਜ਼ਿਲ੍ਹਾ ਪੱਧਰੀ ਖੇਡਾਂ ਦੌਰਾਨ ਲੋੜ ਪੈਣ ਤੇ ਖਿਡਾਰੀਆਂ ਦਾ ਡੋਪ ਟੈਸਟ ਕਿਸੇ ਸਮੇਂ ਵੀ ਕਰਵਾਇਆ ਜਾ ਸਕਦਾ ਹੈ। ਰੈਫਰੀ ਦਾ ਫੈਸਲਾ ਅੰਤਿਮ ਹੋਵੇਗਾ। ਐਂਟਰੀ ਪੂਰੀ ਟੀਮ ਲਈ ਕੀਤੀ ਜਾਵੇਗੀ, ਨਹੀਂ ਤਾਂ ਟੀਮ ਗੇਮਾਂ ਵਿੱਚ ਅਧੂਰੀ ਟੀਮ ਐਂਟਰ ਕਰਨ/ਰਜਿਸਟ੍ਰੇਸ਼ਨ ਕਰਨ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਕੋਸ਼ਿਸ਼ ਕੀਤੀ ਜਾਵੇ ਕਿ ਟੀਮ ਦੇ ਖਿਡਾਰੀਆਂ ਦੀ ਖੇਡ ਕਿੱਟ ਇੱਕੋ ਜਿਹੀ ਹੋਵੇ। ਬਲਾਕ ਪੱਧਰ ਤੋਂ ਹਰ ਗੇਮ ਵਿੱਚ ਦੋ ਟੀਮਾਂ ਸਿਲੈਕਟ ਹੋ ਕੇ ਜ਼ਿਲ੍ਹਾ ਪੱਧਰ ਤੇ ਜਾਣਗੀਆਂ। ਜਿਨ੍ਹਾਂ ਜ਼ਿਲ੍ਹਿਆਂ ਵਿੱਚ ਬਲਾਕ ਪੰਜ ਤੋਂ ਘੱਟ ਹਨ, ਉਹ ਤਿੰਨ ਜਾ ਤਿੰਨ ਤੋਂ ਵੱਧ ਟੀਮਾਂ ਬਲਾਕ ਵਿਚੋਂ ਜ਼ਿਲ੍ਹੇ ਪੱਧਰ 'ਤੇ ਲੈ ਜਾ ਸਕਦੇ ਹਨ। ਜ਼ਿਲ੍ਹਾ ਪੱਧਰੀ ਟੂਰਨਾਮੈਂਟ ਦੀ ਆਫ ਲਾਈਨ ਐਂਟਰੀ ਖੇਡ ਵੈਨਿਊ ਤੇ ਸਵੇਰੇ 11:00 ਵਜੇ ਤੱਕ ਹੀ ਲਈ ਜਾਵੇਗੀ।ਇਸ ਉਪਰੰਤ ਕੋਈ ਵੀ ਖਿਡਾਰੀ ਦੀ ਐਂਟਰੀ ਵਿਚਾਰੀ ਨਹੀਂ ਜਾਵੇਗੀ।

26-Sep-PAGE-12.qxd 9/25/2023 11:00 PM Page 1



# ਬੀ.ਐੱਡ. ਅਧਿਆਪਕ ਫਰੰਟ ਵੱਲੋਂ ਜ਼ਿਲ੍ਹਾ ਪੱਧਰੀ ਰੋਸ ਧਰਨਾ ਅੱਜ



**ਹੁਸ਼ਿਆਰਪੁਰ (ਓ ਪੀ ਰਾਣਾ)** ਬੀ.ਐੱਡ. ਅਧਿਆਪਕ ਫਰੰਟ ਹੁਸ਼ਿਆਰਪੁਰ ਇਕਾਈ ਦੀ ਇਕ ਅਹਿਮ ਮੀਟਿੰਗ ਸੂਬਾ ਜਨਰਲ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਰਾਜਾ, ਬਲਾਕ ਪ੍ਰਧਾਨ ਹਰਬਿਲਾਸ, ਤਰਸੇਮ ਜੀਵਨ ਅਤੇ ਅਸ਼ੋਕ ਕੁਮਾਰ ਦੀ ਪ੍ਰਧਾਨਗੀ ਹੇਠ ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖੇ ਹੋਈ। ਇਸ ਮੌਕੇ ਉਕਤ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜਮਾਂ ਦੇ ਪੇਂਡੂ ਭੱਤੇ ਦੇ ਨਾਲ ਨਾਲ 36 ਤਰ੍ਹਾਂ ਦੇ ਹੋਰ ਭੱਤਿਆਂ ਵਿੱਚ ਕੀਤੀ ਕਟੌਤੀ ਨੂੰ ਲੈ ਕੇ 26 ਸਤੰਬਰ ਨੂੰ ਮਿਨੀ ਸਕੱਤਰੇਤ ਦੇ ਸਾਹਮਣੇ ਧਰਨਾ ਦਿੱਤਾ ਜਾਵੇਗਾ ਅਤੇ ਇਸ ਸਬੰਧੀ ਡੀ.ਸੀ. ਨੂੰ ਮੰਗ ਪੱਤਰ ਵੀ ਸੌਂਪਿਆ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਮੀਤ ਪ੍ਰਧਾਨ ਪਰਮਜੀਤ ਸਿੰਘ ਅਤੇ ਦੀਪਕ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਪੁਰਾਣੀ ਪੈਨਸਨ ਬਹਾਲ ਕਰਨ ਵਿੱਚ ਜਾਣਬੁੱਝ ਕੇ ਦੇਰੀ ਕਰ ਰਹੀ ਹੈ। ਇਸ ਦੇਰੀ ਕਾਰਨ ਮੁਲਾਜਮਾਂ ਵਿੱਚ ਨਿਰਾਸ਼ਾ ਵੱਧ ਰਹੀ ਹੈ ਅਤੇ ਮੁਲਾਜਮਾਂ ਵਿੱਚ ਸਰਕਾਰ ਖਿਲਾਫ ਗੁੱਸਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸਰਕਾਰ ਪੁਰਾਣੀ ਪੈਨਸ਼ਨ ਸਬੰਧੀ ਨੋਟੀਫਿਕੇਸਨ ਜਾਰੀ ਨਹੀਂ ਕਰਦੀ, ਆਉਣ ਵਾਲੇ ਦਿਨਾਂ ਵਿੱਚ ਬੀ.ਐੱਡ. ਅਧਿਆਪਕ ਫਰੰਟ ਸੰਘਰਸ਼ ਨੂੰ ਹੋਰ ਤੇਜ ਕਰਨ ਲਈ ਮਜਬੂਰ ਹੋਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਰਾਮਧਨ, ਰਵਿੰਦਰ ਰਵੀ, ਮਨਜੀਤ ਅਤੇ ਪਰਮਿੰਦਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਸਿੱਖਿਆ ਵਿਭਾਗ ਵਿੱਚ 2008 ਤੋਂ 2011 ਤੱਕ ਠੇਕੇ 'ਤੇ ਰੱਖੇ ਅਧਿਆਪਕਾਂ ਦੀ ਸੇਵਾ ਕਾਲ ਵਿੱਚ ਵਾਧਾ ਕੀਤਾ ਜਾਵੇ। ਇਸ ਸਬੰਧੀ ਬੀ.ਐੱਡ. ਅਧਿਆਪਕ ਫਰੰਟ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਫਰੰਟ ਦੀਆਂ ਜਾਇਜ਼ ਮੰਗਾਂ ਨਾ ਮੰਨੀਆਂ ਤਾਂ ਅਧਿਆਪਕ ਫਰੰਟ ਸੰਘਰਸ਼ ਨੂੰ ਹੋਰ ਤੇਜ ਕਰੇਗਾ। ਮੀਟਿੰਗ ਵਿੱਚ ਨੀਰਜ, ਦੀਪਕ, ਅਭਿਸ਼ੇਕ, ਰਵੀ, ਨਵਦੀਪ, ਅਸ਼ੋਕ, ਪਰਮਿੰਦਰ, ਤਰਸੇਮ, ਮਨਜੀਤ ਆਦਿ ਹਾਜਰ ਸਨ।

## ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਪ੍ਰੋਗਰਾਮ ਅੱਜ

**ਬਹਿਰਾਮ (ਅਵਤਾਰ ਕਲੇਰ)** ਸ਼ਹੀਦ ਭਗਤ ਸਿੰਘ ਸਿੱਖਿਆ ਸੇਵਾ ਸੁਸਾਇਟੀ ਬੰਗਾ ਦੇ ਸਹਿਯੋਗ ਨਾਲ ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਵਲੋਂ 26 ਸਤੰਬਰ ਨੂੰ ਬੀਬੀ ਅਮਰ ਕੌਰ ਯਾਦਗਾਰੀ ਹਾਲ,ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਊਂਡੇਸ਼ਨ ਖਟਕੜ ਕਲਾਂ ਵਿਖੇ ਸਾਹਿਤਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ । ਜਿਸ ਦੀ ਪ੍ਰਧਾਨਗੀ ਸ਼ਹੀਦ ਭਗਤ ਸਿੰਘ ਦੇ ਭਾਣਜਾ ਪ੍ਰੋ ਜਗਮੋਹਨ ਸਿੰਘ (ਪ੍ਰਧਾਨ ਜਮਹੂਰੀ ਅਧਿਕਾਰ ਸਭਾ ਪੰਜਾਬ) ਕਰਨਗੇ। ਪ੍ਰਧਾਨਗੀ ਮੰਡਲ ਵਿੱਚ ਸੰਦੀਪ ਸਿੰਘ (ਜ਼ਿਲ੍ਹਾ ਖੋਜ ਅਫ਼ਸਰ)ਸ ਭ ਸ ਨਗਰ,ਨਿਰਮਲ ਕੌਰ ਕੋਟਲਾ (ਪ੍ਰਧਾਨ ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ) ਸਮੇਤ ਮਨਜੀਤ ਕੌਰ ਬੋਲਾ (ਮੁੱਖ ਪ੍ਰਬੰਧਕ ਸ਼ਹੀਦ ਭਗਤ ਸਿੰਘ ਸਿੱਖਿਆ ਸੇਵਾ ਸੁਸਾਇਟੀ ਬੰਗਾ) ਸ਼ਾਮਲ ਹੋਣਗੇ । ਮਨਜੀਤ ਕੌਰ ਬੋਲਾ ਨੇ ਦੱਸਿਆ ਕਿ ਸਵੇਰੇ 9 ਵਜੇ ਤੋਂ 11ਵਜੇ ਤੱਕ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਦੇ ਕੁਇਜ਼ ਮੁਕਾਬਲੇ ਹੋਣਗੇ । ਇਸ ਮਗਰੋਂ ਕਵਿੱਤਰੀ ਦਰਬਾਰ ਸ਼ੁਰੂ ਹੋਵੇਗਾ। ਸਕੂਲਾਂ ਦੇ ਬੱਚੇ ਕੋਰੀਓਗ੍ਰਾਫ਼ੀਆਂ ਪੇਸ਼ ਕਰਨਗੇ ਅਤੇ ਨੈਸ਼ਨਲ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਬਾਅਦ ਦੁਪਹਿਰ ਉਨ੍ਹਾਂ ਵਲੋਂ ਸ਼ਹੀਦ ਭਗਤ ਸਿੰਘ ਦਾ ਘਰ ਦੇਖਣ ਲਈ ਕੂਚ ਕੀਤਾ ਜਾਵੇਗਾ ਉਨ੍ਹਾਂ ਇਹ ਵੀ ਦੱਸਿਆ ਕਿ ਈਗਲ ਆਈਜ ਚੈਨਲ ਰਾਹੀਂ ਤਾਰੀ ਲੋਧੀਪੁਰ ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਕਰਨਗੇ।

# ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਬੱਡੀ ਕੱਪ ਕਰਵਾਇਆ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਚੰਦੂ ਨੰਗਲ, ਜੌੜੀਆਂ ਖੁਰਦ ਵਿਖੇ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਦਰਬਾਰ ਟਾਹਲੀ ਸਾਹਿਬ ਵੱਲੋਂ ਮੇਲੇ ਨੂੰ ਸਮਰਪਿਤ ਕਬੱਡੀ ਕੱਪ ਕਰਵਾਇਆ ਗਿਆ। ਇਸ ਮੌਕੇ ਪੰਜਾਬ ਦੀਆਂ ਨਾਮਵਰ ਕਬੱਡੀ ਟੀਮਾਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਕੁੜੀਆਂ ਦੀ ਕਬੱਡੀ ਕਲੱਬ ਜਗਤਪੁਰਾ ਅਤੇ ਮਾਝਾ ਸਪੋਰਟਸ ਕਲੱਬ ਰਾਣੀਵਾਲਾ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ ਜਿਸ ਵਿੱਚ ਮਾਝਾ ਸਪੋਰਟਸ ਕਲੱਬ ਦੀ ਟੀਮ 40 ਅੰਕ ਲੈ ਕੇ ਜੇਤੂ ਰਹੀ। ਕਬੱਡੀ ਕਲੱਬ ਜਗਤਪੁਰਾ ਦੀ ਟੀਮ 21 ਅੰਕ ਲੈ ਕੇ ਦੂਜੇ ਸਥਾਨ 'ਤੇ ਰਹੀ। ਪ੍ਰਬੰਧਕ ਕਮੇਟੀ ਵੱਲੋਂ ਮਾਝਾ ਸਪੋਰਟਸ ਕਲੱਬ ਰਾਣੀਵਾਲਾ ਨੂੰ 13 ਹਜ਼ਾਰ ਰੁਪਏ ਅਤੇ ਕਬੱਡੀ ਕਲੱਬ ਜਗਤਪੁਰਾ ਦੀ ਟੀਮ ਨੂੰ 12 ਹਜ਼ਾਰ ਰੁਪਏ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ ਫਾਇਨਲ ਸ਼ੋਅ ਮੈਚ ਪੰਜਾਬ ਦੀਆਂ ਨਾਮੀ ਕੱਬਡੀ ਟੀਮਾਂ ਸੰਤ ਬਾਬਾ ਹਜਾਰਾ ਸਿੰਘ ਕਬੱਡੀ ਕਲੱਬ ਨੜਾਂਵਾਲੀ (ਮਾਝਾ) ਅਤੇ ਬਾਬਾ ਗੰਗਾ ਰਾਮ ਕਬੱਡੀ ਕੱਲਬ ਸੈਦੋਕੇ (ਮਾਲਵਾ) ਟੀਮਾਂ ਦਰਮਿਆਨ ਖੇਡਿਆ ਗਿਆ ਜਿਸ ਵਿੱਚ ਸੰਤ ਬਾਬਾ ਹਜਾਰਾ ਸਿੰਘ ਕਬੱਡੀ ਕਲੱਬ ਨੜਾਂਵਾਲੀ (ਮਾਝਾ) 39 ਅੰਕ ਲੈ ਕੇ ਜੇਤੂ ਰਹੀ। ਜੇਤੂ ਟੀਮਾਂ ਨੂੰ ਪ੍ਰਬੰਧਕ ਕਮੇਟੀ ਦਰਬਾਰ ਟਾਹਲੀ ਸਾਹਿਬ ਵੱਲੋਂ 51 ਹਜ਼ਾਰ ਰੁਪਏ ਤੇ ਦੂਜੇ ਸਥਾਨ ਤੇ ਰਹਿਣ ਵਾਲੀ ਬਾਬਾ ਗੰਗਾ ਰਾਮ ਕਬੱਡੀ ਕਲੱਬ ਸੈਦੋਕੇ (ਮਾਲਵਾ) ਨੂੰ 41 ਹਜ਼ਾਰ ਰੁਪਏ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਿਕਰਮ ਸਿੰਘ ਐੱਸਐੱਚਓ ਡੇਰਾ ਬਾਬਾ ਨਾਨਕ, ਪ੍ਰਧਾਨ ਗੁਰਨਾਮ ਸਿੰਘ, ਸਰਪੰਚ ਹਰਦੀਪ ਸਿੰਘ, ਸਾਬਕਾ ਸਰਪੰਚ ਜਗਦੀਪ ਸਿੰਘ, ਸਰਪੰਚ ਪਲਵਿੰਦਰ ਸਿੰਘ, ਸਾਬਕਾ ਸਰਪੰਚ ਸੁਲੱਖਣ ਸਿੰਘ, ਅਰਵਿੰਦਰ ਸਿੰਘ ਸੋਨਾ, ਗੁਰਦੀਪ ਸਿੰਘ ਬਿੱਟਾ, ਸੂਬੇਦਾਰ ਕੁਲਵਿੰਦਰ ਸਿੰਘ, ਹਰਮੀਤ ਸਿੰਘ ਪੇਟ ਵਾਲੇ, ਸਮਸੇਰ ਸਿੰਘ ਸ਼ੇਰਾ, ਪਲਵਿੰਦਰ ਸਿੰਘ ਮੁਨਸ਼ੀ, ਰਿੰਕੂ ਨੰਬਰਦਾਰ, ਸੁਖਦੇਵ ਸਿੰਘ ਪੱਪਾ, ਜੋਗਾ ਸਿੰਘ, ਜੋਗਿੰਦਰ ਸਿੰਘ, ਸੁਖਦੀਪ ਸਿੰਘ ਰੰਧਾਵਾ, ਅਵਤਾਰ ਸਿੰਘ, ਗੁਰਪਿੰਦਰ ਗੋਲਡੀ ਚੰਦੂ ਨੰਗਲ, ਦਵਿੰਦਰ ਸਿੰਘ, ਲਵਪ੍ਰੀਤ ਸਿੰਘ ਰਜਵੰਤ ਸਿੰਘ, ਸਰਵਣ ਸਿੰਘ, ਕੋਚ ਸੁੱਖਾ ਚਾਕਾਂਵਾਲੀ, ਕੋਚ ਭਿੰਡਾ ਸ਼ਿਕਾਰ ਮਾਛੀਆਂ, ਬਲਵੰਤ ਸਿੰਘ, ਜਸਵਿੰਦਰ ਸਿੰਘ, ਸੁਖਦੀਪ ਸਿੰਘ, ਗੁਰਪ੍ਰੀਤ ਸਿੰਘ ਬੱਬੂ, ਸਰਬਜੋਤ ਸਿੰਘ, ਸੰਤੋਖ ਸਿੰਘ ਪੱਪੀ, ਸ਼ਮਸ਼ੇਰ ਚੱਠਾ, ਵਿਸ਼ਾਲ ਡੁਗਰਾਲੇ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਤੇ ਖੇਡ ਪ੍ਰੇਮੀ ਹਾਜ਼ਰ ਸਨ। ਇਸ ਮੌਕੇ ਪ੍ਰਬੰਧਕਾਂ ਵੱਲੋਂ ਅਤੁੱਟ ਲੰਗਰ ਵੀ ਵਰਤਾਇਆ ਗਿਆ।

## ਭਗਵਾਨ ਵਾਲਮੀਕ ਨੌਜਵਾਨ ਸਭਾ ਦੀ ਮੀਟਿੰਗ

**ਨੂਰਮਹਿਲ (ਬਾਲ ਕ੍ਰਿਸਨ ਬਾਲੀ)** ਭਗਵਾਨ ਵਾਲਮੀਕ ਨੌਜਵਾਨ ਸਭਾ ਦੇ ਪ੍ਰਧਾਨ ਮਨੀਸ਼ ਗਿੱਲ ਕਾਲੀ ਦੀ ਅਗਵਾਈ 'ਚ ਮੁਹੱਲਾ ਵਾਲਮੀਕ ਗੇਟ ਮੀਟਿੰਗ ਕੀਤੀ ਗਈ, ਜਿਸ 'ਚ ਕੌਂਸਲਰ ਨੰਦ ਕਿਸ਼ੋਰ ਗਿੱਲ ਐਸ ਐਮ ਸੀ ਰਾਜ ਕੁਮਾਰ ਸਹੋਤਾ, ਬੱਬੂ ਗਿੱਲ , ਬੱਬਾ ਸਹੋਤਾ, ਸਨੀ ਭੱਟੀ, ਅਜੇ ਭੱਟੀ ਵਿਨੇ ਗਿੱਲ, ਸੋਨੀ ਮੱਟੂ, ਦਿਨੇਸ਼ ਗਿੱਲ, ਮਨੋਜ ਸੋਧੀ, ਜਿੰਮੀ ਨਾਹਰ, ਅਨੂਪ ਕੁਮਾਰ, ਵਿਜੈ ਸੋਧੀ ਨੇ ਆਪਣੇ ਵਿਚਾਰ ਰੱਖੇ ਅਤੇ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ 15 ਅਕਤੂਬਰ ਨੂੰ ਪਹਿਲੀ ਪ੍ਰਭਾਤ ਫੇਰੀ ਸ਼ੁਰੂ ਕੀਤੀ ਜਾਵੇਗੀ 27 ਅਕਤੂਬਰ ਨੂੰ ਵਿਸ਼ਾਲ ਸੋਭਾ ਯਾਤਰਾ ਕੱਢੀ ਜਾਵੇਗੀ 28 ਅਕਤੂਬਰ ਨੂੰ ਪੁਰਾਣੇ ਬੱਸ ਅੱਡੇ ਲੰਗਰ ਲਗਾਇਆ ਜਾਵੇਗਾ ਅਤੇ 29 ਅਕਤੂਬਰ ਨੂੰ ਸਤਿਸੰਗ ਕਰਵਾਇਆ ਜਾਵੇਗਾ। ਇਸ ਮੌਕੇ ਕੱਛੂ ਭੰਡਾਲ, ਅਸੀਸ ਗਿੱਲ, ਸੋਰਬ ਸਹੋਤਾ, ਕਾਸੀ ਨਾਹਰ, ਮੁਨਾ ਗਿੱਲ, ਰੋਹਿਤ ਨਾਹਰ, ਅਮਿਤ ਗਿੱਲ, ਗਾਗੜੀ ਗਿੱਲ, ਬਾਜ ਸੋਧੀ, ਸੈਮ ਗਿੱਲ, ਅਕਾਸ ਸਹੋਤਾ, ਵਿਜੈ ਸਹੋਤਾ ਅਤੇ ਸਮੂਹ ਮੈਂਬਰ ਹਾਜ਼ਰ ਸਨ।



## ਦਸਵੀਂ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ




**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਦੇਵ ਸਿੰਘ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ 1710 ਈ: ਵਿੱਚ ਸਿੱਖ ਰਾਜ ਦੀ ਸਥਾਪਨਾ ਕਰਨ ਬਾਰੇ ਅਤੇ 18ਵੀਂ ਸਦੀ ਵਿੱਚ ਜਬਰ ਅਤੇ ਜ਼ੁਲਮ ਖਿਲਾਫ ਸਮੂਹ ਸ਼ਹੀਦ ਸਿੰਘਾਂ ਵੱਲੋਂ ਪ੍ਰਾਪਤ ਕੀਤੀਆਂ ਅਦੁੱਤੀ ਅਤੇ ਲਾਸਾਨੀ ਸ਼ਹਾਦਤਾਂ ਬਾਰੇ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਜਾਣੂ ਕਰਵਾਇਆ। ਭਾਈ ਲਖਵਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਖੰਡੇ ਬਾਟੇ ਦੀ ਅੰਮ੍ਰਿਤ ਦੀ ਮਹੱਤਤਾ ਦਸਦੇ ਹੋਏ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਇਸ ਤੋਂ ਇਲਾਵਾ ਸ਼੍ਰੋਮਣੀ ਪ੍ਰਚਾਰਕ ਭਾਈ ਰਜਿੰਦਰ ਸਿੰਘ ਦਮਦਮੀ ਟਕਸਾਲ, ਭਾਈ ਸਤਪਾਲ ਸਿੰਘ ਗੁਰਦੁਆਰਾ ਸ੍ਰੀ ਮਸਤੁਆਣਾ ਸਾਹਿਬ ਸੰਗਰੂਰ, ਭਾਈ ਨਵਰੰਗ ਸਿੰਘ ਦਾ ਇੰਟਰਨੈਸ਼ਨ ਢਾਡੀ ਜੱਥਾ, ਭਾਈ ਸਿਮਰਨਜੀਤ ਸਿੰਘ , ਭਾਈ ਰਾਜਬੀਰ ਸਿੰਘ ਹਜ਼ੂਰੀ ਰਾਗੀ ਗੁ. ਦੁੱਖ ਨਿਵਾਰਨ ਸਾਹਿਬ ਪਟਿਆਲਾ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖ਼ਸ਼ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਜਰਨੈਲ ਸਿੰਘ, ਭਾਈ ਜਸਵਿੰਦਰ ਸਿੰਘ ਅਤੇ ਭਾਈ ਜਸਵੰਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ।

## ਨਰਿੰਦਰ ਬੀਬਾ ਯਾਦਗਾਰੀ ਸੱਭਿਆਚਾਰਕ ਮੇਲੇ 'ਚ 5 ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਜਾਵੇਗਾ : ਨਿਧੜਕ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : ਪਿੰਡ ਸਾਦਿਕਪੁਰ ਵਿਖੇ ਕਰਵਾਏ ਜਾ ਰਹੇ 25ਵੇਂ ਨਰਿੰਦਰ ਬੀਬਾ ਯਾਦਗਾਰੀ ਅੰਤਰਰਾਸ਼ਟਰੀ ਸੱਭਿਆਚਾਰਕ ਮੇਲੇ ਵਿੱਚ ਵੱਖ ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ 5 ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਉਕਤ ਜਾਣਕਾਰੀ ਮੇਲੇ ਦੇ ਮੁੱਖ ਸੰਚਾਲਕ ਤੇ ਸੱਭਿਆਚਾਰਕ ਮੇਲਿਆਂ ਦੇ ਬਾਦਸ਼ਾਹ ਗੁਰਨਾਮ ਸਿੰਘ ਨਿਧੜਕ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਜਿੱਥੇ ਰਾਜ ਗਾਇਕ ਹੰਸ ਰਾਜ ਹੰਸ ਨੂੰ ਸਨਮਾਨਤ ਕੀਤਾ ਜਾਵੇਗਾ ਉੱਥੇ ਬਾਬਲ ਦਾ ਵਿਹੜਾ ਫਿਲਮ ਦੀ ਹੀਰੋਇਨ ਅਰਪਿਤਾ ਸਿੰਘ ਨੂੰ ਧੀ ਪੰਜਾਬ ਦੀ ਐਵਾਰਡ, ਸੂਫੀ ਗਾਇਕੀ ਦੇ ਬਾਦਸ਼ਾਹ ਕੁਲਵਿੰਦਰ ਸ਼ਾਹਕੋਟੀ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ, ਪੰਜਾਬ ਵਿੱਚ ਨਸ਼ਿਆਂ ਦੀਆਂ ਸਭ ਤੋਂ ਵੱਡੀਆਂ ਖੇਪਾਂ ਫੜਨ ਵਾਲੇ ਇਸਪੈਕਟਰ ਸੁਰਿੰਦਰ ਕੁਮਾਰ ਕੰਬੋਜ ਨੂੰ ਮਾਣ ਪੰਜਾਬ ਦਾ ਐਵਾਰਡ ਤੇ ਮਾਰਕੀਟ ਕਮੇਟੀ ਸ਼ਾਹਕੋਟ ਦੇ ਸਕੱਤਰ ਤਜਿੰਦਰ ਕੁਮਾਰ ਨੂੰ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਗੁਰਨਾਮ ਸਿੰਘ ਨਿਧੜਕ ਤੋਂ ਇਲਾਵਾ ਸੰਗੀਤਕਾਰ ਸੁਖਪਾਲ ਸਿੰਘ ਦੇਵਗੁਣ, ਫਾਰਮੇਸੀ ਅਫਸਰ ਸ਼ਾਹਕੋਟ ਤਰਨਦੀਪ ਸਿੰਘ ਰੂਬੀ, ਬਲਬੀਰ ਸਿੰਘ ਧੰਜੂ, ਗਜਲ ਗਾਇਕ ਰਸੀਦ ਮਸੀਹ, ਬਲਾਕ ਸੰਮਤੀ ਮੈਂਬਰ ਜਸਵਿੰਦਰ ਸਿੰਘ ਰਾਮਪੁਰ, ਸਤਿੰਦਰਪਾਲ ਸਿੰਘ ਸਰਪੰਚ ਨਰੰਗਪੁਰ, ਲੋਕ ਗਾਇਕ ਗਾਮਾ ਫਕੀਰ, ਨੀਲੂ ਬੇਗਮ, ਅਸ਼ੋਕ ਗਿੱਲ, ਗੁਰਮੇਲ ਭੰਗਾਣੀਆ, ਬਲਬੀਰ ਸ਼ੇਰਪੁਰੀ, ਪੱਪੂ ਸੰਗਲਾਂ ਤੋਂ ਇਲਾਵਾ ਹੋਰ ਸੰਗੀਤ ਪ੍ਰੇਮੀ ਹਾਜਰ ਸਨ।



ਬਨਾਸਰ ਬਾਗ ਸੰਗਰੂਰ ਵਿਖੇ ਕੁਦਰਤ ਤੇ ਜਾਈਏ ਬਲਾਰੇ ਆਪੇ ਉੱਗੇ ਘਾਹ ਦੇ ਫੁੱਲ ਮਨਮੋਹਕ ਦ੍ਰਿਸ਼ ਪੈਦਾ ਕਰਦੇ ਹੋਏ। (ਫੋਟੋ ਤੇ ਵੇਰਵਾ : ਫਤਿਹ ਪ੍ਰਭਾਕਰ, ਸੰਗਰੂਰ)

# ਐੱਚ ਪੀ ਮਾਡਲ ਸਕੂਲ ਸੰਗੋਵਾਲ ਦੀ ਜੋਨਲ ਟੂਰਨਾਮੈਂਟ 'ਚ ਹੂੰਝਾ ਫੇਰ ਜਿੱਤ




**ਮਹਿਤਪੁਰ (ਰਾਜਾ)**— ਨਕੋਦਰ 01ਜੋਨ ਨੰਬਰ - 12 ਲੜਕਿਆਂ ਦੇ ਖੇਡ ਮੁਕਾਬਲੇ ਪਿਛਲੇ ਦਿਨੀਂ ਜੀ. ਜੀ. ਐਚ. ਜੀ. ਬੇਟ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਵਿਖੇ ਸਮਾਪਤ ਹੋਏ । ਜਿਸ ਵਿੱਚ ਐਚ. ਪੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ। ਹੈਂਡਬਾਲ ਟੀਮ ਨੇ ਅੰਡਰ- 14 ਅੰਡਰ - 17 ਅਤੇ ਅੰਡਰ - 19 ਵਿੱਚ ਪਹਿਲੀ ਪੁਜੀਸ਼ਨ ਹਾਸਿਲ ਕੀਤੀ ਅਤੇ ਵਾਲੀਬਾਲ ਅੰਡਰ -17 ਅਤੇ ਬੈਡਮਿੰਟਨ ਅੰਡਰ- 17 ਵਿੱਚ ਤੀਸਰੀ ਪੁਜੀਸ਼ਨ ਹਾਸਿਲ ਕੀਤੀ। ਇਸੇ ਤਰ੍ਹਾਂ ਲੜਕੀਆਂ ਨੇ ਵੀ ਅੰਡਰ - 17 ਹੈਂਡਬਾਲ ਵਿੱਚ ਪਹਿਲੀ ਪੁਜੀਸ਼ਨ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਸੰਦੀਪ ਕੌਰ ਅਤੇ ਪ੍ਰੈਜੀਡੈਂਟ ਹਰਪ੍ਰੀਤ ਸਿੰਘ ਨੇ ਬੱਚਿਆਂ ਦੇ ਮਾਤਾ ਪਿਤਾ ਅਤੇ ਸਕੂਲ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਮੈਡਮ ਸਤਿੰਦਰ ਕੌਰ, ਸੁਮਨ, ਪ੍ਰਿਆ, ਮਨਜੋਤ ਕੌਰ, ਹਨੀ, ਸਰਬਜੀਤ ਸਿੰਘ ਆਦਿ ਹਾਜ਼ਰ ਸਨ।

# ਸਹਿਕਾਰੀ ਬਹੁ-ਮੰਤਵੀ ਸਭਾ ਜੱਸੋਮਜਾਰਾ ਵਿਖੇ ਮੁਨਾਫਾ ਵੰਡ ਸਮਾਗਮ



**ਮੇਹਲੀ (ਗੁਰਨਾਮ)** ਸਹਿਕਾਰੀ ਸਭਾਵਾਂ ਅਤੇ ਖਾਤਾਧਾਰਕਾਂ ਦਾ ਨੂੰਹ ਮਾਸ ਦਾ ਰਿਸ਼ਤਾ ਹੁੰਦਾ ਹੈ। ਸਹਿਕਾਰੀ ਸਭਾਵਾਂ ਨੂੰ ਅਮਾਨਤਾ ਦੇ ਨਾਲ-ਨਾਲ ਹੋਰ ਵੀ ਕੰਮ ਕਰਨੇ ਚਾਹੀਦੇ ਹਨ ਅਤੇ ਮੈਂਬਰਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨਾ ਚਾਹੀਦਾ ਹੈ। ਇਹ ਸ਼ਬਦ ਸਹਿਕਾਰੀ ਬਹੁ-ਮੰਤਵੀ ਸਭਾ ਜੱਸੋਮਜਾਰਾ ਦੇ ਪ੍ਰਧਾਨ ਬਲਦੇਵ ਸਿੰਘ ਰਾਣੂੰ ਨੇ ਮੁਨਾਫਾ ਵੰਡ ਸਮਾਗਮ ਮੌਕੇ ਆਖੇ। ਉਨ੍ਹਾ ਕਿਹਾ ਕਿ ਪਿਛਲੇ ਸਮੇਂ ਤੋਂ ਉਕਤ ਸਭਾ ਵਿੱਚ ਐਫ.ਡੀ ਬੰਦ ਸੀ ਜੋ ਕਮੇਟੀ ਦੇ ਸਹਿਯੋਗ ਨਾਲ ਆਰੰਭ ਕੀਤੀ ਗਈ, ਪੈਸੇ ਲੈਣ-ਦੇਣ ਦਾ ਸਮਾਂ ਵਧਾ ਕੇ 4:30 ਵਜੇ ਤੱਕ ਕੀਤਾ, 20% ਮੁਨਾਫਾ ਖਾਤਾਧਾਰਕਾ ਦੇ ਖਾਤੇ 'ਚ ਪਾਇਆ ਜਾਵੇਗਾ, ਸਭਾ ਨੇ ਪ੍ਰਾਈਵੇਟ ਦਵਾਈਆ ਖਰੀਦਣੀਆਂ ਬੰਦ ਕੀਤੀਆਂ ਅਤੇ ਬਿਲਡਿੰਗ ਨੂੰ ਨਵੀਨੀਕਰਨ ਕੀਤਾ। ਉਪਰੰਤ ਖਾਤਾਧਾਰਕਾ ਅਤੇ ਕਮੇਟੀ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਇੰਸਪੈਕਟਰ ਅਰਸ਼ਦੀਪ ਸਿੰਘ, ਪ੍ਰਧਾਨ ਬਲਦੇਵ ਸਿੰਘ ਰਾਣੂੰ, ਸੀਨੀਅਰ ਮੀਤ ਪ੍ਰਧਾਨ ਕਸ਼ਮੀਰਾ ਸਿੰਘ ਚੱਕ ਮੰਡੇਰ, ਜੂਨੀਅਰ ਮੀਤ ਪ੍ਰਧਾਨ ਹਰਨੇਕ ਸਿੰਘ ਰਾਣਾ ਜੱਸੋਮਜਾਰਾ, ਕੇਵਲ ਸਿੰਘ ਰਾਣਾ ਚੱਕ ਮੰਡੇਰ, ਦੀਦਾਰ ਸਿੰਘ ਮੁੰਨਾ, ਕੁਲਵਿੰਦਰ ਸਿੰਘ ਜੱਸੋਮਜਾਰਾ, ਜਗੀਰ ਸਿੰਘ ਮੁੰਨਾ, ਕੁਲਵੀਰ ਸਿੰਘ ਮੁੰਨਾ, ਸੈਕਟਰੀ ਜਸਵਿੰਦਰ ਸਿੰਘ, ਅਮਰੀਕ ਸਿੰਘ ਪੰਚ, ਹਰਜਿੰਦਰ ਸਿੰਘ ਕਾਕਾ, ਬੀਬੀ ਦਵਿੰਦਰ ਕੌਰ, ਬੀਬੀ ਗੁਰਬਖਸ਼ ਕੌਰ, ਬੀਬੀ ਬਲਵਿੰਦਰ ਕੌਰ, ਗਿਆਨੀ ਨਾਜਰ ਸਿੰਘ ਜੱਸੋਮਜਾਰਾ, ਗੁਰਿੰਦਰ ਸਿੰਘ ਚੱਕ ਮੰਡੇਰ, ਪਲਵਿੰਦਰ ਸਿੰਘ ਅਟਵਾਲ, ਗਿਆਨ ਚੰਦ ਸੰਮਤੀ ਮੈਂਬਰ, ਗੁਰਦੇਵ ਸਿੰਘ, ਬਲਵੀਰ ਸਿੰਘ, ਚੂਹੜ ਸਿੰਘ, ਕੁਲਵੀਰ ਸਿੰਘ, ਸੰਤੋਖ ਸਿੰਘ, ਪਵਨ ਕੁਮਾਰ, ਹਰਮੇਲ ਸਿੰਘ, ਮੱਖਣ ਸਿੰਘ, ਕੈਪਟਨ ਰਣਜੀਤ ਸਿੰਘ, ਹਰਭਜਨ ਸਿੰਘ ਆਦਿ ਹਾਜ਼ਰ ਸਨ।

## ਐੱਸ ਡੀ ਕਾਲਜ ਦੀਆਂ ਵਿਦਿਆਰਥਣਾਂ ਵਿਦਿਅਕ ਟੂਰ ਲਗਾਇਆ




**ਸੁਲਤਾਨਪੁਰ ਲੋਧੀ (ਹਨੀ)**- ਐਸ.ਡੀ.ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਦੇ ਐਨ.ਐਸ.ਐਸ ਵਿਭਾਗ ਵਲੋਂ ਕਾਲਜ ਦੀਆਂ ਵਿਦਿਆਰਥਣਾਂ ਲਈ ਇਕ ਦਿਨਾਂ ਵਿਦਿਅਕ ਟੂਰ ਦਾ ਆਯੋਜਨ ਕੀਤਾ ਗਿਆ । ਵਿਦਿਆਰਥੀ ਜੀਵਨ ਵਿੱਚ ਵਿੱਦਿਅਕ ਟੂਰ ਆਪਣੀ ਖਾਸ ਥਾਂ ਰੱਖਦੇ ਹਨ ਇਨਾਂ ਦੀ ਵਿਦਿਆਰਥੀ ਜੀਵਨ ਵਿੱਚ ਪੜ੍ਹਾਈ ਦੇ ਨਾਲ ਨਾਲ ਬਹੁਤ ਮਹੱਤਤਾ ਹੈ। ਇਸ ਨਾਲ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਤੋਂ ਇਲਾਵਾ ਵਿਵਾਰਿਕ ਗਿਆਨ, ਮਿਲ ਜੁਲ ਕੇ ਰਹਿਣ ਬਾਰੇ ਪਤਾ ਲੱਗਦਾ ਹੈ। ਇਸ ਤਰ੍ਹਾਂ ਕਿਤਾਬੀ ਪੜ੍ਹਾਈ ਦੇ ਨਾਲ ਵਿਦਿਅਕ ਟੂਰ ਵੀ ਜਰੂਰੀ ਹਨ। ਇਸ ਮਨੋਰਥ ਨਾਲ ਪੰਜਾਬੀ ਸੱਭਿਆਚਾਰ ਬਾਰੇ ਜਾਣਕਾਰੀ ਹਾਸਲ ਕਰਨ ਲਈ ਵਿਦਿਆਰਥੀਆਂ ਨੂੰ ਹਵੇਲੀ ਵੀ ਲਿਜਾਇਆ ਗਿਆ। ਇਸ ਮੌਕੇ ਵਿਦਿਆਰਥਣਾਂ ਨਾਲ ਮੈਡਮ ਰਾਜਬੀਰ ਕੌਰ, ਕਸ਼ਮੀਰ ਕੌਰ, ਸੁਨੀਤਾ ਕਲੇਰ ਆਦਿ ਸਟਾਫ਼ ਮੈਂਬਰ ਹਾਜਰ ਸਨ ।

## ਜੋਗਿੰਦਰ ਸਿੰਘ ਮਾਨ ਨੇ ਪਿੰਡ ਖੇੜਾ ਵਿਖੇ ਸ਼ੁਰੂ ਕਰਵਾਏ ਵਿਕਾਸ ਦੇ ਕੰਮ



**ਫਗਵਾੜਾ (ਰਮਨ)** ਵਿਧਾਨ ਸਭਾ ਹਲਕਾ ਫਗਵਾੜਾ ਦੇ ਪਿੰਡ ਖੇੜਾ ਵਿਖੇ ਵਿਕਾਸ ਦੀਆਂ ਲੀਹਾਂ ਨੂੰ ਅੱਗੇ ਤੋਰਦੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ 1.75 ਲੱਖ ਰੁਪਏ ਦੀ ਲਾਗਤ ਨਾਲ ਗੰਦੇ ਪਾਣੀ ਦੇ ਨਿਕਾਸ ਪ੍ਰਬੰਧਾਂ ਅਤੇ ਕੱਚੀਆਂ ਗਲੀਆਂ ਨੂੰ ਇੰਟਰਲਾਕ ਟਾਇਲਾਂ ਨਾਲ ਪੱਕੀਆਂ ਕਰਨ ਦੇ ਕੰਮ ਦੀ ਸ਼ੁਰੂਆਤ ਕਾਰਵਾਈ। ਮਾਨ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪਿੰਡ ਦੇ ਸਾਰੇ ਅਧੂਰੇ ਵਿਕਾਸ ਕਾਰਜਾਂ ਨੂੰ ਵਾਰੋ ਵਾਰੀ ਪੂਰਾ ਕਰਵਾਇਆ ਜਾਵੇਗਾ। ਇਸ ਤੋਂ ਪਹਿਲਾਂ ਪਿੰਡ ਪੁੱਜਣ 'ਤੇ ਸੁਰਿੰਦਰ ਕੁਮਾਰ ਸਰਪੰਚ ਦੀ ਅਗਵਾਈ ਹੇਠ ਜੋਗਿੰਦਰ ਸਿੰਘ ਮਾਨ ਤੋਂ ਇਲਾਵਾ ਸੀਨੀਅਰ ਆਗੂ ਦਲਜੀਤ ਸਿੰਘ ਰਾਜੂ, ਬੀ.ਡੀ.ਪੀ.ਓ. ਰਾਮਪਾਲ ਰਾਣਾ, ਅਮਨਦੀਪ ਜੇ.ਈ, ਮਲਕੀਤ ਚੰਦ ਪੰਚਾਇਤ ਸਕੱਤਰ ਸਮੇਤ ਹੋਰਨਾਂ ਦਾ ਸਮੂਹ ਪਿੰਡ ਵਾਸੀਆਂ ਵਲੋਂ ਨਿੱਘਾ ਸਵਾਗਤ ਕੀਤਾ ਅਤੇ ਕਿਹਾ ਕਿ ਸੀਵਰੇਜ ਦੀ ਨਿਕਾਸੀ ਨਾ ਹੋਣ ਕਰਕੇ ਉਹ ਨਰਕ ਭਰੀ ਜਿੰਦਗੀ ਜੀਉਣ ਲਈ ਮਜਬੂਰ ਸਨ। ਬਰਸਾਤੀ ਮੌਸਮ 'ਚ ਕੱਚੀਆਂ ਗਲੀਆਂ ਤੋਂ ਲੰਘਣਾ ਬੜਾ ਮੁਸ਼ਕਲ ਸੀ। ਹੁਣ ਸੀਵਰੇਜ ਦੀ ਵਿਵਸਥਾ ਹੋਣ ਅਤੇ ਪੱਕੀਆਂ ਗਲੀਆਂ ਬਣਨ ਦੇ ਨਾਲ ਉਹਨਾਂ ਨੂੰ ਬਹੁਤ ਰਾਹਤ ਮਿਲੇਗੀ। ਇਸ ਮੌਕੇ ਅਮਰਜੀਤ ਸਿੰਘ ਸਾਬਕਾ ਸਰਪੰਚ, ਮੋਨਿਕਾ ਖੇੜਾ, ਰਣਜੀਤ ਸਿੰਘ ਪੰਚ, ਰਮੇਸ਼ ਕੁਮਾਰ, ਮਨਦੀਪ ਕੁਮਾਰ, ਸਨੀ ਕੁਮਾਰ, ਹਰਵਿੰਦਰ ਸਿੰਘ, ਬਲਜੀਤ ਸਿੰਘ ਨੰਬਰਦਾਰ, ਬਲਵਿੰਦਰ ਰਾਮ ਸਾਬਕਾ ਪੰਚ ਆਦਿ ਹਾਜਰ ਸਨ।

# ਸ਼ਹੀਦ ਸੋਹਣ ਸਿੰਘ ਢੇਸੀ ਦੀ 34ਵੀਂ ਬਰਸੀ ਮੌਕੇ ਰਾਜਨੀਤਕ ਕਾਨਫਰੰਸ




**ਗੁਰਾਇਆ/(ਬਿੰਦਰ ਸੁੰਮਨ)**-ਸ਼ਹੀਦ ਸੋਹਣ ਸਿੰਘ ਢੇਸੀ ਦੀ 34ਵੀਂ ਬਰਸੀ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਵਲੋਂ ਰਾਜਨੀਤਕ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਦੇਸ਼ ਦੀ ਰਾਜਨੀਤੀ ਅੱਜ ਅਹਿਮ ਮੋੜ 'ਤੇ ਖੜੀ ਹੈ, ਜਿਥੋਂ ਦੇਸ਼ ਲਈ ਹੀ ਖਤਰਾ ਖੜਾ ਹੋ ਗਿਆ। ਇੱਕ ਪਾਸੇ ਕਾਰਪੋਰੇਟਾਂ ਵਲੋਂ ਹੱਲੇ ਬੋਲੇ ਜਾ ਰਹੇ ਹਨ ਅਤੇ ਦੂਜੇ ਪਾਸੇ ਬੀਜੇਪੀ ਨੇ ਮੋਦੀ ਦੀ ਅਗਵਾਈ ਹੇਠ ਘੱਟ-ਗਿਣਤੀਆਂ, ਦਲਿਤਾਂ ਤੇ ਔਰਤਾਂ ਲਈ ਖਤਰੇ ਖੜੇ ਕਰ ਦਿੱਤੇ ਹਨ। ਮੋਦੀ ਨੇ ਇੱਕ ਦੇਸ਼ ਅਤੇ ਇੱਕ ਚੋਣ ਦੇ ਨਾਂਅ ਹੇਠ ਸੰਵਿਧਾਨਕ ਕਦਰਾਂ ਕੀਮਤਾਂ ਨੂੰ ਰੋਲ ਕੇ ਰੱਖ ਦਿੱਤਾ ਹੈ। ਸੰਵਿਧਾਨ ਦੀਆਂ ਬੁਨਿਆਦੀ ਸੰਥਾਪਨਾਵਾਂ ਨੂੰ ਤੋੜਿਆ ਜਾ ਰਿਹਾ ਹੈ। ਕਾਨਫਰੰਸ 'ਚ ਸ਼ਹੀਦ ਸਰਵਣ ਸਿੰਘ ਚੀਮਾ ਸਮੇਤ ਹੋਰ ਸ਼ਹੀਦਾਂ ਅਤੇ ਵਿਛੜੇ ਸਾਥੀਆਂ ਨੂੰ ਵੀ ਯਾਦ ਕੀਤਾ ਗਿਆ। ਕਾਨਫਰੰਸ ਦੀ ਪ੍ਰਧਾਨਗੀ ਸਰਪੰਚ ਮਨੋਜ ਕੁਮਾਰ, ਨੰਬਰਦਾਰ ਰਾਮ ਲੁਭਾਇਆ, ਬਲਵਿੰਦਰ ਸਿੰਘ, ਪੰਚ ਹਰਨੇਕ ਸਿੰਘ ਨੇ ਕੀਤੀ। ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਸ਼ਹੀਦੀ ਮਿਨਾਰ 'ਤੇ ਉਚੇਚੇ ਤੌਰ 'ਤੇ ਹਾਜਰੀ ਲਵਾਈ। ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਜਨਰਲ ਸਕੱਤਰ ਧਰਮਿੰਦਰ ਸਿੰਘ ਨੇ ਕਿਹਾ ਕਿ ਦੇਸ਼ ਦੇ ਨੌਜਵਾਨ ਵਿਦੇਸ਼ਾਂ ਵੱਲ ਨੂੰ ਭੱਜ ਰਹੇ ਹਨ ਕਿਉਂਕਿ ਦੇਸ਼ ਦੇ ਅੰਦਰ ਰੁਜਗਾਰ ਨਹੀਂ ਮਿਲ ਰਿਹਾ। ਉਨ੍ਹਾਂ 28 ਸਤੰਬਰ ਨੂੰ ਖਟਕੜ ਕਲਾਂ ਵੱਲ ਮਾਰਚ ਕਰਨ ਦਾ ਸੱਦਾ ਦਿੱਤਾ। ਕਾਨਫਰੰਸ ਨੂੰ ਪੀਐਸਐਫ ਦੇ ਸੂਬਾ ਆਗੂ ਰਵਿੰਦਰ ਰਵੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਲਈ ਪੜ੍ਹਾਈ ਨਹੀਂ ਹੈ। ਪੰਜਾਬ ਦੇ ਨੌਜਵਾਨ ਕਾਲਜ ਖਾਲੀ ਕਰਕੇ ਵਿਦੇਸ਼ਾਂ ਵੱਲ ਭੱਜ ਰਹੇ ਹਨ। ਕਾਨਫਰੰਸ ਨੂੰ ਦਿਹਾਤੀ ਮਜਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਪਰਮਜੀਤ ਰੰਧਾਵਾ, ਮੁਲਾਜਮਾਂ ਦੇ ਆਗੂ ਸ਼ਿਵ ਕੁਮਾਰ ਤਿਵਾੜੀ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਸੰਤੋਖ ਸਿੰਘ ਬਿਲਗਾ, ਤਹਿਸੀਲ ਸਕੱਤਰ ਡਾ. ਸਰਬਜੀਤ ਮੁਠੱਡਾ ਨੇ ਵੀ ਸੰਬੋਧਨ ਕੀਤਾ। ਸ਼ਹੀਦ ਸੋਹਣ ਸਿੰਘ ਢੇਸੀ ਦੇ ਛੋਟੇ ਭਰਾ ਅਤੇ ਆਰਐਮਪੀਆਈ ਦੇ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਢੇਸੀ ਨੇ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵਲੋਂ ਲੋਕਾਂ ਦੇ ਮਸਲਿਆਂ ਦੇ ਹੱਲ ਲਈ ਲੋਕਾਂ ਨੂੰ ਇਕੱਠੇ ਕਰਕੇ ਘੋਲ ਹੋਰ ਤੇਜ ਕੀਤਾ ਜਾਵੇਗਾ। ਇਸ ਮੌਕੇ ਸ਼ਹੀਦ ਸੋਹਣ ਸਿੰਘ ਢੇਸੀ ਦੀ ਜੀਵਨ ਸਾਥਣ ਅਜਮੇਰ ਕੌਰ, ਆਰਐਮਪੀਆਈ ਦੇ ਤਹਿਸੀਲ ਪ੍ਰਧਾਨ ਸਰਬਜੀਤ ਸੰਗੋਵਾਲ, ਤਹਿਸੀਲ ਖਜਾਨਚੀ ਜਰਨੈਲ ਫਿਲੌਰ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਮਨਜਿੰਦਰ ਸਿੰਘ ਢੇਸੀ, ਕੁਲਦੀਪ ਫਿਲੌਰ, ਮੇਜਰ ਫਿਲੌਰ, ਕੁਲਜਿੰਦਰ ਤਲਵਣ, ਬਲਬੀਰ ਬੀਰੀ, ਮੱਖਣ ਸੰਗਰਾਮੀ, ਪ੍ਰਸ਼ੋਤਮ ਫਿਲੌਰ, ਕੁਲਜਿੰਦਰ ਤਲਵਣ, ਸੁਨੀਤਾ ਫਿਲੌਰ, ਅਮਰੀਕ ਰੁੜਕਾ, ਗੁਰਜੀਤ ਜੀਤਾ, ਕੁਲਦੀਪ ਕੌੜਾ, ਰਾਮ ਨਾਥ, ਮਾ. ਮਲਕੀਤ ਸਿੰਘ, ਬਲਵਿੰਦਰ ਸਿੰਘ ਦੁਸਾਂਝ, ਸਰਪੰਚ ਰਜਿੰਦਰ ਕੁਮਾਰ, ਸਰਪੰਚ ਰਾਮ ਲੁਭਾਇਆ, ਬਨਾਰਸੀ ਘੁੜਕਾ, ਮਨਜੀਤ ਸੂਰਜਾ, ਬਲਜਿੰਦਰ ਬਿਲਗਾ, ਗਿਆਨ ਸਿੰਘ ਰੁੜਕਾ, ਮੱਖਣ ਸਿੰਘ ਰੁੜਕਾ ਆਦਿ ਵੀ ਹਾਜਰ ਸਨ। ਇਸ ਮੌਕੇ ਜਸਰਾਜ ਸਿੰਘ ਢੇਸੀ ਅਤੇ ਬੇਅੰਤ ਸਿੰਘ ਔਜਲਾ ਨੇ ਗੀਤ ਪੇਸ਼ ਕੀਤੇ।

## ਡੇਰਾ ਸੰਤ ਇੰਦਰ ਦਾਸ ਸ਼ੇਖੇ ਵਿਖੇ ਮਨਾਇਆ ਭਗਵਾਨ ਸ੍ਰੀ ਚੰਦਰ ਮਹਾਰਾਜ ਦਾ ਜਨਮ ਦਿਹਾੜਾ



**ਹੁਸ਼ਿਆਰਪੁਰ (ਓ ਪੀ ਰਾਣਾ)**- ਡੇਰਾ ਸੰਤ ਇੰਦਰ ਦਾਸ ਸ਼ੇਖੇ ਵਿਖੇ ਭਗਵਾਨ ਸ੍ਰੀ ਚੰਦਰ ਜੀ ਮਹਾਰਾਜ ਦਾ ਜਨਮ ਦਿਹਾੜਾ ਡੇਰੇ ਦੇ ਗੱਦੀਨਸ਼ੀਨ ਸੰਤ ਇੰਦਰ ਦਾਸ ਜਨਰਲ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਅਗਵਾਈ ਅਤੇ ਸੰਤ ਪ੍ਰਮੇਸ਼ਵਰੀ ਦਾਸ,ਬੀਬੀ ਪੂਜਾ ਰਾਣੀ ਦੇ ਪ੍ਰਬੰਧਾਂ ਹੇਠ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਪਹਿਲਾਂ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਰਾਗੀ ਜਥਿਆਂ ਵਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.)ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਜੀ ਬੋਹਣ,ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ, ਆਦਿ ਧਰਮ ਗੁਰੂ ਸੰਤ ਸਰਵਣ ਦਾਸ ਸਲੇਮਟਾਵਰੀ ਲੁਧਿਆਣਾ ਨੇ ਸੰਗਤਾਂ ਨੂੰ ਭਗਵਾਨ ਸ੍ਰੀ ਚੰਦਰ ਜੀ ਮਹਾਰਾਜ ਦੇ ਜੀਵਨ ਸਬੰਧੀ ਇਤਿਹਾਸ ਅਤੇ ਗੁਰਬਾਣੀ ਰਾਹੀਂ ਮੰਤਰ ਮੁਗਧ ਕੀਤਾ।

ਇਸ ਮੌਕੇ ਡੇਰਾ ਸੰਚਾਲਕ ਸੰਤ ਇੰਦਰ ਦਾਸ ਸ਼ੇਖੇ ਨੇ ਸਮੂਹ ਸੰਤਾਂ ਮਹਾਂਪੁਰਸ਼ਾਂ,ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸ਼ਖਸ਼ੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਸੇਵਾ ਮਿਸ਼ਨਰੀ ਗਾਇਕ ਕਮਲ ਤਲਣ ਨੇ ਨਿਭਾਈ। ਸੰਗਤਾਂ ਦੀ ਸੁਵਿਧਾ ਵਾਸਤੇ ਹੱਡੀਆਂ ਦਾ ਫ੍ਰੀ ਚੈਕਅੱਪ ਕੈਂਪ ਅਤੇ ਖੂਨਦਾਨ ਕੈਂਪ ਵੀ ਲਗਾਇਆ ਗਿਆ।

ਇਸ ਮੌਕੇ ਸੰਤ ਬਲਵੰਤ ਦਾਸ ਡੀਗਰੀਆਂ ਮੀਤ ਪ੍ਰਧਾਨ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ ,ਸੰਤ ਧਰਮਪਾਲ ਸ਼ੇਰਗੜ੍ਹ,ਸੰਤ ਮਨਜੀਤ ਦਾਸ ਵਿਛੋਹੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਮਨਜੀਤ ਦਾਸ ਚਲੇਟ ਹਿਮਾਚਲ,,ਸੰਤ ਬੀਬੀ ਕਮਲੇਸ਼ ਕੌਰ,ਸੰਤ ਸਰੂਪ ਦਾਸ ਬੋਹਾਨੀ, ਸੰਤ ਸਰੂਪ ਦਾਸ ਗਿਆਨੀ , ਸੰਤ ਨਰੇਸ਼ ਦਾਸ ਪਿਆਲਾਂ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ, ਸੰਤ ਪ੍ਰੇਮ ਦਾਸ ਭਗਾਣਾ, ਸੰਤ ਸ਼ਿਵ ਨਰਾਇਣ ਮਰਨਾਈਆਂ, ਹਲਕਾ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ,ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ, ਬਲਵਿੰਦਰ ਬਿੱਟੂ ਨੇ ਹਾਜਰੀ ਲਵਾਈ ।

# ਯਾਦਗਰੀ ਹੋ ਨਿੱਬੜਿਆ ਗੱਜਰ ਦਾ 161ਵਾਂ ਸਾਲਾਨਾ ਛਿੰਝ ਮੇਲਾ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਜੇਜੋ ਦੋਆਬਾ - ਗੜ੍ਹਸ਼ੰਕਰ ਮੁੱਖ ਮਾਰਗ 'ਤੇ ਸਥਿਤ ਪਿੰਡ ਗੱਜਰ ਵਿਖੇ 161ਵਾਂ ਸਾਲਾਨਾ ਛਿੰਝ ਮੇਲੇ ਮੌਕੇ ਸਭ ਤੋਂ ਪਹਿਲਾਂ ਬਾਬਾ ਜੀ ਦੇ ਸਥਾਨ 'ਤੇ ਪੂਜਾ ਅਰਚਨਾ ਕੀਤੀ ਗਈ ਉਪਰੰਤ ਪਹਿਲਵਾਨਾਂ ਦੀਆਂ ਕੁਸ਼ਤੀਆਂ ਸ਼ੁਰੂ ਹੋਈਆਂ। ਝੰਡੀ ਦੀ ਕੁਸ਼ਤੀ ਜੱਸਾ ਪੱਟੀ ਨੇ ਬਾਬਾ ਫਰੀਦ ਦੀਨਾ ਨਗਰ ਨੂੰ ਹਰਾ ਕੇ ਜਿੱਤੀ। ਇਹ ਕੁਸ਼ਤੀ ਭਜਨ ਸਾਬਕਾ ਸਰਪੰਚ, ਸੋਨੂ ਬੀਟਣ ਸਮੇਤ ਸਮੁੱਚੇ ਬੀਟਣ ਪਰਵਾਰ ਵੱਲੋਂ ਕਰਵਾਈ ਗਈ।

ਦੂਜੀ ਝੰਡੀ ਦੀ ਕੁਸ਼ਤੀ ਰੋਜੀ ਆਰ. ਸੀ. ਐਫ. ਅਤੇ ਮੌਲੀ ਕੋਕਾਟੇ (ਮਹਾਰਾਸ਼ਟਰ) ਵਿਚਕਾਰ ਹੋਈ। ਜੱਸੀ ਅਸਟ੍ਰੇਲੀਆ ਵੱਲੋਂ 1 ਲੱਖ ਅਤੇ ਹੋਰ ਸਾਥੀ ਵੱਲੋ ਗੁਪਤ ਦਾਨ ਦਿੱਤਾ ਗਿਆ। ਪਹਿਲਵਾਨਾਂ ਨਾਲ ਜਾਣ ਪਹਿਚਾਣ ਕਰਨ ਮੌਕੇ ਭਜਨ ਬੀਟਨ ਸਾਬਕਾ ਸਰਪੰਚ, ਚੰਚਲ ਕੁਮਾਰ ਸਾਬਕਾ ਸਰਪੰਚ, ਸੁਰਿੰਦਰ ਬਜਾੜ ਠੇਕੇਦਾਰ, ਅਸ਼ੋਕ ਬਜਾੜ, ਪ੍ਰੇਮ ਭਾਟੀਆ, ਰਾਮ ਪੰਚ, ਏ. ਐਸ. ਆਈ. ਬੂਟਾ ਰਾਮ ਭਾਟੀਆ, ਹੁਸਨ ਬਜਾੜ, ਲੰਬੜਦਾਰ ਅਨੁਰੋਧ ਸਿੰਘ, ਸਰਪੰਚ ਵਿਨੋਦ ਗੱਜਰ, ਬਿੰਦਰ ਏ. ਐੱਸ. ਆਈ., ਪੰਡਿਤ ਬਿੰਦੂ,ਗੋਰਾ ਪੰਡਤ, ਗੁਰਦੇਵ ਲਾਲਾ, ਅਸਵਨੀ ਲੱਡੂ, ਬੱਬੀ, ਜੁਗਿੰਦਰ ਸਾਬਕਾ ਸਰਪੰਚ, ਰਾਮਪਾਲ ਪੰਚ ਤਿਲਕ ਰਾਜ ਧੰਨੀ ਮੈਂਬਰ ਬਲਾਕ ਸੰਮਤੀ ਸਮੇਤ ਛਿੰਝ ਪ੍ਰਬੰਧਕ ਕਮੇਟੀ ਦੇ ਮੈਂਬਰ ਸਮੂਹ ਪਿੰਡ ਵਾਸੀ ਅਤੇ ਸਹਿਯੋਗੀ ਸੱਜਣ ਹਾਜਰ ਸਨ। ਝੰਡੀ ਦੀ ਤੀਜੀ ਕੁਸ਼ਤੀ ਠੇਕੇਦਾਰ ਸੁਰਿੰਦਰ ਬਜਾੜ ਵੱਲੋਂ, ਚੌਥੇ ਨੰਬਰ ਦੀ ਕੁਸਤੀ ਬਦਾਮਾਂ ਵਾਲਾ ਦੁੱਧ ਸਵਰਗੀ ਪਹਿਲਵਾਨ ਗੋਲਡੀ ਗੱਜਰ ਦੀ ਯਾਦ ਵਿੱਚ, ਪੰਜ ਨੰਬਰ ਝੰਡੀ ਦੀ ਕੁਸ਼ਤੀ ਸੁਰਿੰਦਰ ਭਾਟੀਆ ਹੁਸ਼ਿਆਰਪੁਰ ਵੱਲੋਂ, ਛੇ ਨੰਬਰ ਕੁਸ਼ਤੀ ਨਰਪਾਲ ਗੁੱਜਰ ਦਰੋਣਾਚਾਰੀਆ ਜਿੰਮ ਮਾਹਿਲਪੁਰ ਵੱਲੋਂ ਅਤੇ ਸੱਤ ਨੰਬਰ ਦੀ ਕੁਸ਼ਤੀ ਹੁਸਨ ਲਾਲ ਸਾਬਕਾ ਸਰਪੰਚ ਵੱਲੋਂ ਕਰਵਾਈ ਗਈ। ਜੱਸਾ ਪੱਟੀ, ਬਾਬਾ ਫਰੀਦ, ਘੋੜਾ ਮਾਮੂਪੁਰ, ਪਲਿੰਦਰ ਜਖੇਵਲ, ਸਿਕੰਦਰ ਮਹਾਂਰਾਸ਼ਟਰ ਮੁੱਲਾਪੁਰ, ਮੇਜਰ ਡੇਰਾ ਬਾਬਾ ਨਾਨਕ, ਨਵਜੋਤ ਗੱਜਰ, ਹੋਡੀ ਇਰਾਨੀ ਮੁੱਲਾਪੁਰ, ਰੋਜੀ ਆਰ ਸੀ ਐਫ ਕਪੂਰਥਲਾ, ਰਾਜੂ ਰਈਏਵਾਲ, ਪ੍ਰਦੀਪ ਜੀਰਕਪੁਰ, ਨਰਿੰਦਰ ਝੰਜੇੜੀ, ਰਿੰਕੂ ਹਾਜੀਪੁਰ, ਮਿਰਜਾ ਈਰਾਨ ਮੂਲਾਪੁਰ, ਗੋਪੀ ਲੀਲਾ, ਜੋਂਟੀ ਗੁੱਜਰ ਆਦਿ ਨਾਮਵਰ ਪਹਿਲਵਾਨਾਂ ਨੇ ਹਿੱਸਾ ਲਿਆ। ਅਸ਼ਵਨੀ ਮੱਲਦਾ, ਸਰਬਜੀਤ ਲੱਡੂ ਮੱਲਦਾ ਵੱਲੋਂ ਕੋਲਡ ਡਰਿੰਕਸ ਦੀ ਸੇਵਾ ਕੀਤੀ ਗਈ।

ਗੁਰੂ ਕਾ ਲੰਗਰ ਅਤੇ ਬਦਾਮਾਂ ਵਾਲਾ ਦੁੱਧ ਅਤੁੱਟ ਚੱਲਿਆ। ਆਕਾਸ਼ ਗੋਰਸੀ, ਸੰਨੀ ਬਜਾੜ, ਮਨਜੀਤ ਗੋਰਸੀ ਅਤੇ ਸਰਬਜੀਤ ਗੋਰਸੀ ਆਰਮੀ ਦੇ ਨੌਜਵਾਨਾਂ ਵੱਲੋਂ 41000 ਦਾ ਯੋਗਦਾਨ ਪਾਇਆ ਗਿਆ । ਇਸ ਛਿੰਝ ਮੇਲੇ ਵਿਚ ਸਵਰਗੀ ਗੁਰਮੇਲ ਬੀਟਨ ਅਤੇ ਸਵਰਗੀ ਪਹਿਲਵਾਨ ਗੋਲਡੀ ਨੂੰ ਵੀ ਵਿਸ਼ੇਸ਼ ਤੌਰ 'ਤੇ ਯਾਦ ਕੀਤਾ ਗਿਆ।

## ਹਿਮਾਲਿਆ ਸਕੂਲ ਮੁਜਾਫਤ ਦੇ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੱਬੀ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਡੀ.ਏ. ਵੀ. ਸਕੂਲ ਰੂਪਨਗਰ ਵਿਖੇ ਕਰਵਾਏ ਦੋ ਰੋਜ਼ਾ ਜ਼ਿਲ੍ਹਾ ਪੱਧਰੀ ਕਰਾਟੇ ਮੁਕਾਬਲਿਆਂ ਵਿੱਚ ਹਿਮਾਲਿਆ ਸੀਨੀਅਰ ਸੈਕੰਡਰੀ ਸਕੂਲ ਮੁਜਾਫਤ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਮਨਜਿੰਦਰ ਸਿੰਘ ਨੇ ਦੱਸਿਆ ਕਿ ਸਕੂਲ ਦੇ ਹੋਣਹਾਰ ਖਿਡਾਰੀਆਂ ਨੇ ਦੋ ਸੋਨ ਤਗਮੇ, 4 ਚਾਂਦੀ ਦੇ ਤਗਮੇ ਅਤੇ 6 ਕਾਂਸੀ ਦੇ ਤਗਮੇ ਜਿੱਤੇ । ਸਕੂਲ ਦੀਆਂ ਦੋ ਵਿਦਿਆਰਣਾਂ ਮਨਪ੍ਰੀਤ ਕੌਰ ਅਤੇ ਮਹਿਕਪ੍ਰੀਤ ਕੌਰ ਨੇ ਜ਼ਿਲ੍ਹੇ ਵਿੱਚੋਂ ਸੋਨ ਤਗਮੇ ਜਿੱਤ ਕੇ ਰਾਜ ਪੱਧਰੀ ਖੇਡ ਮੁਕਾਬਲਿਆਂ ਵਿੱਚ ਖੇਡਣ ਲਈ ਆਪਣਾ ਨਾਂਅ ਦਰਜ ਕਰਵਾਇਆ। ਇਸ ਦੌਰਾਨ ਮਹਿਕਪ੍ਰੀਤ ਕੌਰ, ਦਿਲਪ੍ਰੀਤ ਕੌਰ, ਰਤਿੰਦਰ ਦਾਸ, ਗੁਰਕਰਨ ਸਿੰਘ ਨੇ ਚਾਂਦੀ ਦੇ ਤਮਗੇ ਜਿੱਤੇ । ਇਸ ਤੋਂ ਇਲਾਵਾ ਮਨਜੋਤ ਕੌਰ, ਜੈਸਮੀਨ ਕੌਰ , ਅਮਨਪ੍ਰੀਤ ਕੌਰ, ਪਰਦੀਪ ਸਿੰਘ ,ਜਸਮੀਤ ਸਿੰਘ , ਸਰਬਜੀਤ ਸਿੰਘ ਨੇ ਕਾਂਸੀ ਦੇ ਤਗਮੇ ਜਿੱਤੇ। ਜੇਤੂ ਵਿਦਿਆਰਥੀਆਂ ਦਾ ਸਕੂਲ ਪੁੱਜਣ 'ਤੇ ਪ੍ਰਿੰਸੀਪਲ ਮਨਜਿੰਦਰ ਸਿੰਘ ਨੇ ਸਨਮਾਨ ਕਰਦੇ ਹੋਏ ਕੋਚ ਕੋਮਲਪ੍ਰੀਤ ਕੌਰ ਕੁੰਡਲਸ ਅਤੇ ਖਿਡਾਰੀਆਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਬੱਚਿਆਂ ਨੂੰ ਰਾਜ ਪੱਧਰ ਦੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ।

# ਐੱਨ ਆਰ ਆਈ ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ 5 ਜਨਵਰੀ ਨੂੰ : ਧਾਲੀਵਾਲ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਨੇ ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਕਰਾਉਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਹ ਚੋਣ 5 ਜਨਵਰੀ, 2024 ਨੂੰ ਕਰਵਾਈ ਜਾਵੇਗੀ। ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਲਈ 5 ਜਨਵਰੀ, 2024 ਦਾ ਦਿਨ ਨਿਰਧਾਰਤ ਕੀਤਾ ਗਿਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਦੀ ਐਨ.ਆਰ.ਆਈ. ਸਭਾ ਸੂਬੇ ਦੇ ਪ੍ਰਵਾਸੀ ਭਾਰਤੀਆਂ ਦੀ ਭਲਾਈ ਲਈ ਸੂਬਾ ਸਰਕਾਰ ਦੀ ਇੱਕ ਏਜੰਸੀ ਵਜੋਂ ਕੰਮ ਕਰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਭਾ ਦੇ ਪ੍ਰਧਾਨ ਦਾ ਕਾਰਜਕਾਲ ਮਾਰਚ, 2022 ਨੂੰ ਸਮਾਪਤ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਪ੍ਰਵਾਸੀ ਪੰਜਾਬੀ ਆਮ ਤੌਰ 'ਤੇ ਦਸੰਬਰ ਮਹੀਨੇ ਭਾਰਤ ਆਉਂਦੇ ਹਨ ਅਤੇ ਉਹ ਮਾਰਚ ਤੱਕ ਇੱਥੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਚੋਣ ਕਰਵਾਉਣ ਦਾ ਇਹ ਬਿਲਕੁੱਲ ਸਹੀ ਸਮਾਂ ਹੈ। ਧਾਲੀਵਾਲ ਨੇ ਦੱਸਿਆ ਕਿ ਐਨ.ਆਰ.ਆਈ. ਸਭਾ ਪੰਜਾਬ ਸਰਕਾਰ ਦੀ ਸਰਪ੍ਰਸਤੀ ਹੇਠ ਕੰਮ ਕਰਦੀ ਹੈ ਅਤੇ ਸਭਾ ਦਾ ਮੁੱਖ ਉਦੇਸ਼ ਪੰਜਾਬ ਦੇ ਪ੍ਰਵਾਸੀ ਭਾਰਤੀਆਂ ਦੀ ਭਲਾਈ ਅਤੇ ਹਿੱਤਾਂ ਲਈ ਕੰਮ ਕਰਨਾ ਹੈ। ਉਨ੍ਹਾਂ ਕਿਹਾ ਕਿ ਐਨ.ਆਰ.ਆਈ. ਸਭਾ ਪੰਜਾਬ ਦਾ ਮੁੱਖ ਉਦੇਸ਼ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ, ਉਨ੍ਹਾਂ ਦੇ ਹੱਕਾਂ ਅਤੇ ਜਾਇਦਾਦਾਂ ਦੀ ਰਾਖੀ ਕਰਨਾ ਹੈ। ਵਰਣਨਯੋਗ ਹੈ ਕਿ ਐਨ.ਆਰ.ਆਈ. ਸਭਾ ਪੰਜਾਬ ਇੱਕ ਸੁਸਾਇਟੀ ਹੈ ਜੋ ਪੰਜਾਬ ਸਰਕਾਰ ਦੀ ਪ੍ਰਵਾਨਗੀ ਨਾਲ ਸੁਸਾਇਟੀਜ਼ ਰਜਿਸਟ੍ਰੇਸ਼ਨ ਐਕਟ 1860 ਤਹਿਤ ਰਜਿਸਟਰਡ ਹੈ ਅਤੇ ਮੁੱਖ ਮੰਤਰੀ ਪੰਜਾਬ ਇਸ ਸਭਾ ਦੇ ਚੀਫ਼ ਪੈਟਰਨ ਹਨ। ਉਨ੍ਹਾਂ ਕਿਹਾ ਕਿ ਕਮਿਸ਼ਨਰ ਜਲੰਧਰ ਡਵੀਜ਼ਨ, ਸਭਾ ਦੇ ਚੇਅਰਮੈਨ ਹਨ ਜਦਕਿ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰ ਐਨ.ਆਰ.ਆਈ. ਸਭਾ ਦੀਆਂ ਜ਼ਿਲ੍ਹਾ ਇਕਾਈਆਂ ਦੇ ਚੇਅਰਮੈਨ ਹਨ।